# ॥ਭਗਤੁ ਸਤਿਗੁਰੁ ਹਮਾਰਾ॥

## ਜਸਵੰਤ ਸਿੰਘ ਜ਼ਫ਼ਰ



*Original with;*
Jaswant Singh Zafar
*Digitized by;*
Panjab Digital Library

ਜਿਸ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਕਤੀਸ਼ਾਲੀ ਲਹਿਰ ਵਿਚ ਤਬਦੀਲ ਕੀਤਾ, ਕਬੀਰ ਜੀ, ਨਾਮਦੇਵ ਜੀ ਅਤੇ ਰਵਿਦਾਸ ਜੀ ਨੂੰ ਉਸ ਪਰੰਪਰਾ ਦੇ ਮਹੱਤਵਪੂਰਨ ਮੀਲ ਪੱਥਰ ਤਸਲੀਮ ਕੀਤਾ ਗਿਆ। ਇਕ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਨੇ ਕਬੀਰ ਜੀ, ਸੈਨ ਜੀ, ਨਾਮਦੇਵ ਜੀ, ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹੋਏ ਇਹਨਾਂ ਨੂੰ ਆਪਣੇ ਪ੍ਰੇਰਨਾ ਸਰੋਤ ਮੰਨਿਆਂ ਹੈ। ਇਸ ਤੋਂ ਵੀ ਵਧਕੇ, ਇਹਨਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਿਆਂ ਹੈ ਅਤੇ ਖੁਦ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਆਖਿਆ ਹੈ:

ਭਲੋ ਕਬੀਰੁ ਦਾਸੁ ਦਾਸਨ ਕੋ
ਊਤਮੁ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ
ਇਹੁ ਮਨੁ ਸੰਤ ਰੇਨਾਈ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ
ਨਾਨਕ ਮਿਲੇ ਗੁਸਾਈ॥ (1207, ਮ.5)

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ॥ਭਗਤੁਸਤਿਗੁਰੂਹਮਾਰਾ॥



*Original with;*
Jaswant Singh Zafar
*Digitized by;*
Panjab Digital Library

| | | | |
|---|---|---|---|
| 1993 | ਕਵਿਤਾ | ‡ | ਦੋ ਸਾਹਾਂ ਵਿਚਕਾਰ |
| 2001 | ਕਵਿਤਾ | ‡ | ਅਸੀਂ ਨਾਨਕ ਦੇ ਕੀ ਲਗਦੇ ਹਾਂ |
| 2008 | ਨਿਬੰਧ | ‡ | ਸਿਖੁ ਸੁ ਖੋਜਿ ਲਹੈ |
| 2010 | ਕਵਿਤਾ | ‡ | ਇਹ ਬੰਦਾ ਕੀ ਹੁੰਦਾ |
| 2015 | ਨਿਬੰਧ | ‡ | ਮੈਨੂੰ ਇਉਂ ਲੱਗਿਆ |
| 2016 | ਕਵਿਤਾ | ‡ | ਲਫ਼ਜ਼ਾਂ ਦਾ ਪਰਲਾ ਪੱਤਣ/ The Other Shore of Words |
| 2019 | ਕਵਿਤਾ | ‡ | ਪਿਆਰੇ ਆਓ ਘਰੇ |
| 2019 | ਨਾਟਕ | ‡ | ਬੁੱਢਾ ਦਰਿਆ |
| 2021 | ਨਿਬੰਧ | ‡ | ਨਾਨਕ ਏਵੈ ਜਾਣੀਐ |
| 2021 | ਕਵਿਤਾ | ‡ | ਜੀਤੀ ਜਾਗਤੀ ਬਾਤ |

*Original with;*
Jaswant Singh Zafar
*Digitized by;*
Panjab Digital Library

# ਭਗਤੁ ਸਤਿਗੁਰੂ ਹਮਾਰਾ

ਲਿਖਤੁਮ:
**ਜਸਵੰਤ ਸਿੰਘ ਜ਼ਫ਼ਰ**

ਚਿਤਰ ਲੇਖਨ:
**ਸਿਧਾਰਥ**

*Original with;*
Jaswant Singh Zafar
*Digitized by;*
Panjab Digital Library

# Bhagat Satguru Hamara

(Essays)

By

**Jaswant Singh Zafar©**

28, Basant Vihar, Jawaddi, Ludhiana, Punjab-141013 India

email: jaszafar@yahoo.com, Ph. +918054004977

Paintings & Sketches:

Sidharth©

Design & Layout by

Preetinder Singh Bajwa at

plough arts

**ISBN : 978-93-5112-175-6**

Rs.795/-

**First Edition : 2016**

**Second Edition : 2022**

*Printed and Bound In India*

*Published by*

***A Group of***

**Chetna Parkashan**

PUNJABI BHAWAN, LUDHIANA (Pb.) INDIA

**KOTKAPURA | CANADA | USA**

**Gulati Publishers Ltd**

**# 111, 8312-128 Street Surrey B.C. - V3T2Z1**

**CANADA Ph : +1 604-750-0189**

Ph. 0161-2413613, 2404928, (M) 98152-98459, 98762-07774

Ph.: 95011-45039

Website: www.chetnaparkashan.com

E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

*Original with;*
Jaswant Singh Zafar
*Digitized by;*
Panjab Digital Library

**follow us on : www.facebook.com/ChetnaParkashan**

**follow us on : Instagram / Chetna_Parkashan**

ਪਿਤਾ
ਜਥੇਦਾਰ ਗੁਰਪਾਲ ਸਿੰਘ ਜੀ
ਲਈ

*Original with;*
Jaswant Singh Zafar
*Digitized by;*
Panjab Digital Library



॥ ਮਤਿਹੋਦੀਹੋਇਇਆਣਾ ॥ ਤਾਣਹੋਦੇਹੋਇਨਿਤਾਣਾ ॥
ਅਣਹੋਦੇਆਪੁਵੰਡਾਏ ॥ ਕੋਐਸਾਭਗਤੁਸਦਾਏ ॥

(ਫ਼ਰੀਦ ਜੀ)

*Original with;*
Jaswant Singh Zafar
*Digitized by;*
Panjab Digital Library

## ਤਰਤੀਬ


2 ॥ ਅੰਮ੍ਰਿਤ ਬਾਣੀ ਭਗਤ ਜਨਾ ਕੀ ॥

18 ॥ ਆਜੁ ਮਿਲਾਵਾ ਸੇਖ ਫਰੀਦ ॥

40 ॥ ਸਧਨਾ ਜੀ ਦਾ ਸਤਿਸੰਗ ॥

46 ॥ ਜੈਦੇਵ ਜੀ: ਬ੍ਰਾਹਮਣੁ ਬ੍ਰਹਮੁ ਬੀਚਾਰੈ ॥

56 ॥ ਨਾਮਦੇਵ ਜੀ: ਸਤਿਗੁਰ ਬੁਧਿ ਸਿਖਲਾਈ ॥

68 ॥ ਕਹੈ ਤਿਲੋਚਨੁ ਮੀਤ ॥

76 ॥ ਰਾਮਾਨੰਦ ਜੀ: ਸਤਿਗੁਰੁ ਹੋਇ ਲਖਾਵੈ ॥

84 ॥ ਕਹਿ ਰਵਿਦਾਸ ਨਿਦਾਨਿ ਦਿਵਾਨੇ ॥

98 ॥ ਕਹੁ ਕਬੀਰ ਜਨ ਭਏ ਖਾਲਸੇ ॥

114 ॥ ਸੈਣ ਜੀ: ਮੰਗਲਾ ਹਰਿ ਮੰਗਲਾ ॥

120 ॥ ਧੰਨਾ ਜੀ: ਬਾਣੀ ਜਾਂ ਕਹਾਣੀ ॥

128 ॥ ਪੀਪਾ ਜੀ: ਕਾਇਆ ਦਾ ਸੁਖ਼ਨ ॥

136 ॥ ਬੇਣੀ ਕਹੈ ਸੁਨਹੁ ਰੇ ਭਗਤਹੁ ॥

144 ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ॥

152 ॥ ਪਰਮਾਨੰਦ ਜੀ: ਹਰਿ ਮਾਰਗੁ ਸਾਧੂ ਦਸਿਆ ॥

162 ॥ ਸੂਰਦਾਸ: ਜਿਨ ਮੁਖਿ ਲੋਇਣ ਨਾਹਿ ॥



*Original with;*
Jaswant Singh Zafar
*Digitized by;*
Panjab Digital Library



॥ ਸਤਿਸੰਗ ॥

॥ ਸੁਬਹ ਸਵੇਰੇ ਅਮ੍ਰਿਤ ਵੇਲੇ ਸੁਖਮਣੀ ਸੁਖ ਵਰਸਾਇਆ।
ਨਾਨਕ ਘਰ ਆਇਆ ਪਿਤਾ ਨੇ ਬੋਲ ਸੁਣਾਇਆ।
ਮਾਂ ਰੇੜਕਾ ਪਾਇਆ ਬਾਲ ਜਗਾਇਆ।
ਸਤਿਸੰਗ ਰਚਾਇਆ । ਉੱਠੋ ਸੁੱਤਿਆ ਸੁਰਤ ਕਰੋ।
ਬਾਬਾ ਘਰ ਆਇਆ। ਆਇਆ ਜੈਦੇਵ ਫਰੀਦਾ
ਰਾਮਾਨੰਦ ਦਾ ਟੋਲਾ ਆਇਆ । ਸਤਿ ਸੰਗ ਰਚਾਇਆ।
ਹਰ ਦਿਨ ਸੁਬਹ ਸਵੇਰੇ ਸਬਦ ਗਾਇਆ।

ਬਾਬਾ ਘਰ ਆਇਆ ॥

ਸੰਧਿਆ ਵੇਲੇ ਕਥਾ ਚਲਾਈ। ਫਿਰੀ ਲੋਕਾਈ।
ਤ੍ਰਿਲੋਕ ਵਿਖਾਈ। ਸਤਿਸੰਗ ਸਜਣਾ ਸੰਗ ਕੀਤਾ
ਭੂਤ ਪ੍ਰੇਤ ਚੜੇਲ ਫਿਰਾਈ । ਚੰਗੇ ਮੰਦੇ ਭਾਗ
ਨਿਭਾਗੇ ਕਇਆ ਮਲ ਭਖ ਖਾਈ । ਕਈ ਤਾ
ਨਿਤਰੇ ਕੌੜੇ ਰਾਕਸ਼ ਕਈਆ ਆਪਣੀ ਹਾਟ ਚਲਾਈ।

ਵਿਚ ਵਿਚਾਲੇ ਕਾਰੋਬਾਰ ਠਾਹ ਠਾਹ ਸੋਮਵਾਰ ਮੰਗਲਵਾਰ
ਬੱਧਵਾਰ ਵਰਿਵਾਰ ਸ਼ੁੱਕਰ ਸ਼ਨਿਚਰ ਵੇਲੜ ਐਤਵਾਰ॥
ਆਪ ਪਿਤਾ ਬਣ ਨਾ ਕੁਝ ਸੁਣਿਆ ਨਾ ਸਬਦ ਸੁਣਾਇਆ।

ਚਲ ਸੋ ਚਲ। ਕਾਰੋਬਾਰ ਚਲਾਇਆ ॥

*Original with;*
Jaswant Singh Zafar
*Digitized by;*
Panjab Digital Library

ਸੱਠਵੇਂ ਲਗਤੇ ਮੁੜ ਘਰ ਸਾਜਨ ਪਿਆਰੇ ਆਏ ਸੰਗਤ ਆਈ ਨਾਨਕ ਕਾ ਸੁਰ ਲਾਗਾ ਧੁਰ ਕੋ ਮਰਦਾਨੇ ਕੀ ਰਬਾਬ ਨੇ ਸੁਰਤ ਲਗਾਈ। ਰਾਮਾਨੰਦ ਕਾ ਟੋਲਾ ਆਇਆ । ਪੀਪਾ ਤ੍ਰਿਲੋਚਨ ਭਗਤ ਪਧਾਰੇ ਫਰੀਦ ਬਾਬੇ ਨੇ ਕਥਾ ਸੁਣਾਈ। ਸਧਨੇ ਫਕੀਰ ਨੇ ਗਾਵਨ ਗਾਇਆ ਜੈਦੇਵ ਨੇ ਹੇਕ ਲਗਾਈ। ਕਬੀਰ ਜੀ ਕੀ ਬਾਜੀ ਖੱਡੀ। ਨਾਮਦੇਵ ਨੇ ਕਰੀ ਛਪਾਈ।

ਰੰਗ ਬਰੰਗੀ ਬਾਤ ਚਲਾਈ।

ਪਰਮਾਨੰਦ ਪਰਮ ਪੁਰਖ ਕਾ ਬੇਟਾ ਭੀਖਣ ਅਲਖ ਜਗਾਈ। ਧੰਨੇ ਜੱਟ ਨੇ ਕੀਆ ਆਰਤਾ ਚੰਦ ਤਾਰੇ ਧਰਤੀ ਫਿਰਾਈ। ਸੈਣ ਨਾਈ ਨੇ ਤੁਣਕਾ ਮਾਰਾ ਬੇਣੀ ਕਰੀ ਵਡਿਆਈ। ਰਵੀਦਾਸ ਨੇ ਗੀਤ ਸੁਣਾਇਆ । ਸੁਨਿਹਰੀ ਤਿਲੇ ਕੀ ਕਰੀ ਕਢਾਈ। ਸੁੰਦਰ ਜੋੜਾ ਤਿਆਰ ਕੀਆ ਫਿਰ ਪੇਸ਼ ਕੀਆ ਪ੍ਰਮੇਸ਼ਵਰ ਕੋ।

ਸਭਨੀ ਦੀ ਵਧਾਈ।

ਐਸਾ ਹੱੜਦੰਗ ਮਾਚਾ ਮੇਰੇ ਸਤਿਗੁਰ ਕੈਸੀ ਪ੍ਰੇਮ ਲੀਲਾ ਰਚਾਈ। ਖੋਜਤ ਖੋਜਤ ਸੂਰਦਾਸ ਭੀ ਪਹੁਚਾ । ਨਾਨਕ ਬਾਬਾ ਦੁਕਾਨ ਲਗਾਈ। ਤੇਰਾ ਤੇਰਾ ਤੂੰ ਹੀ ਤੂੰ ਕਾ ਰਾਗ ਅਲਾਪਾ । ਗੁਰਪਰਸਾਦ ਕੀ ਕਰੀ ਕਮਾਈ॥ ਏਕ ਏਕ ਪਕੜ ਬੈਠਾਇਆ। ਸਭਨਾ ਕੀ ਤਸਵੀਰ ਬਨਾਈ॥

ਸਿਧਾਰਥ

੧੩ ੦੬ ੨੦੧੬

*Original with;*
Jaswant Singh Zafar
*Digitized by;*
Panjab Digital Library

॥ਧਨੁਧਨੁਸਤਪੁਰਖੁਸਤਿਗੁਰੂਹਮਾਰਾ
ਜਿਤੁਮਿਲਿਐਹਮਕਉਸਾਂਤਿਆਈ॥
ਧਨੁਧਨੁਸਤਪੁਰਖੁਸਤਿਗੁਰੂਹਮਾਰਾ
ਜਿਤੁਮਿਲਿਐਹਮਹਰਿਭਗਤਿਪਾਈ॥
ਧਨੁਧਨੁਹਰਿਭਗਤੁਸਤਿਗੁਰੂਹਮਾਰਾ
ਜਿਸਕੀਸੇਵਾਤੇਹਮਹਰਿਨਾਮਿਲਿਵਲਾਈ॥
ਧਨੁਧਨੁਹਰਿਗਿਆਨੀਸਤਿਗੁਰੂਹਮਾਰਾ
ਜਿਨਿਵੈਰੀਮਿਤ੍ਰੁਹਮਕਉਸਭਸਮਦ੍ਰਿਸਟਿਦਿਖਾਈ॥
ਧਨੁਧਨੁਸਤਿਗੁਰੂਮਿਤ੍ਰੁਹਮਾਰਾ
ਜਿਨਿਹਰਿਨਾਮਸਿਉਹਮਾਰੀਪ੍ਰੀਤਿਬਣਾਈ॥

ਗੁਰੂਅਮਰਦਾਸਜੀ

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

॥ ਅੰਮ੍ਰਿਤ ਬਾਣੀ ਭਗਤ ਜਨਾ ਕੀ ॥



*Original with;*
Jaswant Singh Zafar
*Digitized by;*
Panjab Digital Library



ਪੰਜਾਬ ਦੀ ਧਰਤੀ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਕਾਰਨਾ, ਘਟਨਾਵਾਂ ਜਾਂ ਗੱਲਾਂ ਕਰਕੇ ਜਾਣੀ ਜਾਂਦੀ ਰਹੀ ਹੈ। ਪਰ ਇਸ ਧਰਤੀ ਬਾਰੇ ਜੋ ਗੱਲ ਸਭ ਤੋਂ ਵਿਸ਼ੇਸ਼ ਲੱਗਦੀ ਹੈ ਉਹ ਇਹ ਹੈ ਕਿ ਚਿਰ ਕਾਲ ਤੋਂ ਇਸ ਖਿੱਤੇ ਵਿਚ ਸ਼ਬਦ ਦਾ ਪਹਿਰਾ ਰਿਹਾ। ਇਹ ਖਿੱਤਾ ਗਿਆਨ, ਚਿੰਤਨ ਅਤੇ ਸਾਹਿਤ ਸਾਧਨਾ ਦਾ ਮੁਢਲਾ ਸਥਾਨ ਸੀ। ਇਥੇ ਕਦੀ ਸੰਸਾਰ ਦੇ ਸਭ ਤੋਂ ਪੁਰਾਤਨ ਗਰੰਥ ਦੇ ਰੂਪ ਵਿਚ ਜਾਂ ਆਦਿ ਸਾਹਿਤ ਦੇ ਰੂਪ ਵਿਚ ਵੇਦ ਦੀ ਰਚਨਾ ਹੋਈ:

***ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ॥***
***ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥*** *(432, ਮ.1)*

***ਚਾਰੇ ਵੇਦ ਹੋਏ ਸਚਿਆਰ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥*** *(470, ਮ.1)*

ਪੰਜਾਬ ਦੀ ਧਰਤੀ ਉਤੇ ਹੀ ਆਦਿ ਗਰੰਥ ਸਾਹਿਬ ਦੀ ਸੰਪਾਦਨਾ ਹੋਈ। ਇਹ ਇਸ ਧਰਤੀ ਦੇ ਇਤਿਹਾਸ ਦੀ ਸਭ ਤੋਂ ਵੱਡੀ ਅਤੇ ਮਹੱਤਵਪੂਰਨ ਘਟਨਾ ਹੈ। ਇਸ ਕਾਰਜ ਨੂੰ ਅੰਜਾਮ ਭਾਵੇਂ ਗੁਰੂ ਅਰਜਨ ਸਾਹਿਬ ਨੇ ਦਿੱਤਾ ਪਰ ਇਸ ਦੀ ਤਿਆਰੀ ਗੁਰੂ ਨਾਨਕ ਦੀ ਪਹਿਲੀ ਉਦਾਸੀ ਨਾਲ ਸ਼ੁਰੂ ਹੋ ਗਈ ਸੀ ਜੋ ਉਹਨਾਂ 28 ਸਾਲ ਦੀ ਉਮਰ ਵਿਚ ਪੰਜਾਬ ਤੋਂ ਆਰੰਭੀ ਸੀ। ਪੰਜਾਬ ਤੋਂ ਚਾਰਾਂ ਦਿਸ਼ਾਵਾਂ ਵਿਚ ਕੀਤੀਆਂ ਚਾਰ ਲੰਮੀਆਂ ਯਾਤਰਾਵਾਂ ਭਾਵ ਉਦਾਸੀਆਂ ਦੌਰਾਨ ਨੌਜਵਾਨ ਗੁਰੂ ਨਾਨਕ ਨੇ ਦੂਰ-ਦੂਰ ਤੱਕ ਇਲਮ ਦੇ ਕੇਂਦਰਾਂ 'ਤੇ ਜਾ ਕੇ ਵੱਖ-ਵੱਖ ਪੀਰਾਂ, ਰਹਿਬਰਾਂ, ਭਗਤਾਂ ਦੀ ਬਾਣੀ ਬੜੇ ਸਿਰੜ ਨਾਲ ਲੱਭੀ, ਇਕੱਠੀ ਕੀਤੀ ਅਤੇ ਬਹੁਤ ਪਿਆਰ ਨਾਲ ਸੰਭਾਲੀ। ਨਾਲ-ਨਾਲ ਆਪਣੇ ਵਲੋਂ ਵੀ ਬਾਣੀ ਦੀ ਰਚਨਾ ਕੀਤੀ। ਬਾਬਾ ਅਮਰਦਾਸ ਜੀ ਨੇ ਬਾਣੀ ਦੀ ਇਸ ਖੋਜ-ਭਾਲ ਅਤੇ ਹਾਸਲ ਨੂੰ ਸੱਚ ਦੀ ਪ੍ਰਾਪਤੀ ਕਿਹਾ। ਇਸ ਬਾਣੀ ਨੂੰ ਨਿਰੰਕਾਰ ਕਿਹਾ:

***ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ॥***
***ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ॥***
***ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥***
***ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥*** *(514, ਮ.3)*

ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਨੂੰ ਕਾਸ਼ੀ ਨੇ ਖਿੱਚ ਪਾਈ। ਕਾਸ਼ੀ ਗਿਆਨ, ਚਿੰਤਨ ਅਤੇ ਸ਼ਾਇਰੀ ਦਾ ਵੱਡਾ ਕੇਂਦਰ ਹੋਇਆ ਕਰਦਾ ਸੀ। ਇਥੋਂ ਗੁਰੂ ਨਾਨਕ ਨੂੰ ਉਹਨਾਂ ਤੋਂ ਇਕ ਸਦੀ ਪਹਿਲਾਂ ਹੋਏ ਸੁਆਮੀ

*Original with:*
Jaswant Singh Zafar
*Digitized by;*
Panjab Digital Library

ਰਾਮਾਨੰਦ ਅਤੇ ਵੱਖ-ਵੱਖ ਜਾਤਾਂ ਅਤੇ ਵਰਗਾਂ ਨਾਲ ਸਬੰਧਤ ਉਹਨਾਂ ਦੇ ਪੰਜ ਪੈਰੋਕਾਰਾਂ ਭਾਵ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ, ਸੈਨ ਜੀ ਅਤੇ ਧੰਨਾ ਜੀ ਦੀ ਬਾਣੀ ਦੀ ਸੌਗਾਤ ਮਿਲੀ। ਪੂਜਾ ਦੀ ਇਕ ਵਿਸ਼ੇਸ਼ ਵਿਧੀ, ਜਿਸ ਨੂੰ ਅਸੀਂ ਆਰਤੀ ਕਰਕੇ ਜਾਣਦੇ ਹਾਂ, ਓਸ ਦੇ ਹਵਾਲੇ ਨਾਲ ਇਹਨਾਂ ਪੰਜਾਂ ਗੁਰਭਾਈਆਂ ਨੇ ਇਕ-ਇਕ ਸ਼ਬਦ ਦੀ ਰਚਨਾ ਕੀਤੀ ਹੋਈ ਹੈ। ਇਹਨਾਂ ਬਾਣੀਕਾਰਾਂ ਦੇ ਆਰਤੀ ਸਬੰਧੀ ਸ਼ਬਦਾਂ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰ ਰੋਜ਼ ਸ਼ਾਮ ਨੂੰ ਹੋਣ ਵਾਲੀ ਸ਼ਬਦ ਚੌਂਕੀ ਦੌਰਾਨ ਗਾਇਨ ਕਰਨ ਦੀ ਬੜੀ ਪਿਆਰੀ ਰਵਾਇਤ ਹੈ। ਕਬੀਰ ਜੀ ਦਾ ਸ਼ਬਦ ਪ੍ਰਭਾਤੀ ਰਾਗ ਵਿਚ ਹੈ:

***ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥***
***ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥*** *(1350, ਕਬੀਰ ਜੀ)*

ਬਾਕੀ ਚਾਰਾਂ; ਭਾਵ ਸੈਨ ਜੀ, ਰਵਿਦਾਸ ਜੀ, ਪੀਪਾ ਜੀ ਅਤੇ ਧੰਨਾ ਜੀ ਦੇ ਸ਼ਬਦ ਧਨਾਸਰੀ ਰਾਗ ਵਿਚ ਹਨ:

***ਧੂਪ ਦੀਪ ਘ੍ਰਿਤ ਸਾਜਿ ਆਰਤੀ ॥***
***ਵਾਰਨੇ ਜਾਉ ਕਮਲਾ ਪਤੀ ॥*** *(695, ਸੈਣ ਜੀ)*

ਰਵਿਦਾਸ ਜੀ ਨੇ ਨਾਮ ਜਾਂ ਭਗਤੀ ਨੂੰ ਆਰਤੀ ਕਿਹਾ:

***ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥***
***ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥*** *(694, ਰਵਿਦਾਸ ਜੀ)*

ਪੀਪਾ ਜੀ ਨੇ ਮਨੁੱਖੀ ਦੇਹੀ ਨੂੰ ਆਰਤੀ ਦੀ ਸਾਰੀ ਸਮੱਗਰੀ ਕਿਹਾ:

***ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥***
***ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥*** *(695, ਪੀਪਾ ਜੀ)*

ਧੰਨਾ ਜੀ ਨੇ ਆਰਤੀ ਨੂੰ ਵਿਸਥਾਰ ਕੇ ਆਰਤਾ ਕਿਹਾ ਅਤੇ ਇਸ ਨੂੰ ਸਭ ਦੀ ਖੁਸ਼ਹਾਲੀ ਲਈ ਸਮੂਹਿਕ ਪ੍ਰਾਰਥਨਾ ਬਣਾ ਦਿੱਤਾ:

***ਗੋਪਾਲ ਤੇਰਾ ਆਰਤਾ ॥***
***ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥*** *(695, ਧੰਨਾ ਜੀ)*

ਇਹਨਾਂ ਦੀ ਲਗਾਤਾਰਤਾ ਵਿਚ ਗੁਰੂ ਨਾਨਕ ਨੇ ਸਮੁੱਚੇ ਬ੍ਰਹਿਮੰਡ ਵਲੋਂ ਈਸ਼ਵਰ ਦੀ ਨਿਰੰਤਰ ਹੋ ਰਹੀ ਆਰਤੀ ਸਬੰਧੀ ਸ਼ਾਹਕਾਰ ਰਚਨਾ ਕੀਤੀ। ਇਹ ਸ਼ਬਦ ਵੀ ਧਨਾਸਰੀ ਰਾਗ ਵਿਚ ਹੀ ਹੈ। ਇਸ ਪ੍ਰਥਾਏ ਰਵਿੰਦਰ ਨਾਥ ਟੈਗੋਰ ਜੀ ਦੀ ਟਿੱਪਣੀ ਬਹੁਤ ਦਿਲਚਸਪ ਹੈ। ਅਸੀਂ ਜਾਣਦੇ ਹਾਂ ਕਿ ਰਵਿੰਦਰ ਨਾਥ ਟੈਗੋਰ ਜੀ ਦੀ ਇਕ ਰਚਨਾ ਭਾਰਤ ਦਾ ਰਾਸ਼ਟਰੀ ਗਾਨ ਬਣੀ। ਉਹਨਾਂ ਕਦੀ ਬੰਗਲਾ ਤਰਾਨਾ ਵੀ ਲਿਖਿਆ ਸੀ। ਜਦੋਂ ਬੰਗਲਾ ਦੇਸ਼ ਬਣਿਆਂ ਤਾਂ ਇਸ ਬੰਗਲਾ ਤਰਾਨੇ ਨੂੰ ਬੰਗਲਾ ਦੇਸ਼ ਦਾ ਰਾਸ਼ਟਰੀ ਗਾਨ ਹੋਣ ਦਾ ਰੁਤਬਾ ਮਿਲਿਆ। ਇਸ ਤੋਂ ਪਹਿਲਾਂ ਦੋ ਦੇਸ਼ਾਂ ਦੇ ਨੈਸ਼ਨਲ ਐਂਥਮ ਲਿਖਣ ਵਾਲੇ ਕਵੀ ਟੈਗੋਰ ਨੂੰ ਕਦੀ ਕਿਸੇ ਨੇ ਕਿਹਾ ਸੀ,"ਗੁਰੂਦੇਵ, ਤੁਹਾਨੂੰ ਯੁਨੀਵਰਸਲ ਐਂਥਮ ਭਾਵ ਬ੍ਰਹਿਮੰਡੀ ਤਰਾਨਾ ਲਿਖਣਾ ਚਾਹੀਦਾ ਹੈ" ਤਾਂ ਟੈਗੋਰ ਦਾ ਜੁਆਬ ਸੀ,"ਮੈਂ ਕੀ ਲਿਖਾਂਗਾ, ਬ੍ਰਹਿਮੰਡੀ ਤਰਾਨਾ ਜਾਂ ਯੂਨੀਵਰਸਲ ਐਂਥਮ। ਇਹ ਤਾਂ ਬਹੁਤ ਸਮਾਂ ਪਹਿਲਾਂ ਗੁਰੂ ਨਾਨਕ ਲਿਖ ਚੁੱਕੇ ਹਨ":

*Original with;*
Jaswant Singh Zafar
*Digitized by;*
Panjab Digital Library



Origi[illegible]
Jaswa[illegible]
Digit[illegible]
Panjab Digital Library

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥***
***ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥***
***ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥*** *(13, ਮ.1)*

ਕਾਸ਼ੀ ਤੋਂ ਬਾਅਦ ਗੁਰੂ ਨਾਨਕ ਗਯਾ, ਆਸਾਮ ਅਤੇ ਬਰਮਾ ਤੋਂ ਹੁੰਦੇ ਹੋਏ ਜਗਨ ਨਾਥ ਪੁਰੀ ਪਹੁੰਚੇ। ਆਰਤੀ ਦੇ ਇਸ ਸ਼ਬਦ ਵੀ ਰਚਨਾ ਵੀ ਪੁਰੀ ਦੇ ਜਗਨ ਨਾਥ ਮੰਦਰ ਦੇ ਬਾਹਰ ਹੋਈ ਮੰਨੀ ਜਾਂਦੀ ਹੈ। ਇਸ ਜਗਨ ਨਾਥ ਮੰਦਰ ਵਿਖੇ ਭਗਤ ਜੈਦੇਵ ਦੀ ਰਚਨਾ ਗੀਤ ਗੋਵਿੰਦ ਦਾ ਗਾਇਨ ਹੁੰਦਾ ਹੈ। ਗੁਰੂ ਨਾਨਕ ਨੇ ਉਹਨਾਂ ਤੋਂ ਪੌਣੇ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਭਗਤ ਜੈਦੇਵ ਦੀ ਬਾਣੀ ਬੰਗਾਲ ਜਾਂ ਪੁਰੀ ਦੇ ਇਸ ਇਲਾਕੇ ਵਿਚੋਂ ਉਹਨਾਂ ਦੇ ਵੰਸ਼ਜਾਂ ਜਾ ਸ਼ਰਧਾਲੂਆਂ ਤੋਂ ਪ੍ਰਾਪਤ ਕੀਤੀ।

ਦੂਸਰੀ ਉਦਾਸੀ ਦੌਰਾਨ ਗੁਰੂ ਨਾਨਕ ਲੰਕਾ ਵੱਲ ਜਾਣ ਸਮੇਂ ਮਹਾਰਾਸ਼ਟਰ ਵਿਚੋਂ ਗੁਜ਼ਰੇ। ਇਸ ਯਾਤਰਾ ਦੌਰਾਨ ਉਹਨਾਂ ਮਹਾਰਾਸ਼ਟਰ ਵਾਸੀ ਤ੍ਰੈਲੋਚਨ ਜੀ ਅਤੇ ਪਰਮਾਨੰਦ ਜੀ ਦੀ ਬਾਣੀ ਹਾਸਲ ਕੀਤੀ। ਭਗਤ ਨਾਮਦੇਵ ਜੀ ਦਾ ਮੂਲ ਸਬੰਧ ਵੀ ਮਹਾਰਾਸ਼ਟਰ ਨਾਲ ਸੀ ਪਰ ਜੀਵਨ ਦੇ ਮਗਰਲੇ ਸਮੇਂ ਉਹ ਪੰਜਾਬ ਵਿਚ ਹੀ ਵਿਚਰੇ ਸਨ। ਸੋ ਇਸ ਗੱਲ ਦੀ ਵਧੇਰੇ ਸੰਭਾਵਨਾ ਹੈ ਕਿ ਉਹਨਾਂ ਦੀ ਬਾਣੀ ਗੁਰੂ ਨਾਨਕ ਨੂੰ ਪੰਜਾਬ ਵਿਚੋਂ ਹੀ ਮਿਲ ਗਈ ਹੋਵੇ।

ਤੀਸਰੀ ਉਦਾਸੀ ਦੌਰਾਨ ਗੁਰੂ ਨਾਨਕ ਆਪਣੇ ਤੋਂ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਪੰਜਾਬੀ ਦੇ ਮੋਢੀ ਸ਼ਾਇਰ ਬਾਬਾ ਫ਼ਰੀਦ ਦੀ ਬਾਣੀ ਹਾਸਿਲ ਕਰਨ ਲਈ ਅਯੋਧਨ ਗਏ। ਅਜੋਧਨ ਅੱਜ-ਕੱਲ੍ਹ ਪਾਕ ਪਟਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਚੌਥੀ ਉਦਾਸੀ ਸਮੇਂ ਗੁਰੂ ਨਾਨਕ ਸਿੰਧ ਦੇ ਰਸਤੇ ਤੋਂ ਮੱਕੇ ਗਏ। ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਗੁਰੂ ਨਾਨਕ ਤੋਂ ਤਿੰਨ ਸਦੀਆਂ ਪਹਿਲਾਂ ਸਿੰਧ ਵਿਚ ਪੈਦਾ ਹੋਏ ਭਗਤ ਸਧਨਾ ਜੀ ਦੀ ਬਾਣੀ ਇਸ ਉਦਾਸੀ ਦੌਰਾਨ ਪ੍ਰਾਪਤ ਕੀਤੀ ਗਈ। ਉਂਝ ਭਗਤ ਸਧਨਾ ਜੀ ਨਾਲ ਸਬੰਧਤ ਕਈ ਸਥਾਨ ਪੰਜਾਬ 'ਚ ਵੀ ਹਨ, ਜਿਹਨਾਂ ਤੋਂ ਜ਼ਾਹਿਰ ਹੈ ਕਿ ਉਹ ਪੰਜਾਬ ਵਿਚ ਵੀ ਵਿਚਰੇ ਸਨ। ਇਸ ਲਈ ਉਹਨਾਂ ਦੀ ਬਾਣੀ ਗੁਰੂ ਨਾਨਕ ਨੂੰ ਪੰਜਾਬ ਵਿਚੋਂ ਵੀ ਮਿਲੀ ਹੋ ਸਕਦੀ ਹੈ। ਭਗਤ ਬੇਣੀ ਜੀ ਦੀ ਬਾਣੀ ਵੀ ਗੁਰੂ ਨਾਨਕ ਪਾਸ ਮੌਜੂਦ ਸੀ, ਇਸ ਦਾ ਸਬੂਤ ਨਾਨਕ ਬਾਣੀ 'ਚੋਂ ਸਹਿਜੇ ਹੀ ਮਿਲ ਜਾਂਦਾ ਹੈ।

ਇਹਨਾਂ ਉਦਾਸੀਆਂ ਦੌਰਾਨ ਭਾਈ ਮਰਦਾਨਾ ਜੀ ਗੁਰੂ ਨਾਨਕ ਦੇ ਸਭ ਤੋਂ ਕਰੀਬੀ ਸੱਜਣ ਪਿਆਰੇ ਦੇ ਤੌਰ 'ਤੇ ਉਹਨਾਂ ਦੇ ਅੰਗ-ਸੰਗ ਰਹੇ। ਉਹਨਾਂ ਵੀ ਕੁਝ ਬਾਣੀ ਦੀ ਰਚਨਾ ਕੀਤੀ। ਉਹਨਾਂ ਦੇ ਚਲਾਣੇ ਮਗਰੋਂ ਉਹਨਾਂ ਦੀ ਬਾਣੀ ਨੂੰ ਵੀ ਗੁਰੂ ਨਾਨਕ ਨੇ ਬਹੁਤ ਆਦਰ ਮਾਣ ਨਾਲ ਸੰਭਾਲਿਆ। ਇਸ ਤਰ੍ਹਾਂ ਗੁਰੂ ਨਾਨਕ ਨੇ ਲੰਮੀਆਂ ਪੈਦਲ ਯਾਤਰਾਵਾਂ ਕਰਕੇ ਬਹੁਤ ਮਿਹਨਤ ਨਾਲ ਬਾਣੀ ਨੂੰ ਇਕੱਤਰ ਕੀਤਾ ਅਤੇ ਸਾਂਭਿਆ। ਦੂਸਰੇ ਗੁਰੂ ਸਾਹਿਬਾਨ ਨੇ ਵੀ ਉਸ ਬਾਣੀ ਪ੍ਰਤੀ ਬਹੁਤ ਗਹਿਰੇ ਆਦਰ ਸਤਿਕਾਰ ਦਾ ਪ੍ਰਗਟਾਵਾ ਕੀਤਾ। ਗੁਰੂ ਰਾਮਦਾਸ ਜੀ ਨੇ ਭਗਤਾਂ ਦੀ ਇਸ ਬਾਣੀ ਨੂੰ ਅੰਮ੍ਰਿਤ ਕਿਹਾ:

***ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ***
***ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥*** *(538, ਮ.4)*

ਇਸ ਬਾਣੀ ਅੰਦਰ ਜੋ ਲਫ਼ਜ਼ ਵਾਰ-ਵਾਰ ਵਰਤੇ ਗਏ ਹਨ ਉਹ ਸਿੱਖੀ ਦੀ ਪਛਾਣ ਦੇ ਸ਼ਬਦ ਬਣ ਗਏ ਹਨ, ਜਿਵੇਂ ਅੰਮ੍ਰਿਤ, ਗੁਰੂ, ਗੁਰਮਤਿ, ਗੁਰਮੁਖ ਆਦਿ। ਸ੍ਰੀ ਆਦਿ ਗਰੰਥ ਵਿਚ ਸਮੂਹ ਰਚਨਾਕਾਰਾਂ ਦੀ ਬਾਣੀ ਨੂੰ ਦੇਖੀਏ ਤਾਂ 'ਅੰਮ੍ਰਿਤ' ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ ਜੈਦੇਵ ਜੀ ਦੀ ਬਾਣੀ ਵਿਚ ਹੋਈ:

***ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥*** *(526, ਜੈਦੇਵ ਜੀ)*

*Original with;*
Jaswant Singh Zafar
*Digitized by;*
Panjab Digital Library




ਸ੍ਰੀ ਆਦਿ ਗਰੰਥ ਸਾਹਿਬ ਦੀ ਬਾਣੀ ਵਿਚ ਗੁਰੂ ਦੀ ਬਹੁਤ ਮਹਿਮਾ ਹੈ। ਸਮੂਹ ਬਾਣੀਕਾਰਾਂ ਵਿਚੋਂ 'ਗੁਰੂ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਫ਼ਰੀਦ ਜੀ ਨੇ ਕੀਤੀ:

> **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**
> **ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ ॥** *(488, ਫ਼ਰੀਦ ਜੀ)*

ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਦੀ ਇਸ ਵਿਚਾਰਧਾਰਾ ਨੂੰ ਸਭ ਤੋਂ ਪਹਿਲਾਂ ਨਾਮਦੇਵ ਜੀ ਨੇ 'ਗੁਰਮਤਿ' ਕਿਹਾ ਸੀ:

> **ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥**

*Original with:*
Jaswant Singh Zafar
*Digitized by;*
Panjab Digital Library

***ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥*** *(718, ਨਾਮਦੇਵ ਜੀ)*

***ਗੁਰਮਤਿ ਰਾਮ ਨਾਮ ਗਹੁ ਮੀਤਾ ॥***
***ਪ੍ਰਣਵੈ ਨਾਮਾ ਇਉ ਕਹੈ ਗੀਤਾ ॥*** *(874, ਨਾਮਦੇਵ ਜੀ)*

ਗੁਰਮਤਿ ਨੂੰ ਅਪਨਾਉਣ ਵਾਲੇ ਵਿਅਕਤੀ ਨੂੰ ਸਭ ਤੋਂ ਪਹਿਲਾਂ ਕਬੀਰ ਜੀ ਨੇ 'ਗੁਰਮੁਖ' ਕਿਹਾ ਸੀ:

***ਜਾ ਕਉ ਗੁਰਮੁਖਿ ਆਪਿ ਬੁਝਾਈ ॥***
***ਤਾ ਕੇ ਹਿਰਦੈ ਰਹਿਆ ਸਮਾਈ ॥*** *(655, ਕਬੀਰ ਜੀ)*

***ਐਸਾ ਜੋਗੁ ਕਮਾਵਹੁ ਜੋਗੀ ॥***
***ਜਪ ਤਪ ਸੰਜਮੁ ਗੁਰਮੁਖਿ ਭੋਗੀ ॥*** *(970, ਕਬੀਰ ਜੀ)*

ਗੁਰੂ ਅਤੇ ਸਿੱਖ ਦੇ ਰਿਸ਼ਤੇ ਦੀ ਗੱਲ ਵੀ ਸਭ ਤੋਂ ਪਹਿਲਾਂ ਕਬੀਰ ਜੀ ਨੇ ਹੀ ਕੀਤੀ:

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*** *(1372, ਕਬੀਰ ਜੀ)*

ਇਸ ਤਰ੍ਹਾਂ ਗੁਰੂ ਨਾਨਕ ਨੇ ਭਾਰਤ ਦੇ ਧੁਰ ਪੂਰਬ ਤੋਂ ਲੈ ਕੇ ਏਸ਼ੀਆ ਦੇ ਧੁਰ ਪੱਛਮ ਤੱਕ ਅਤੇ ਭਾਰਤ ਦੇ ਧੁਰ ਉੱਤਰ ਤੋਂ ਲੈ ਕੇ ਏਸ਼ੀਆ ਦੇ ਧੁਰ ਦੱਖਣ ਤੱਕ ਵਿਚਰਦਿਆਂ ਇਸ ਭੂਖੰਡ ਉਪਰ ਪਿਛਲੀਆਂ ਤਿੰਨ ਸਦੀਆਂ ਦੌਰਾਨ ਰਚੇ ਗਏ ਗੁਰਮਤਿ ਕਾਵਿ ਅਤੇ ਗੁਰਮਤਿ ਗਿਆਨ ਨੂੰ ਇਕੱਠਾ ਕਰਕੇ ਪੰਜਾਬ ਨੂੰ ਇਸ ਦਾ ਮਿਲਣ ਬਿੰਦੂ ਬਣਾ ਦਿੱਤਾ। ਇਕੱਠੀ ਕੀਤੀ ਇਸ ਬਾਣੀ ਨਾਲ ਆਪਣੀ ਬਾਣੀ ਵੀ ਸ਼ਾਮਲ ਕਰਕੇ ਇਸ ਨੂੰ ਵਿਸਥਾਰਨ, ਪ੍ਰਚਾਰਨ ਅਤੇ ਪ੍ਰਸਾਰਨ ਲਈ ਇਹ ਬਾਣੀ ਪੋਥੀ ਸਾਹਿਬ ਦੇ ਰੂਪ ਵਿਚ ਅਗਲੀ ਪੀੜ੍ਹੀ ਨੂੰ ਸੌਂਪ ਦਿੱਤੀ। ਗੁਰੂ ਨਾਨਕ ਇਸ ਬਾਣੀ ਦੀ ਵਿਚਾਰਧਾਰਾ ਦੀ ਰੌਸ਼ਨੀ ਵਿਚ ਸਚਿਆਰੇ ਮਨੁੱਖ ਅਤੇ ਹੱਕ, ਸੱਚ ਤੇ ਬਰਾਬਰੀ ਦੇ ਬੋਲਬਾਲੇ ਵਾਲੇ ਸਮਾਜ ਦੀ ਸਿਰਜਣਾ ਕਰਨਾ ਲੋਚਦੇ ਸਨ। ਇਸ ਬਾਣੀ ਦੀ ਗੂੰਜ ਨਾਲ ਆਪ ਲੋਕਾਈ ਨੂੰ ਜਾਗ੍ਰਿਤ ਕਰਨਾ ਚਾਹੁੰਦੇ ਸਨ। ਇਕ ਪਰਮਾਤਮਾ ਦੀ ਸਰਬ ਵਿਆਪਕਤਾ ਦੇ ਸਿਧਾਂਤ ਨੂੰ ਦ੍ਰਿੜ ਕਰਵਾ ਕੇ ਸਭ ਨੂੰ ਮੁਹੱਬਤ ਭਰੀ ਏਕਤਾ ਵਿਚ ਬੰਨ੍ਹਣਾ ਚਾਹੁੰਦੇ ਸਨ:

***ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥***
***ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥*** *(844, ਮ.1)*

ਭਗਤ ਨਾਮਦੇਵ ਜੀ ਅਤੇ ਭਗਤ ਕਬੀਰ ਜੀ ਇਸ ਵਿਚਾਰਧਾਰਾ ਨੂੰ ਗੁਰਮਤਿ ਮਾਰਗ ਜਾਂ ਗੁਰਮਤਿ ਵਿਚਾਰਧਾਰਾ ਦਾ ਨਾਮ ਦੇ ਚੁੱਕੇ ਸਨ। ਅਜਿਹੀ ਵਿਚਾਰਧਾਰਾ ਨੂੰ ਅਪਨਾਉਣ ਵਾਲਿਆਂ ਨੂੰ ਕਬੀਰ ਸਾਹਿਬ ਨੇ ਗੁਰਮੁਖ ਕਿਹਾ ਸੀ। ਇਸ ਗੁਰਮਤਿ ਵਿਚਾਰਧਾਰਾ ਦੇ ਮੋਢੀ ਸਿਧਾਂਤਕਾਰ ਮੁੱਖ ਤੌਰ 'ਤੇ ਕਿਰਤੀ ਸ਼੍ਰੇਣੀ ਨਾਲ ਸਬੰਧਤ ਸਨ। ਇਹਨਾਂ ਵਿਚੋਂ ਕਈ ਬਾਣੀਕਾਰ ਜਿਵੇਂ ਜੈਦੇਵ, ਨਾਮਦੇਵ, ਕਬੀਰ, ਰਵਿਦਾਸ, ਸੈਨ ਜੀ ਆਦਿ ਆਪੋ-ਆਪਣੇ ਕਿੱਤੇ ਵਿਚ ਬਹੁਤ ਪ੍ਰਵੀਨ ਸਨ ਅਤੇ ਜੋ ਆਪਣੀ ਪੇਸ਼ਾਵਰਾਨਾ ਮੁਹਾਰਤ ਕਾਰਣ ਵੀ ਦੂਰ-ਦੂਰ ਤੱਕ ਪ੍ਰਸਿਧ ਸਨ। ਬਹੁਤੇ ਸਮਾਜਿਕ ਤੌਰ 'ਤੇ ਪਿਛੜੇ ਜਾਂ ਪਿਛਾੜੇ ਹੋਏ ਵਰਗਾਂ ਦੇ ਲੋਕ ਸਨ। ਦੂਜੇ ਪਾਸੇ ਦੋਨਾਂ ਸਥਾਪਿਤ ਧਰਮਾਂ ਦੇ ਸਥਾਨਾਂ ਅਤੇ ਸੰਸਥਾਨਾਂ ਉੱਤੇ ਮੁੱਖ ਤੌਰ 'ਤੇ ਉੱਚ ਸ਼੍ਰੇਣੀਆਂ ਦੇ ਲੋਕਾਂ ਦਾ ਕਬਜ਼ਾ ਸੀ। ਗੁਰਮਤਿ ਦੇ ਇਹਨਾਂ ਸਿਧਾਂਤਕਾਰ ਕਵੀਆਂ ਨੇ ਸਥਾਪਿਤ ਧਰਮਾਂ ਦੇ ਪਾਖੰਡਾਂ ਅਤੇ ਝਮੇਲਿਆਂ ਨੂੰ ਰੱਦ ਕਰਦਿਆਂ ਹੋਇਆਂ ਇਨ੍ਹਾਂ ਦੀ ਇਜ਼ਾਰੇਦਾਰੀ ਨੂੰ ਚੈਲਿੰਜ ਕੀਤਾ ਅਤੇ ਦੋਵਾਂ ਤੋਂ ਸੁਤੰਤਰ ਮਨੁੱਖ ਦਾ ਮਾਡਲ ਪੇਸ਼ ਕੀਤਾ। ਭਗਤ ਕਵੀਆਂ ਨੇ ਜਿਸ ਤਰ੍ਹਾਂ ਦੇ ਸੁਤੰਤਰ ਮਨੁੱਖ ਦਾ ਸੁਪਨਾ ਲਿਆ ਓਹੋ ਜਿਹਾ ਜੀਵਨ ਜੀਵਿਆ। ਉਹਨਾਂ ਵਿਅਕਤੀਗਤ ਤੌਰ 'ਤੇ ਧਰਮ ਦੇ ਠੇਕੇਦਾਰਾਂ ਅਤੇ ਸਥਾਪਿਤ ਸੰਸਥਾਨਾਂ ਨਾਲ ਪੂਰੀ ਸ਼ਕਤੀ

Original with:
Jaswant Singh Zafar
Digitized by;
Panjab Digital Library

ਨਾਲ ਲੋਹਾ ਲਿਆ। ਪਰ ਆਮ ਲੋਕਾਂ ਦੇ ਮਨਾਂ ਤੋਂ ਧਰਮ-ਸੱਤਾ ਅਤੇ ਰਾਜ-ਸੱਤਾ ਦਾ ਜਮੂਦ ਪ੍ਰਭਾਵਸ਼ਾਲੀ ਪੱਧਰ ਤੱਕ ਨਾ ਟੁੱਟ ਸਕਿਆ। ਜਾਂ ਕਹਿ ਲਈਏ ਕਿ ਗੁਰੂ ਨਾਨਕ ਤੋਂ ਪਹਿਲਾਂ ਗੁਰਮਤਿ ਵਿਚਾਰਧਾਰਾ ਨੂੰ ਸਮਾਜਿਕ ਪਰਿਵਰਤਨ ਦੀ ਕਿਸੇ ਲੰਮੀ-ਚੌੜੀ ਲਹਿਰ ਵਿਚ ਰੁਪਾਂਤ੍ਰਿਤ ਨਹੀਂ ਸੀ ਕੀਤਾ ਜਾ ਸਕਿਆ। ਗੁਰੂ ਨਾਨਕ ਸਾਹਿਬ ਨੇ ਇਸ ਗੁਰਮਤਿ ਵਿਚਾਰਧਾਰਾ ਦੇ ਆਧਾਰਤ ਨਵੇਂ ਅਤੇ ਸੁਤੰਤਰ ਮਨੁੱਖਾਂ ਦੇ ਸਮਾਜ ਦੀ ਸਿਰਜਨਾ ਦਾ ਕਾਰਜ ਆਰੰਭਦੇ ਹੋਏ ਸਿੱਖ ਲਹਿਰ ਖੜ੍ਹੀ ਕੀਤੀ। ਸਿੱਖ ਵਿਚਾਰਧਾਰਾ ਨੂੰ ਗੁਰਮਤਿ ਵਿਚਾਰਧਾਰਾ ਦੇ ਸਮਅਰਥੀ ਬਣਾ ਦਿੱਤਾ। ਗੁਰਸਿੱਖਾਂ ਲਈ ਗੁਰਮੁਖ ਹੋਣਾ ਲਾਜ਼ਮੀ ਕਰਾਰ ਦੇ ਦਿੱਤਾ। ਇਸ ਲਹਿਰ ਦੀ ਨਿਰੰਤਰਤਾ ਬਣਾਈ ਰੱਖਣ ਲਈ ਗੁਰਿਆਈ ਦੀ ਰੀਤ ਚਲਾਈ। ਇਸ ਲਹਿਰ ਦੇ ਉਦੇਸ਼ ਪ੍ਰਤੀ ਦ੍ਰਿੜ੍ਹਤਾ ਪ੍ਰਗਟਾਉਂਦਿਆਂ ਗੁਰੂ ਨਾਨਕ ਦੇ ਉਤਰਾਧਿਕਾਰੀ ਗੁਰੂਆਂ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ 'ਨਾਨਕ' ਹੀ ਲਿਖਿਆ। ਇਸ ਲਹਿਰ ਦੀ ਲਗਾਤਾਰਤਾ ਬਾਰੇ ਭੱਟ ਗਯੰਦ ਜੀ ਦਾ ਕਥਨ ਹੈ:

**ਗੁਰੂ ਨਾਨਕ ਤੋਂ ਪਹਿਲਾਂ ਗੁਰਮਤਿ ਵਿਚਾਰਧਾਰਾ ਨੂੰ ਸਮਾਜਿਕ ਪਰਿਵਰਤਨ ਦੀ ਕਿਸੇ ਲੰਮੀ-ਚੌੜੀ ਲਹਿਰ ਵਿਚ ਰੁਪਾਂਤ੍ਰਿਤ ਨਹੀਂ ਸੀ ਕੀਤਾ ਜਾ ਸਕਿਆ। ਗੁਰੂ ਨਾਨਕ ਸਾਹਿਬ ਨੇ ਇਸ ਗੁਰਮਤਿ ਵਿਚਾਰਧਾਰਾ ਦੇ ਆਧਾਰਤ ਨਵੇਂ ਅਤੇ ਸੁਤੰਤਰ ਮਨੁੱਖਾਂ ਦੇ ਸਮਾਜ ਦੀ ਸਿਰਜਨਾ ਦਾ ਕਾਰਜ ਆਰੰਭਦੇ ਹੋਏ ਸਿੱਖ ਲਹਿਰ ਖੜ੍ਹੀ ਕੀਤੀ।**

***ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥***
***ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥***
***ਲਹਣੈ ਪੰਥੁ ਧਰਮ ਕਾ ਕੀਆ ॥***
***ਅਮਰਦਾਸ ਭਲੇ ਕਉ ਦੀਆ ॥***
***ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪਉ ॥***
***ਹਰਿ ਕਾ ਨਾਮੁ ਅਖੈ ਨਿਧਿ ਅਪਉ ॥*** *(1401, ਗਯੰਦ)*

ਅਸੀਂ ਕਹਿੰਦੇ ਹਾਂ ਕਿ ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਗੁਰਗੱਦੀ ਬਖਸ਼ੀ। ਇਹ ਗੁਰਗੱਦੀ ਕੀ ਚੀਜ਼ ਸੀ ਜੋ ਗੁਰੂ ਸਾਹਿਬਾਨ ਆਪਣੇ ਤੋਂ ਅਗਲੇ ਗੁਰੂ ਨੂੰ ਬਖਸ਼ਦੇ ਰਹੇ? ਕੀ ਇਹ ਕਿਸੇ ਡੇਰੇ ਦੀ ਜ਼ਮੀਨ ਜਾਂ ਇਮਾਰਤ ਦੀ ਸੌਂਪਣਾ ਹੁੰਦੀ ਸੀ, ਜਾਂ ਕੋਈ ਸਿੰਘਾਸਣ, ਤਖਤਪੋਸ਼ ਜਾਂ ਕੋਈ ਪੋਲੀ ਜਿਹੀ ਗੱਦੀ ਹੁੰਦੀ ਸੀ? ਅਜਿਹਾ ਕੁਛ ਵੀ ਨਹੀਂ ਸੀ। ਗੱਦੀ, ਤਖਤਪੋਸ਼ ਜਾਂ ਡੇਰਾ ਤਾਂ ਦੂਰ ਦੀ ਗੱਲ, ਗੁਰੂ ਪੀੜ੍ਹੀ ਬਦਲਣ ਨਾਲ ਅਕਸਰ ਗੁਰੂ ਟਿਕਾਣੇ ਵਾਲੇ ਨਗਰ ਵੀ ਬਦਲ ਜਾਂਦੇ ਰਹੇ। ਨਵੇਂ ਨਗਰ ਵਸਦੇ ਰਹੇ। ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਗੁਰਗੱਦੀ ਕਰਤਾਰਪੁਰ ਵਿਖੇ ਬਖਸ਼ੀ ਪਰ ਗੁਰੂ ਅੰਗਦ ਸਾਹਿਬ ਦਾ ਮੁੱਖ ਟਿਕਾਣਾ ਖਡੂਰ ਸਾਹਿਬ ਬਣਿਆਂ। ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਟਿਕੇ। ਗੁਰੂ ਰਾਮ ਦਾਸ ਜੀ ਨਵੇਂ ਨਗਰ ਚੱਕ ਰਾਮ ਦਾਸ (ਅੰਮ੍ਰਿਤਸਰ) ਵਿਖੇ ਆ ਗਏ। ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਨੇ ਕੀਰਤਪੁਰ ਸਾਹਿਬ ਨੂੰ ਆਪਣਾ ਟਿਕਾਣਾ ਬਣਾਇਆ। ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਸਾਹਿਬ ਨੂੰ ਗੁਰੂ-ਕੇਂਦਰ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਦਾ ਕਾਫੀ ਸਮਾਂ ਪਾਉਂਟਾ ਸਾਹਿਬ ਵਿਖੇ ਬੀਤਿਆ ਅਤੇ ਮਗਰਲੇ ਸਮੇਂ ਨੰਦੇੜ ਚਲੇ ਗਏ। ਕਹਿਣ ਤੋਂ ਭਾਵ ਇਹ ਹੈ ਕਿ ਗੁਰਗੱਦੀ ਕਿਸੇ ਸਿੰਘਾਸਨ, ਪਲੰਘ, ਡੇਰੇ ਜਾਂ ਜਾਇਦਾਦ ਨਾਲ ਤਾਂ ਕੀ, ਇਕ ਸ਼ਹਿਰ ਜਾਂ ਇਲਾਕੇ ਨਾਲ ਵੀ ਨਹੀਂ ਸੀ ਜੁੜੀ ਹੋਈ। ਫਿਰ ਉਹ ਕੀ ਸੀ ਜੋ ਗੁਰੂ ਨਾਨਕ ਸਾਹਿਬ ਭਾਈ ਲਹਿਣੇ ਨੂੰ ਸੌਂਪ ਕੇ ਉਨਾਂ ਨੂੰ ਗੁਰੂ ਅੰਗਦ ਬਣਾਉਂਦੇ ਹਨ? ਅਸਲ ਵਿਚ ਗੁਰਗੱਦੀ ਕੋਈ ਵਸਤੂ ਨਹੀਂ ਸੀ। ਇਹ ਤਾਂ ਇਕ ਭਾਵ ਸੀ, ਸਿਧਾਂਤ ਸੀ, ਜ਼ਿੰਮੇਵਾਰੀ ਸੀ। ਇਸ ਲਈ ਗੁਰਗੱਦੀ ਵਰਗੇ ਵਸਤੂਵਾਚਕ ਨਾਮ ਦੀ ਬਜਾਏ ਭਾਵਵਾਚਕ ਨਾਮ ਗੁਰਿਆਈ ਵਰਤਣਾ ਵਧੇਰੇ ਉਚਿਤ ਹੈ। ਇਹ ਗੁਰਿਆਈ ਸੀ ਗੁਰਮਤਿ ਸਿਧਾਂਤ ਦਾ ਦਸਤਾਵੇਜ਼ੀ ਰੂਪ ਪੋਥੀ ਸਾਹਿਬ ਦੀ ਬਾਣੀ, ਭਾਵ ਗੁਰੂ ਨਾਨਕ ਦੀ

*Original with;*
Jaswant Singh Zafar
*Digitized by;*
Panjab Digital Library



ਆਪਣੀ ਅਤੇ ਉਨ੍ਹਾਂ ਤੋਂ ਪਹਿਲਾਂ ਹੋਏ ਨਾਮਦੇਵ ਜੀ, ਰਵਿਦਾਸ ਜੀ, ਕਬੀਰ ਜੀ ਅਤੇ ਹੋਰ ਬਾਣੀਕਾਰਾਂ ਦੀ ਬਾਣੀ ਦੇ ਰੂਪ ਵਿੱਚ ਪ੍ਰਗਟ ਹੋਈ ਵਿਚਾਰਧਾਰਾ, ਜਿਸਦੀ ਰੌਸ਼ਨੀ ਵਿਚ ਨਵੇਂ ਮਨੁੱਖ ਦੀ ਸਿਰਜਣਾ ਕਰਨਾ ਗੁਰੂ ਨਾਨਕ ਦਾ ਲਕਸ਼ ਸੀ।

ਜਿਸ ਤਰ੍ਹਾਂ ਗੁਰੂ ਨਾਨਕ ਨੇ ਗੁਰਮਤਿ ਵਿਚਾਰਧਾਰਾ ਦੇ ਸੋਮਿਆਂ ਦੀ ਪਛਾਣ ਕਰਕੇ ਵੱਖ-ਵੱਖ ਭਗਤਾਂ ਦੀ ਬਾਣੀ ਦੇ ਰੂਪ ਵਿਚ ਇਸ ਨੂੰ ਇਕੱਠਾ ਕੀਤਾ, ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਵੀ ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦੇ ਇਨ੍ਹਾਂ ਸੋਮਿਆਂ ਦੀ ਭਾਲ਼-ਟੋਲ਼ ਜਾਰੀ ਰੱਖੀ ਅਤੇ ਖੁਦ ਬਾਣੀ ਰਚ ਕੇ ਇਸ ਵਿਚਾਰਧਾਰਾ ਨੂੰ ਵਿਸਥਾਰਿਆ ਅਤੇ ਪ੍ਰਸਾਰਿਆ। ਗੁਰੂ ਅੰਗਦ ਸਾਹਿਬ ਨੇ ਇਸ ਅੰਮ੍ਰਿਤ ਬਾਣੀ ਨੂੰ ਗਿਆਨ ਧਿਆਨ 'ਚੋਂ ਉਪਜੀ ਕਿਹਾ। ਇਸ ਦੇ ਰਚਨਹਾਰਿਆਂ ਅਤੇ ਮੰਨਣਹਾਰਿਆਂ ਦੋਵਾਂ ਨੂੰ ਗੁਰਮੁਖ ਲਿਖਿਆ:

***ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥***
***ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥*** *(1243, ਮ.2)*

ਗੁਰੂ ਅਮਰਦਾਸ ਜੀ ਨੇ ਇਸ ਅੰਮ੍ਰਿਤ ਬਾਣੀ ਪ੍ਰਤੀ ਬੇਹੱਦ ਬਲਿਹਾਰਤਾ ਦਾ ਪ੍ਰਗਟਾਵਾ ਕੀਤਾ:

***ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥***
***ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥*** *(118, ਮ.3)*

ਗੁਰੂ ਰਾਮਦਾਸ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਸਾਹਿਬ ਨੂੰ ਸੌਂਪਣ ਤੋਂ ਪਹਿਲਾਂ ਗੁਰੂ ਅਤੇ ਬਾਣੀ ਨੂੰ ਸਮਅਰਥੀ ਕਰ ਦਿੱਤਾ। ਇਹ ਵੀ ਸਪੱਸ਼ਟ ਕਰ ਦਿੱਤਾ ਕਿ ਇਸ ਬਾਣੀ ਦੇ ਸਿਧਾਂਤ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ:

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥***
***ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*** *(982, ਮ.4)*

Original with;
Jaswant Singh Zafar
Digitized by;
Panjab Digital Library

ਗੁਰੂ ਅਰਜਨ ਨੇ ਇਸ ਪੋਥੀ ਸਾਹਿਬ ਨੂੰ ਪਰਮਾਤਮਾ ਦਾ ਨਿਵਾਸ ਸਥਾਨ ਮੰਨਿਆਂ, ਭਾਵ ਇਸ ਬਾਣੀ ਨੂੰ ਜਾਂ ਇਸ ਗਿਆਨ-ਵਿਚਾਰ ਨੂੰ ਹੀ ਈਸ਼ਵਰ ਕਿਹਾ:

***ਪੋਥੀ ਪਰਮੇਸਰ ਕਾ ਥਾਨੁ ॥***
***ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥*** *(1226, ਮ.5)*

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਵਲੋਂ ਵਿਚਾਰਧਾਰਕ ਵਿਰਾਸਤ ਵਜੋਂ ਸੰਭਾਲੀ ਭਗਤਾਂ ਦੀ ਬਾਣੀ ਵਾਲੀ 'ਪੋਥੀ ਸਾਹਿਬ' ਹੋਰ ਭਗਤਾਂ ਅਤੇ ਅਗਲੇ ਗੁਰੂਆਂ ਦੀ ਬਾਣੀ ਦੇ ਲਗਾਤਾਰ ਵਾਧਿਆਂ ਸਹਿਤ ਗੁਰੂ ਅੰਗਦ ਤੋਂ ਗੁਰੂ ਅਮਰਦਾਸ, ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਅਤੇ ਫਿਰ ਗੁਰੂ ਅਰਜਨ ਸਾਹਿਬ ਤੱਕ ਪਹੁੰਚੀ। ਗੁਰੂ ਅਰਜਨ ਸਾਹਿਬ 'ਤੇ ਪਹੁੰਚ ਕੇ ਇਸ ਨੇ ਆਦਿ ਗਰੰਥ ਸਾਹਿਬ ਦਾ ਰੂਪ ਧਾਰ ਕੇ ਗੁਰਮਤਿ ਵਿਚਾਰਧਾਰਾ ਦਾ ਵਿਸਤ੍ਰਿਤ ਆਕਾਰ ਅਤੇ ਵਿਸਥਾਰ ਗ੍ਰਹਿਣ ਕੀਤਾ। ਆਦਿ ਗਰੰਥ ਸਾਹਿਬ ਦੀ ਆਰੰਭਤਾ ਮੂਲ਼ ਮੰਤਰ ਨਾਲ ਹੋਈ, ਮੂਲ ਮੰਤਰ ਦੀ ਆਰੰਭਤਾ ੧ੴ ਨਾਲ ਹੋਈ, ਉਸ ੧ੴ ਨਾਲ ਜੋ ਏਕੇ ਨਾਲ ਸ਼ੁਰੂ ਹੁੰਦਾ ਹੈ। ਇਹ ਏਕਾ ਸਮੁੱਚੀ ਸ੍ਰਿਸ਼ਟੀ ਦੇ ਇਕ ਆਰਡਰ ਜਾਂ ਹੁਕਮ ਵਿਚ ਬੱਝੇ ਹੋਣ ਦਾ ਸੂਚਕ ਹੈ:

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਗੁਰੂ ਗੋਬਿੰਦ ਸਿੰਘ ਤੱਕ ਪਹੁੰਚ ਕੇ ਆਦਿ ਗਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਸ਼ਾਮਿਲ ਹੋਈ। ਅੰਤ ਗੁਰਿਆਈ ਤੇ ਗੁਰੂ ਅਭੇਦ ਹੋ ਗਏ। ਗੁਰਮਤਿ ਜਾਂ ਸਿੱਖ ਵਿਚਾਰਧਾਰਾ ਦੇ ਸਿਧਾਂਤਕ ਤੌਰ 'ਤੇ ਸੰਪੂਰਨ ਹੋਣ ਦੀ ਮੋਹਰ ਲੱਗੀ। ਗੁਰੂ ਸਾਹਿਬਾਨ ਨੇ ਇਸ ਗੁਰਮਤਿ ਵਿਚਾਰਧਾਰਾ ਦੀ ਪੈਰਵੀ ਅਤੇ ਵਿਕਾਸ ਲਈ ਆਪਣੇ ਜੀਵਨ ਦੇ ਆਖਰੀ ਦਮ ਤੱਕ ਬੇਮਿਸਾਲ ਸਿਦਕ ਅਤੇ ਸਿਰੜ ਨਾਲ ਕੰਮ ਕੀਤਾ। ਆਦਿ ਗਰੰਥ ਸਾਹਿਬ ਨੂੰ ਗੁਰੂ ਪਦਵੀ ਦਿੱਤੇ ਜਾਣਾ ਗੁਰਮਤਿ ਦੇ ਪ੍ਰਸੰਗ ਵਿਚ ਕੋਈ ਹੈਰਾਨੀਜਨਕ ਜਾਂ ਅਚਾਨਕ ਵਾਪਰੀ ਘਟਨਾ ਨਹੀਂ ਸੀ। ਇਸ ਤੋਂ ਪਹਿਲਾਂ ਸਾਰੇ ਬਾਣੀਕਾਰਾਂ ਨੇ ਆਪਣੀ ਰਚਨਾ ਵਿਚ ਗੁਰੂ ਦੇ ਉਪਦੇਸ਼, ਸ਼ਬਦ ਜਾਂ ਬਾਣੀ ਨੂੰ ਸਭ ਤੋਂ ਉਚਾ ਦਰਜਾ ਦਿੱਤਾ। ਗੁਰਮਤਿ ਅੰਦਰ ਗੁਰ ਕੇ ਸ਼ਬਦ ਦੀ ਮਹਿਮਾ ਨੂੰ ਸਭ ਤੋਂ ਪਹਿਲਾਂ ਭਗਤ ਨਾਮਦੇਵ ਜੀ ਨੇ ਸਥਾਪਿਤ ਕੀਤਾ:

***ਗੁਰ ਕੈ ਸਬਦਿ** ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥* *(1351, ਨਾਮਦੇਵ ਜੀ)*

ਕਬੀਰ ਸਾਹਿਬ ਨੇ ਗੁਰੂ ਕੇ ਸ਼ਬਦ ਦੀ ਸਰਬ-ਉੱਚਤਾ ਨੂੰ ਆਪਣੀ ਰਚਨਾ ਵਿਚ ਵਾਰ-ਵਾਰ ਸਥਾਪਿਤ ਕੀਤਾ:

*ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥*
*ਤਾ ਸੋਹਾਗਣਿ ਜਾਣੀਐ **ਗੁਰ ਸਬਦੁ** ਬੀਚਾਰੇ ॥* *(334, ਕਬੀਰ ਜੀ)*

*ਉਨਮਤ ਮਾਨ ਹਿਰਿਓ ਮਨ ਮਾਹੀ **ਗੁਰ ਕਾ ਸਬਦੁ** ਨ ਧਾਰਿਓ ਰੇ ॥* *(335, ਕਬੀਰ ਜੀ)*

*ਕਾਇਆ ਕਲਾਲਨਿ ਲਾਹਨਿ ਮੇਲਉ **ਗੁਰ ਕਾ ਸਬਦੁ** ਗੁੜੁ ਕੀਨੁ ਰੇ ॥* *(969, ਕਬੀਰ ਜੀ)*

ਕਬੀਰ ਸਾਹਿਬ ਨੇ ਗੁਰਮਤਿ ਦੇ ਇਸ ਮੂਲ ਵਿਚਾਰ ਦੀ ਪ੍ਰੇਰਨਾ ਆਪਣੇ ਗੁਰੂ ਸੁਆਮੀ ਰਾਮਾਨੰਦ ਜੀ ਤੋਂ ਗ੍ਰਹਿਣ ਕੀਤੀ। ਭਗਤ ਰਾਮਾਨੰਦ ਜੀ ਗੁਰੂ ਦੇ ਸ਼ਬਦ ਦੀ ਸ਼ਕਤੀ ਤੋਂ ਬਲਿਹਾਰ ਜਾਂਦੇ ਹਨ:

***ਸਤਿਗੁਰ ਮੈ ਬਲਿਹਾਰੀ ਤੋਰ ॥***
***ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥***
***ਰਾਮਾਨੰਦ ਸੁਆਮੀ ਰਮਤ ਬ੍ਰਹਮ ॥***

*Original with;*
Jaswant Singh Zafar
*Digitized by;*
Panjab Digital Library

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** *(1195, ਰਾਮਾਨੰਦ ਜੀ)*

ਗੁਰੂ ਦੀ ਮਹਾਨਤਾ ਅਤੇ ਸਮਰੱਥਾ ਉਸ ਦੇ ਸਰੀਰ, ਪਹਿਰਾਵੇ, ਦਿਖਾਵੇ, ਸ਼ਾਨੋ-ਸ਼ੌਕਤ, ਕੌਤਕ ਜਾਂ ਕਰਾਮਾਤ ਕਾਰਨ ਨਹੀਂ ਸਗੋਂ ਗੁਰੂ ਦੇ ਸ਼ਬਦ ਕਾਰਨ ਹੈ। ਜਾਂ ਕਹਿ ਲਈਏ ਕਿ ਗੁਰੂ ਆਪਣੇ ਸ਼ਬਦ ਜਾਂ ਬਾਣੀ ਕਾਰਨ ਗੁਰੂ ਹੈ।

ਇਸ ਪੁਸਤਕ ਦਾ ਉਦੇਸ਼ ਗੁਰਮਤਿ ਦੇ ਪ੍ਰਸੰਗ ਵਿਚ ਇਹਨਾਂ ਮੁਢਲੇ ਬਾਣੀਕਾਰਾਂ ਦੇ ਮਹੱਤਵ ਨੂੰ ਜਾਨਣਾ, ਵਿਚਾਰਨਾ ਅਤੇ ਉਭਾਰਨਾ ਹੈ। ਗੁਰੂ ਅਰਜਨ ਸਾਹਿਬ ਇਕ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੂੰ ਬਾਲਮੀਕ ਜੀ ਅਤੇ ਧਰੂ ਭਗਤ ਤੋਂ ਚਲੀ ਆ ਰਹੀ ਭਗਤੀ ਪਰੰਪਰਾ ਦੀ ਕਹਾਣੀ ਦੇ ਪ੍ਰਵਾਹ ਦੀ ਲਗਾਤਾਰਤਾ ਵਜੋਂ ਦੇਖਦੇ ਅਤੇ ਧਿਆਉਂਦੇ ਹਨ। ਸ਼ਬਦ ਵਿਚ ਇਸ ਪਰੰਪਰਾ ਦੇ ਇਹਨਾਂ ਸਮੂਹ ਸੰਤਾਂ ਭਗਤਾਂ ਨੂੰ ਨਮੋ ਕੀਤਾ ਗਿਆ ਹੈ। ਸ਼ਬਦ ਸ਼ੁਰੂ ਇਸ ਤਰ੍ਹਾਂ ਕੀਤਾ ਗਿਆ ਹੈ:

***ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥***
***ਬਾਲਮੀਕੈ ਹੋਆ ਸਾਧਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥*** *(1192, ਮ.5)*

ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ:

***ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥***
***ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥*** *(1192, ਮ.5)*

ਜਿਸ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਕਤੀਸ਼ਾਲੀ ਲਹਿਰ ਵਿਚ ਤਬਦੀਲ ਕੀਤਾ, ਇਸ ਸ਼ਬਦ ਰਾਹੀਂ ਕਬੀਰ ਜੀ, ਨਾਮਦੇਵ ਜੀ ਅਤੇ ਰਵਿਦਾਸ ਜੀ ਨੂੰ ਉਸ ਪਰੰਪਰਾ ਦੇ ਮਹੱਤਵਪੂਰਨ ਮੀਲ ਪੱਥਰ ਤਸਲੀਮ ਕੀਤਾ ਗਿਆ। ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਨੇ ਕਬੀਰ ਜੀ, ਸੈਨ ਜੀ, ਨਾਮਦੇਵ ਜੀ, ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹੋਏ ਇਹਨਾਂ ਨੂੰ ਆਪਣੇ ਪ੍ਰੇਰਨਾ ਸਰੋਤ ਮੰਨਿਆਂ ਹੈ। ਇਸ ਤੋਂ ਵੀ ਵਧਕੇ, ਇਹਨਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਿਆਂ ਹੈ ਅਤੇ ਖ਼ੁਦ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਆਖਿਆ ਹੈ:

***ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥***
***ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥***
***ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥***
***ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥*** *(1207, ਮ.5)*

ਪਰ ਸਾਡੇ ਪ੍ਰਚਾਰਕ ਅਤੇ ਕਥਾਵਾਚਕ ਉਸ ਸਮੇਂ ਹੱਦ ਕਰ ਦਿੰਦੇ ਹਨ ਜਦ ਆਖਦੇ ਹਨ ਕਿ ਗੁਰੂ ਸਾਹਿਬਾਨ ਨੇ ਨੀਵੀਆਂ ਜਾਤਾਂ ਦੇ ਭਗਤਾਂ ਨੂੰ ਆਪਣੀ ਗੋਦ ਵਿਚ ਬਿਠਾਇਆ। ਸਦੀਆਂ ਪਹਿਲਾਂ ਹੋਏ ਪੁਰਖਿਆਂ ਨੂੰ ਗੋਦ ਵਿਚ ਨਹੀਂ ਬਿਠਾਇਆ ਜਾਂਦਾ। ਸਗੋਂ ਵਡਾਰੂਆਂ ਦਾ ਤਾਂ ਸਤਿਕਾਰ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਨੇ ਉਹਨਾਂ ਨੂੰ ਆਪਣੇ ਵਡਾਰੂ ਜਾਂ ਪੁਰਖੇ ਮੰਨਿਆਂ, ਐਲਾਨਿਆਂ ਅਤੇ ਆਪਣੇ ਤੋਂ ਉੱਚਾ ਸਥਾਨ ਦਿੱਤਾ। ਪੰਚਮ ਪਾਤਸ਼ਾਹ ਨੇ ਆਦਿ ਗਰੰਥ ਸਾਹਿਬ ਵਿਚ ਗੁਰੂ ਨਾਨਕ ਅਤੇ ਆਪਣੇ ਸਮੇਤ ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਭਗਤ ਬਾਣੀਕਾਰਾਂ ਦੇ ਸ਼ਬਦਾਂ ਅੱਗੇ ਉਹਨਾਂ ਦੇ ਨਾਂ ਨਾਲ 'ਜੀ' ਜਾਂ 'ਜੀਓ' ਲਿਖਿਆ, ਕਈਂ ਥਾਈਂ ਇਹਨਾਂ ਦੇ ਨਾਂ ਦੇ ਅੱਗੇ ਸ੍ਰੀ ਲਿਖਿਆ ਹੈ, ਭਾਵ ਉਹਨਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ ਹੈ। ਗੁਰੂ ਰਾਮਦਾਸ ਜੀ ਇਹਨਾਂ ਭਗਤਾਂ ਦੇ ਚਰਨਾਂ ਦਾ ਰਾਤ ਦਿਨ ਧਿਆਨ ਧਰਨ ਦੀ ਗੱਲ ਕਰਦੇ ਹਨ:

Original by:
Jaswant Singh Zafar
Digitized by;
Panjab Digital Library

***ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥***
***ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿ ਰਾਇ॥*** *(733, ਮ.4)*

ਆਪ ਇਕ ਹੋਰ ਸ਼ਬਦ ਰਾਹੀਂ ਇਹਨਾਂ ਸੰਤਾਂ ਭਗਤਾਂ ਦੀ ਜ਼ਾਤ (ਸ਼ਖ਼ਸੀਅਤ) ਨੂੰ ਸਭ ਜਾਤਾਂ ਤੋਂ ਸ੍ਰੇਸ਼ਠ ਕਹਿ ਕੇ ਵਡਿਆਉਂਦੇ ਹਨ:

***ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ॥***
***ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ॥***
***ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥*** *(835, ਮ.4)*

ਸਿੱਖ ਧਰਮ ਦੀਆਂ ਵਿਚਾਰਧਾਰਕ ਜੜ੍ਹਾਂ ਸਮੁੱਚੀ ਭਗਤੀ ਲਹਿਰ ਦੀ ਪੂਰੀ ਡੂੰਘਾਈ ਅਤੇ ਵਿਸ਼ਾਲ ਘੇਰੇ ਵਿਚ ਫੈਲੀਆਂ ਹੋਈਆਂ ਹਨ। ਗੁਰੂ ਸਹਿਬਾਨ ਦੇ ਉਪਰੋਕਤ ਸ਼ਬਦਾਂ ਨੂੰ ਇਹਨਾਂ ਜੜ੍ਹਾਂ ਭਾਵ ਵਿਚਾਰਧਾਰਕ ਵਿਰਾਸਤ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਸਮਝ ਕੇ ਵਿਚਾਰਿਆ ਜਾਣਾ ਚਾਹੀਦਾ ਹੈ। ਗੁਰੂ ਗਰੰਥ ਸਹਿਬ ਵਿਚ ਭੱਟ ਕਲ ਜੀ ਨੇ ਆਪਣੇ ਸਵੱਈਆਂ ਵਿਚ ਇਹਨਾਂ ਆਦਿ ਬਾਣੀਕਾਰਾਂ ਜਾਂ ਆਦਿ ਗੁਰੂਆਂ ਦਾ ਵੱਡਾ ਸਤਿਕਾਰ ਕੀਤਾ ਹੈ:

***ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥***
***ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥*** *(1390, ਕਲ)*

ਭੱਟ ਬਲ ਜੀ ਨੇ ਤਾਂ ਭਗਤ ਜੈਦੇਵ ਜੀ, ਤ੍ਰਿਲੋਚਨ ਜੀ, ਨਾਮਦੇਵ ਜੀ, ਕਬੀਰ ਜੀ ਆਦਿ ਮਹਾਪੁਰਸ਼ਾਂ ਦਾ ਜੱਸ ਕਰਦਿਆਂ ਹੋਇਆਂ ਉਹਨਾਂ ਨੂੰ ਕਲਯੁਗ ਦੇ ਅਵਤਾਰ ਮੰਨਿਆਂ ਹੈ:

***ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥***
***ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ॥*** *(1405, ਬਲ੍ਹ)*

ਗੁਰੂ ਸਾਹਿਬਾਨ ਦਾ ਇਹਨਾਂ ਆਦਿ ਗੁਰੂਆਂ ਭਾਵ ਭਗਤਾਂ ਪ੍ਰਤੀ ਸਤਿਕਾਰ ਅਤੇ ਸ਼ਰਧਾ ਉਹਨਾਂ ਨਾਲ ਜੁੜੀਆਂ ਹੋਈਆਂ ਅਖੌਤੀ ਕਰਾਮਾਤਾਂ ਦੀਆਂ ਕਹਾਣੀਆਂ ਕਾਰਨ ਨਹੀਂ ਸਗੋਂ ਉਹਨਾਂ ਦੇ ਪ੍ਰੇਮ, ਭਗਤੀ, ਸ਼ੁਭਚਿੰਤਨ ਅਤੇ ਵੈਰਾਗ ਨਾਲ ਭਰਪੂਰ ਸ਼ਖ਼ਸੀਅਤਾਂ ਕਾਰਨ ਹੈ, ਉਨ੍ਹਾਂ ਦੀ ਬਾਣੀ ਦੀ ਉੱਚਤਾ ਕਾਰਨ ਹੈ। ਜਿਹੜੇ ਭਗਤ ਬਾਣੀਕਾਰਾਂ ਪ੍ਰਤੀ ਗੁਰੂ ਸਾਹਿਬਾਨ ਅਥਾਹ ਸ਼ਰਧਾ, ਸਤਿਕਾਰ, ਸਮਰਪਣ ਅਤੇ ਪ੍ਰਤਿਬੱਧਤਾ ਦਾ ਭਾਵ ਪ੍ਰਗਟ ਕਰਦੇ ਹਨ, ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹਨਾਂ ਪ੍ਰਤੀ ਗੁਰੂ ਗਰੰਥ ਸਾਹਿਬ ਅਤੇ ਗੁਰੂਆਂ ਦੇ ਸ਼ਰਧਾਲੂ ਅਖਵਾਉਣ ਵਾਲਿਆਂ ਦੇ ਮਨ ਵਿਚ ਕਿੰਨੀ ਵੱਡੀ ਸ਼ਰਧਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ। ਉਹਨਾਂ ਦਾ ਸਤਿਕਾਰ ਜੇ ਗੁਰੂ ਸਾਹਿਬਾਨ ਤੋਂ ਵੱਧ ਨਹੀਂ ਤਾਂ ਘੱਟ ਤਾਂ ਬਿਲਕੁਲ ਨਹੀਂ ਹੋਣਾ ਚਾਹੀਦਾ।

**ਪੰਚਮ ਪਾਤਸ਼ਾਹ ਨੇ ਆਦਿ ਗਰੰਥ ਸਾਹਿਬ ਵਿਚ ਗੁਰੂ ਨਾਨਕ ਅਤੇ ਆਪਣੇ ਸਮੇਤ ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਭਗਤ ਬਾਣੀਕਾਰਾਂ ਦੇ ਸ਼ਬਦਾਂ ਅੱਗੇ ਉਹਨਾਂ ਦੇ ਨਾਂ ਨਾਲ 'ਜੀ' ਜਾਂ 'ਜੀਓ' ਲਿਖਿਆ, ਕਈਂ ਥਾਈਂ ਇਹਨਾਂ ਦੇ ਨਾਂ ਦੇ ਅੱਗੇ ਸ਼੍ਰੀ ਲਿਖਿਆ ਹੈ, ਭਾਵ ਉਹਨਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ ਹੈ।**

ਬਾਬਾ ਫ਼ਰੀਦ ਤੋਂ ਲੈ ਕੇ ਗੁਰੂ ਤੇਗ ਬਹਾਦਰ ਤੱਕ ਸਮੂਹ ਬਾਣੀਕਾਰਾਂ ਨੇ ਧਰਮ ਦੇ ਖੇਤਰ ਵਿਚੋਂ ਅੰਨ੍ਹੀਂ ਸ਼ਰਧਾ, ਪੂਜਾ ਅਤੇ ਰਿਵਾਜਾਂ ਦਾ ਵਰਕਾ ਪਾੜ ਕੇ ਇਨ੍ਹਾਂ ਦੀ ਜਗ੍ਹਾ ਵਿਚਾਰ, ਪ੍ਰੇਰਨਾ ਅਤੇ ਅਮਲ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ। ਸਾਨੂੰ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਚੰਗੇ ਅਮਲਾਂ ਦੇ ਧਾਰਨੀ ਬਣਨ ਦੀ ਬਜਾਏ ਉਨ੍ਹਾਂ ਦੀ ਸ਼ਰਧਾ ਨਾਲ ਪੂਜਾ ਕਰਨ ਦੇ ਰਿਵਾਜ਼ ਨੂੰ ਪਾਲ਼ ਕੇ ਹੀ ਗੁਜ਼ਰ ਬਸਰ ਨਹੀਂ

Original with
Jaswant Singh Zafar
Digitized by;
Panjab Digital Library

ਕਰਨੀ ਚਾਹੀਦੀ। ਭਗਤਾਂ ਜਾਂ ਗੁਰੂਆਂ ਦੀ ਬਾਣੀ ਅਤੇ ਜੀਵਨ ਤੋਂ ਪ੍ਰੇਰਨਾ ਲੈ ਕੇ ਚੰਗੇਰਾ ਜੀਵਨ ਜਿਉਣ ਜਾਂ ਚੰਗੇਰੇ ਕੰਮ ਕਰਨ ਵਾਲਿਆਂ ਵਿਚ ਕੋਈ ਵਖਰੇਵਾਂ ਨਹੀਂ ਹੋ ਸਕਦਾ। ਪਰ ਭਗਤਾਂ ਅਤੇ ਗੁਰੂਆਂ ਦੇ ਫੋਕੇ ਸ਼ਰਧਾਲੂਆਂ ਦੀ ਸਥਿਤੀ ਵੱਖੋ-ਵੱਖਰੀ ਹੈ। ਇਹੀ ਕਾਰਨ ਹੈ ਕਿ ਜਦ ਕਬੀਰ ਜੀ ਦੇ ਸ਼ਰਧਾਲੂ ਉਨ੍ਹਾਂ ਨੂੰ ਸਤਿਗੁਰੂ ਕਬੀਰ ਕਹਿੰਦੇ ਹਨ ਜਾਂ ਰਵਿਦਾਸ ਜੀ ਦੇ ਸ਼ਰਧਾਲੂ ਉਨ੍ਹਾਂ ਨੂੰ ਗੁਰੂ ਰਵਿਦਾਸ ਕਹਿੰਦੇ ਹਨ ਤਾਂ ਸਾਡੇ ਵਿਚੋਂ ਬਹੁਤ ਸਾਰਿਆਂ ਨੂੰ ਇਸ ਗੱਲ ਦੀ ਤਕਲੀਫ਼ ਹੁੰਦੀ ਹੈ। ਪਰ ਜੇ ਅਸੀਂ ਗੁਰੂ ਗਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨੂੰ ਸੱਚੀ ਬਾਣੀ ਮੰਨਦੇ ਹਾਂ ਜਾਂ ਕਹਿ ਲਓ ਕਿ ਭਗਤਾਂ ਦੀ ਬਾਣੀ ਨੂੰ ਵੀ ਕੱਚੀ ਬਾਣੀ ਨਹੀਂ ਮੰਨਦੇ ਤਾਂ ਗੁਰੂ ਅਮਰਦਾਸ ਜੀ ਮੁਤਾਬਕ ਇਹ ਸਾਰੇ ਬਾਣੀਕਾਰ ਸਾਡੇ ਸਤਿਗੁਰੂ ਹਨ:

***ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥*** *(920, ਮ.3)*

ਜੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਹੈ ਤਾਂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪੈਦਾ ਹੋਏ ਨਾਮਦੇਵ ਜੀ, ਜੈਦੇਵ ਜੀ, ਸਧਨਾ ਜੀ, ਰਾਮਾਨੰਦ ਜੀ, ਰਵਿਦਾਸ ਜੀ, ਕਬੀਰ ਜੀ ਅਤੇ ਹੋਰ ਭਗਤਾਂ ਦੀ ਬਾਣੀ ਤਾਂ ਸਾਡੀ ਆਦਿ ਗੁਰੂ ਹੈ। ਭਗਤਾਂ ਦੀ ਬਾਣੀ ਇਕ ਤਰ੍ਹਾਂ ਨਾਲ ਸਿੱਖ ਵਿਚਾਰਧਾਰਾ ਦੀਆਂ ਦੂਰ ਤੱਕ ਫੈਲੀਆਂ, ਗਹਿਰੀਆਂ, ਬਹੁਤ ਗਹਿਰੀਆਂ ਜੜ੍ਹਾਂ ਹਨ। ਪਰ ਅਸੀਂ ਅਕਸਰ ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਖੁੱਲ੍ਹ-ਦਿਲੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਸ਼ਾਲਤਾ ਦੀ ਵਡਿਆਈ ਵੀ ਇਸ ਤਰ੍ਹਾਂ ਕਰਦੇ ਹਾਂ ਕਿ ਉਸਦਾ ਅਚੇਤ ਅਤੇ ਅਸਿੱਧਾ ਭਾਵ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਗੁਰੂ ਨਾਨਕ ਤੋਂ ਪਹਿਲਾਂ ਹੋਏ ਸਮੂਹ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਗੈਸਟ ਆਈਟਮਾਂ ਵਾਂਗ ਸ਼ਾਮਿਲ ਕੀਤੀ ਗਈ ਹੋਵੇ। ਜਾਂ ਪੰਚਮ ਪਾਤਸ਼ਾਹ ਨੇ ਇਨ੍ਹਾਂ ਭਗਤਾਂ ਦੇ ਬੋਲਾਂ ਨੂੰ ਗੁਰਸ਼ਬਦ ਦੇ ਤੌਰ ’ਤੇ ਸ਼ਾਮਲ ਕਰਕੇ ਕੋਈ ਅਹਿਸਾਨ ਕੀਤਾ ਹੋਵੇ। ਜੇ ਅਸੀਂ ਅਜਿਹਾ ਨਾ ਸੋਚਦੇ ਹੁੰਦੇ ਤਾਂ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕੇਵਲ ਦਸਾਂ ਪਾਤਸ਼ਾਹੀਆਂ ਦੀ ਜੋਤ ਨਾ ਕਹਿੰਦੇ ਹੁੰਦੇ, ਗੁਰਦੁਆਰਿਆਂ ਵਿਚ ਕਬੀਰ ਸਾਹਿਬ, ਰਵਿਦਾਸ ਜੀ, ਨਾਮਦੇਵ ਜੀ ਅਤੇ ਦੂਸਰੇ ਬਾਣੀਕਾਰਾਂ ਦੇ ਪੁਰਬ ਵੀ ਮਨਾਉਂਦੇ ਹੁੰਦੇ। ਉਹਨਾਂ ਦਾ ਪੁਰਬ ਮਨਾਉਣਾ ਕੇਵਲ ਉਹਨਾਂ ਦੀ ਜਾਤ ਨਾਲ ਸਬੰਧਤ ਸ਼ਰਧਾਲੂਆਂ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਅਤੇ ਉਹਨਾਂ ਦੀ ਜਾਤੀ ਦੇ ਸ਼ਰਧਾਲੂਆਂ ਨੂੰ ਉਹਨਾਂ ਦੇ ਨਾਂ ’ਤੇ ਵੱਖਰੇ ਗੁਰਦੁਆਰੇ ਜਾਂ ਮੰਦਰ ਬਣਾਉਣ ਦੀ ਲੋੜ ਨਹੀਂ ਪੈਣੀ ਚਾਹੀਦੀ।

ਇਹ ਬੜੇ ਅਫਸੋਸ ਦੀ ਗੱਲ ਹੈ ਕਿ ਕੁਝ ‘ਪੰਥ ਪ੍ਰਸਿੱਧ’ ਪ੍ਰਚਾਰਕ ਕਈ ਵਾਰ ਆਪਣੇ ਪ੍ਰਵਚਨਾਂ ਦੌਰਾਨ ਬੜੇ ਹੰਕਾਰੀ ਲਹਿਜ਼ੇ ਵਿਚ ਕਹਿ ਦਿੰਦੇ ਹਨ ਕਿ ਜੇ ਇਹਨਾਂ ਭਗਤਾਂ ਦੀ ਬਾਣੀ ਨੂੰ ਗੁਰੂ ਸਾਹਿਬ ਆਪਣੀ ਬਾਣੀ ਬਰਾਬਰ ਦਰਜ ਨਾ ਕਰਦੇ ਤਾਂ ਅੱਜ ਇਹਨਾਂ ਨੂੰ ਕਿਸੇ ਨਹੀਂ ਸੀ ਪੁੱਛਣਾ। ਅਜਿਹੇ ਬਿਆਨ ਗੁਰੂ ਸਾਹਿਬਾਨ ਦੁਆਰਾ ਆਪਣੀ ਬਾਣੀ ਵਿਚ ਇਹਨਾਂ ਆਦਿ ਬਾਣੀਕਾਰਾਂ ਪ੍ਰਤੀ ਵਾਰ-ਵਾਰ ਪ੍ਰਗਟਾਈ ਗਈ ਆਦਰ ਭਾਵਨਾ ਤੋਂ ਬਿਲਕੁਲ ਉਲਟ ਹਨ। ਜ਼ਿਆਦਾ ਦੁੱਖ ਦੀ ਗੱਲ ਤਾਂ ਇਹ ਹੈ ਕਿ ਬਾਣੀ ਦੇ ਵਿਦਵਾਨ ਵਿਚਾਰਕ ਵੀ ਭਗਤ ਬਾਣੀਕਾਰਾਂ ਪ੍ਰਤੀ ਪੱਖਪਾਤੀ ਮਾਨਸਿਕਤਾ ਤੋਂ ਮੁਕਤ ਦਿਖਾਈ ਨਹੀਂ ਦਿੰਦੇ। ਮਿਸਾਲ ਦੇ ਤੌਰ ’ਤੇ ਭਾਈ ਜੋਧ ਸਿੰਘ ਜੀ ਨੇ ‘ਗੁਰਮਤਿ ਨਿਰਣਯ’ ਨਾਮਕ ਕਿਤਾਬ ਲਿਖੀ, ਜਿਸ ਦਾ ਮੁੱਖ ਬੰਦ ਭਾਈ ਵੀਰ ਸਿੰਘ ਜੀ ਦਾ ਲਿਖਿਆ ਹੋਇਆ ਹੈ। ਇਸ ਪੋਥੀ ਵਿਚ ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਸਤਿਗੁਰੂ, ਸਾਧ, ਸੰਤ, ਸਾਧ ਸੰਗ, ਸਤ ਸੰਗਤਿ, ਨਾਮ, ਕਰਮ, ਖਾਲਸਾ ਆਦਿ ਵਿਸ਼ਿਆਂ ’ਤੇ ਗੁਰਬਾਣੀ ਦੇ ਹਵਾਲਿਆਂ ਨਾਲ ਲੰਮੀ ਚਰਚਾ ਕੀਤੀ ਗਈ ਹੈ। ਪੂਰੀ ਕਿਤਾਬ ਵਿਚ ਭਾਈ ਜੋਧ ਸਿੰਘ ਜੀ ਨੇ ਹਜ਼ਾਰ ਤੋਂ ਉਪਰ ਬਾਣੀ ਦੀਆਂ ਟੂਕਾਂ ਦਿੱਤੀਆਂ ਹਨ। ਪਰ ਸਹੁੰ ਖਾਣ ਜੋਗੀ ਇਕ ਵੀ ਟੂਕ ਗੁਰੂ ਨਾਨਕ ਤੋਂ ਪੂਰਬਲੇ ਕਿਸੇ ਹੋਰ ਬਾਣੀਕਾਰ ਦੀ ਨਹੀਂ। ਜਿਵੇਂ ਉਹ ਕਿਸੇ ਜ਼ਿਕਰ ਦੇ ਕਾਬਲ ਨਾ ਹੋਣ ਜਾਂ ਉਹ ਗੁਰਮਤਿ ਵਿਚਾਰਧਾਰਾ ’ਚੋਂ ਬਿਲਕੁਲ ਗ਼ੈਰਹਾਜ਼ਰ ਹੀ ਹੋਣ। ਹਾਲਾਂ ਕਿ ਇਹਨਾਂ ਵਿਸ਼ਿਆਂ ਜਾਂ ਸੰਕਲਪਾਂ ਬਾਰੇ ਭਗਤਾਂ ਦੀ ਬਾਣੀ ਵਿਚ ਭਰਪੂਰ ਜ਼ਿਕਰ ਹੈ, ਜਿਸ ਬਾਰੇ ਅਸੀਂ ਅਗਲੇ ਸਫ਼ਿਆਂ ’ਤੇ ਚਰਚਾ ਕਰਾਂਗੇ। ਇਸ ਤੋਂ ਉਲਟ ਗੁਰੂ ਅਰਜਨ ਸਾਹਿਬ ਨੇ ਸ੍ਰੀ ਆਦਿ ਗਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਸ ਗੱਲ ਦਾ ਉਚੇਚਾ ਖਿਆਲ ਰੱਖਿਆ ਕਿ

Original with:
Jaswant Singh Zafar
Digitized by;
Panjab Digital Library

ਇਸ ਵਿਚ ਕੋਈ ਅਜਿਹੀ ਗੱਲ ਦਰਜ ਨਾ ਹੋਵੇ ਜਿਸ ਨਾਲ ਇਹਨਾਂ ਆਦਿ ਬਾਣੀਕਾਰਾਂ ਦੀ ਸ਼ਾਨ, ਆਦਰ ਅਤੇ ਉੱਚਤਾ ਨੂੰ ਆਂਚ ਆਉਂਦੀ ਹੋਵੇ। ਇਸ ਸਬੰਧੀ ਸਾਡੇ ਸਾਹਮਣੇ ਇਕ ਉਘੜਵੀਂ ਮਿਸਾਲ ਹੈ। ਭਾਈ ਗੁਰਦਾਸ ਜੀ ਗੁਰੂ ਘਰ ਦੇ ਕੇਵਲ ਨਿਕਟਵਰਤੀ ਨਹੀਂ ਸਗੋਂ ਗੁਰੂ ਘਰ ਦਾ ਮਹੱਤਵਪੂਰਨ ਅੰਗ ਰਹੇ ਹਨ। ਉਹਨਾਂ ਦੀ ਵਿਦਵਤਾ ਕਾਰਨ ਉਹਨਾਂ ਦੀ ਬੜੀ ਮਾਨਤਾ ਅਤੇ ਸਤਿਕਾਰ ਸੀ। ਆਦਿ ਗਰੰਥ ਸਾਹਿਬ ਦੀ ਸੰਪਾਦਨਾ ਸਮੇਂ ਆਪ ਗੁਰੂ ਅਰਜਨ ਸਾਹਿਬ ਦੇ ਅੰਗ-ਸੰਗ ਰਹੇ। ਸਾਰੀ ਬਾਣੀ ਉਹਨਾਂ ਦੇ ਹੱਥੀਂ ਦਰਜ ਹੋਈ। ਆਪ ਉੱਚ ਕੋਟੀ ਦੇ ਸੁਖ਼ਨਵਰ ਮੰਨੇ ਜਾਂਦੇ ਹਨ। ਪਰ ਪੰਚਮ ਪਾਤਸ਼ਾਹ ਨੇ ਉਹਨਾਂ ਦੀ ਬਾਣੀ ਆਦਿ ਗਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤੀ। ਹਾਲਾਂ ਕਿ ਭਾਈ ਮਰਦਾਨਾ ਜੀ, ਜਿਹਨਾਂ ਦਾ ਸਬੰਧ ਬਾਣੀ ਰਚਨਾ ਦੀ ਬਜਾਏ ਸੰਗੀਤ ਨਾਲ ਸੀ, ਦੀ ਰਚਨਾ ਨੂੰ ਵੀ ਆਦਿ ਗਰੰਥ ਸਾਹਿਬ ਵਿਚ ਦਰਜ ਕੀਤਾ ਗਿਆ, ਪਰ ਇਹ ਮਾਣ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਹਾਸਿਲ ਨਹੀਂ ਹੋਇਆ। ਪਹਿਲੀਆਂ ਪੰਜ ਪਾਤਸ਼ਾਹੀਆਂ ਅਤੇ ਆਦਿ ਬਾਣੀਕਾਰ ਭਗਤਾਂ ਦੀ ਸ਼ਾਨ ਅਤੇ ਅਰਾਧਨਾ ਵਿਚ ਰਚੀ ਭੱਟਾਂ ਦੀ ਬਾਣੀ ਵੀ ਆਦਿ ਗਰੰਥ ਸਾਹਿਬ ਦਾ ਹਿੱਸਾ ਬਣਾਈ ਗਈ ਪਰ ਗੁਰੂ ਨਾਨਕ ਸਾਹਿਬ ਦੀ ਮਹਿਮਾ ਵਿਚ ਭਾਈ ਸਾਹਿਬ ਦੁਆਰਾ ਰਚਿਆ ਗਿਆ ਇਹ ਸ਼ਬਦ ਪੰਚਮ ਪਾਤਸ਼ਾਹ ਨੇ ਆਦਿ ਗਰੰਥ ਸਾਹਿਬ ਦੇ ਯੋਗ ਨਹੀਂ ਸਮਝਿਆ:

*ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਦ ਜੱਗ ਚਾਨਣ ਹੋਆ॥*
*ਜਿਓਂ ਕਰ ਸੂਰਜ ਨਿਕਲਿਆ ਤਾਰੇ ਛਿਪੇ ਅੰਧੇਰ ਪਲੋਆ॥*

ਇਹ ਉਹ ਸ਼ਬਦ ਹੈ ਜੋ ਹਰ ਪ੍ਰਸਿੱਧ ਕੀਰਤਨੀਏ ਤੋਂ ਲੈ ਕੇ ਕੀਰਤਨ ਦੀ ਸਿਖਲਾਈ ਸ਼ੁਰੂ ਕਰਨ ਵਾਲੇ ਹਰ ਬੱਚੇ ਨੂੰ ਜ਼ੁਬਾਨੀ ਯਾਦ ਹੈ। ਗੁਰੂ ਨਾਨਕ ਪੁਰਬ ਮਨਾਉਣ ਸਮੇਂ ਹਰ ਸਮਾਗਮ ਦੌਰਾਨ ਲਾਜ਼ਮੀ ਤੌਰ 'ਤੇ ਇਸ ਸ਼ਬਦ ਦਾ ਸ਼ਰਧਾ ਸਹਿਤ ਗਾਇਨ ਹੁੰਦਾ ਹੈ। ਸਿੱਖਾਂ ਨੂੰ ਮਨਮੋਹਣਾ ਅਤੇ ਪਿਆਰਾ ਲੱਗਣ ਵਾਲਾ ਏਨਾ ਪਾਪੂਲਰ ਸ਼ਬਦ ਵੀ ਗੁਰੂ ਅਰਜਨ ਸਾਹਿਬ ਨੇ ਬਾਣੀ ਦੇ ਤੌਰ 'ਤੇ ਪਾਸ ਨਹੀਂ ਕੀਤਾ। ਇਸ ਦਾ ਕਾਰਨ



Original with;
Jaswant Singh Zafar
Digitized by;
Panjab Digital Library

ਇਹ ਲਗਦਾ ਹੈ ਕਿ ਜੋ ਪ੍ਰਕਾਸ਼ ਸਤਿਗੁਰ ਨਾਨਕ ਸਾਹਿਬ ਦੇ ਪ੍ਰਗਟ ਹੋਣ ਨਾਲ ਬਹੁਤ ਫੈਲਿਆ ਸੀ ਉਸ ਪ੍ਰਕਾਸ਼ ਜਾਂ ਵਿਚਾਰਧਾਰਾ ਦੀ ਉਹਨਾਂ ਤੋਂ ਪਹਿਲਾਂ ਅਣਹੋਂਦ ਨਹੀਂ ਸੀ। ਗੁਰੂ ਨਾਨਕ ਤੋਂ ਪਹਿਲਾਂ ਧਾਰਮਿਕ, ਸਮਾਜਕ ਅਤੇ ਅਧਿਆਤਮਿਕ ਚਿੰਤਨ ਦੇ ਜੋ ਤਾਰੇ ਇਹਨਾਂ ਆਦਿ ਬਾਣੀਕਾਰਾਂ ਜਾਂ ਆਦਿ ਗੁਰੂਆਂ ਜਾਂ ਭਗਤਾਂ ਦੇ ਰੂਪ ਵਿਚ ਟਿਮਟਿਮਾਉਂਦੇ ਸਨ ਗੁਰੂ ਨਾਨਕ ਦੀ ਆਮਦ ਨਾਲ ਉਹ ਸੀਨ ਤੋਂ ਲਾਂਭੇ ਨਹੀਂ ਸਨ ਹੋਏ। ਸਗੋਂ ਗੁਰੂ ਨਾਨਕ ਨੇ ਤਾਂ ਉਹਨਾਂ ਦੀ ਰੌਸ਼ਨੀ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਵਿਆਪਕ ਲਹਿਰ ਪੈਦਾ ਕੀਤੀ। ਜਿਹਨਾਂ ਭਗਤ ਬਾਣੀਕਾਰਾਂ ਪ੍ਰਤੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਅਥਾਹ ਸਤਿਕਾਰ ਪ੍ਰਗਟ ਕੀਤਾ ਤਾਂ ਗੁਰੂ ਅਰਜਨ ਸਾਹਿਬ ਅਜਿਹਾ ਕੋਈ ਸ਼ਬਦ ਆਦਿ ਗਰੰਥ ਸਾਹਿਬ ਵਿਚ ਦਰਜ ਨਹੀਂ ਸਨ ਕਰ ਸਕਦੇ ਜਿਸ ਦੀ ਵਿਆਖਿਆ ਨਾਲ ਗੁਰਮਤਿ ਦੇ ਉਹਨਾਂ ਚਾਨਣ ਮੁਨਾਰਿਆਂ ਨੂੰ ਛੁਟਿਆਉਣ ਦਾ ਭਾਵ ਪੈਦਾ ਹੋ ਸਕਦਾ ਹੁੰਦਾ।

ਇਸ ਪੁਸਤਕ ਦੇ ਅਗਲੇ ਸਫ਼ਿਆਂ 'ਤੇ ਗੁਰੂ ਨਾਨਕ ਤੋਂ ਪਹਿਲਾਂ ਅਤੇ ਉਹਨਾਂ ਦੇ ਸਮੇਂ ਪ੍ਰਕਾਸ਼ਮਾਨ ਹੋਏ ਇਹਨਾਂ ਸਿਤਾਰਿਆਂ ਜਾਂ ਚਾਨਣ ਮੁਨਾਰਿਆਂ ਦੇ ਹਵਾਲੇ ਨਾਲ ਇਕ-ਇਕ ਲੇਖ ਹੈ। ਪੁਸਤਕ ਦੇ ਆਕਾਰ ਨੂੰ ਸੀਮਤ ਰੱਖਣ ਦੇ ਖਿਆਲ ਨਾਲ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਸੰਖੇਪ ਰੂਪ ਵਿਚ ਹੀ ਦਿੱਤੇ ਹਨ। ਕਈ ਥਾਈਂ ਵਿਚਾਰੇ ਜਾ ਰਹੇ ਸ਼ਬਦ ਦਾ ਉਤਾਰਾ ਦਰਜ ਕਰਨ ਦੀ ਬਜਾਏ ਉਸ ਦਾ ਪੰਨਾ ਦੱਸਿਆ ਗਿਆ ਹੈ। ਇਹਨਾਂ ਦੇ ਪਾਠ ਅਤੇ ਅਧਿਐਨ ਨੂੰ ਪਾਠਕ ਦੀ ਮਰਜ਼ੀ 'ਤੇ ਛੱਡਿਆ ਗਿਆ ਹੈ। ਉਮੀਦ ਹੈ ਕਿ ਇਸ ਨਾਲ ਪਾਠਕਾਂ ਨੂੰ ਵਧੇਰੇ ਗੁਰਬਾਣੀ ਪੜ੍ਹਨ, ਖੋਜਣ ਅਤੇ ਸਮਝਣ ਦੀ ਜਗਿਆਸਾ ਪੈਦਾ ਹੋਵੇਗੀ। ਪੂਰੀ ਲਿਖਤ ਦਾ ਮਨੋਰਥ ਕੁਝ ਸਮਝਾਉਣ ਨਾਲੋਂ ਜ਼ਿਆਦਾ ਪਾਠਕ ਅੰਦਰ ਖੁਦ ਸਮਝਣ ਦੀ ਰੁਚੀ ਪੈਦਾ ਕਰਨਾ ਹੈ।

ਇਹ ਲੇਖ ਮੇਰਾ ਗਿਆਨ ਨਹੀਂ, ਵਿਚਾਰ ਹਨ। ਇਹਨਾਂ ਗੱਲਾਂ ਨੂੰ ਮੈਂ ਜਿਵੇਂ ਸਮਝਿਆ ਹੈ ਉਹ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ, ਮੇਰਾ ਇਹਨਾਂ ਗੱਲਾਂ ਦੇ ਪੂਰੀ ਤਰ੍ਹਾਂ ਸੱਚ ਹੋਣ ਦਾ ਦਾਅਵਾ ਨਹੀਂ। ਇਹਨਾਂ ਲੇਖਾਂ ਵਿਚ ਹਰੇਕ ਬਾਣੀਕਾਰ ਦੇ ਗੁਰਮਤਿ ਵਿਚਾਰਧਾਰਾ, ਸਿੱਖੀ ਜਾਂ ਗੁਰੂ ਗਰੰਥ ਸਾਹਿਬ ਦੀ ਸਮੁੱਚੀ ਬਾਣੀ ਅੰਦਰ ਬਣਦੇ ਮਹੱਤਵ ਨੂੰ ਜਾਣਨ ਸਮਝਣ ਦਾ ਯਤਨ ਕੀਤਾ ਗਿਆ ਹੈ। ਇਹਨਾਂ ਵਿਚੋਂ ਕੁਝ ਲੇਖ ਅੰਸ਼ਕ ਰੂਪ ਵਿਚ ਅਖ਼ਬਾਰਾਂ ਰਸਾਲਿਆਂ ਵਿਚ ਛਪ ਚੁੱਕੇ ਹਨ। ਜਦ ਰਵਿਦਾਸ ਜੀ ਬਾਰੇ ਅਖ਼ਬਾਰ 'ਚ ਲੇਖ ਛਪਿਆ ਹੈ ਤਾਂ ਇਸ ਸਬੰਧੀ ਪ੍ਰਸ਼ੰਸਾ ਦੇ ਬਹੁਤੇ ਫੋਨ ਉਹਨਾਂ ਦੀ ਜਾਤ ਨਾਲ ਸਬੰਧਤ ਪਾਠਕਾਂ ਦੇ ਹੀ ਆਏ ਅਤੇ ਉਹਨਾਂ ਮੈਨੂੰ ਰਵਿਦਾਸੀਆ ਜਾਤੀ ਦਾ ਬੰਦਾ ਸਮਝ ਕੇ ਹੀ ਗੱਲ ਕੀਤੀ। ਜਦ ਨਾਮਦੇਵ ਜੀ ਬਾਰੇ ਲੇਖ ਛਪਿਆ ਤਾਂ ਸ਼ਾਬਾਸ਼ੇ ਦੇ ਫੋਨ ਸਿਰਫ਼ ਉਹਨਾਂ ਦੀ ਜਾਤੀ ਨਾਲ ਸਬੰਧਤ ਸਿੱਖਾਂ ਦੇ ਹੀ ਆਏ। ਇਹਨਾਂ ਵਿਚੋਂ ਬਹੁਤਿਆਂ ਨੇ ਮੈਨੂੰ ਛੀਂਬਾ ਜਾਤੀ ਦਾ ਬੰਦਾ ਸਮਝ ਕੇ ਹੀ ਗੱਲ ਕੀਤੀ। ਇਹੀ ਅਨੁਭਵ ਸੈਨ ਜੀ ਬਾਬਤ ਲੇਖ ਛਪਣ 'ਤੇ ਹੋਇਆ ਜਦ ਨਾਈ ਜਾਤੀ ਨਾਲ ਸਬੰਧਤ ਪਾਠਕਾਂ ਨੇ ਇਸ ਦੀ ਪ੍ਰਸ਼ੰਸਾ ਕੀਤੀ। ਇਹ ਸਭ ਸੁਣ ਕੇ ਮੈਨੂੰ ਬੜਾ ਹਾਸਾ ਆਉਂਦਾ ਰਿਹਾ। ਪਰ ਉਹਨਾਂ ਦੇ ਅਜਿਹਾ ਸੋਚਣ ਪਿੱਛੇ ਮੈਨੂੰ ਉਹਨਾਂ ਦਾ ਕੋਈ ਕਸੂਰ ਨਹੀਂ ਜਾਪਿਆ, ਸਗੋਂ ਅਜਿਹਾ ਹੋਣਾ ਕੁਦਰਤੀ ਹੈ। ਕਿਉਂਕਿ ਵਰਤਮਾਨ ਸਮੇਂ 'ਚ ਇਹ ਸੋਚਿਆ ਹੀ ਨਹੀਂ ਜਾ ਸਕਦਾ ਕਿ ਰਵਿਦਾਸ ਜੀ ਦੀ ਜਾਤੋਂ ਬਾਹਰਾ ਕੋਈ ਬੰਦਾ ਉਹਨਾਂ ਬਾਰੇ ਇਸ ਤਰ੍ਹਾਂ ਦਾ ਲੇਖ ਲਿਖੇਗਾ, ਕੋਈ ਗ਼ੈਰ-ਛੀਂਬਾ ਨਾਮਦੇਵ ਜੀ ਦੀ ਇਸ ਤਰ੍ਹਾਂ ਉਸਤਤ ਕਰੇਗਾ ਜਾਂ ਕੋਈ ਗ਼ੈਰ-ਨਾਈ ਸੈਨ ਜੀ ਦੀ ਇਸ ਤਰ੍ਹਾਂ ਵਡਿਆਈ ਕਰੇਗਾ। ਅਸਲ ਵਿਚ ਇਹ ਬਾਣੀਕਾਰ ਸਭ ਸਿਖਨ ਕੇ ਗੁਰੂ ਹੋਣ ਦੀ ਬਜਾਏ ਕੇਵਲ ਉਹਨਾਂ ਦੀਆਂ ਜਾਤਾਂ ਦੇ ਲੋਕਾਂ ਦੇ ਗੁਰੂ ਬਣਾ ਦਿੱਤੇ ਗਏ ਹਨ ਜਾਂ ਬਣਾ ਲਏ ਗਏ ਹਨ। ਇਹਨਾਂ ਦੇ ਨਾਮਲੇਵਾ ਸ਼ਰਧਾਲੂਆਂ ਦੀ ਬਹੁਗਿਣਤੀ ਉਹਨਾਂ ਦਾ ਸਤਿਕਾਰ ਉਹਨਾਂ ਦੇ ਵਿਚਾਰਾਂ, ਸਿਧਾਂਤਾਂ ਜਾਂ ਬਾਣੀ ਦੀ ਬਜਾਏ ਆਪੋ ਆਪਣੀ ਜਾਤੀ ਨਾਲ ਸਬੰਧਤ ਹੋਣ ਕਰਕੇ ਹੀ ਕਰਦੀ ਹੈ।

ਵੱਖ-ਵੱਖ ਜ਼ਾਤਾਂ ਦੇ ਲੋਕ ਆਪਣੀ ਜਾਤ ਨਾਲ ਸਬੰਧਤ ਬਾਣੀਕਾਰ ਨੂੰ ਆਪਣੇ ਚਾਨਣ ਮੁਨਾਰੇ ਜਾਂ ਪ੍ਰੇਰਨਾ ਸ੍ਰੋਤ ਸਮਝਣ ਦੀ ਬਜਾਏ ਉਹਨਾਂ ਦੇ ਨਾਂ ਨੂੰ ਆਪਣੀ ਜਾਤ ਦੇ ਪਛਾਣ ਚਿੰਨ ਵਜੋਂ ਜਾਂ ਵਡਿਆਈ ਲਈ ਹੀ

Original with;
Jaswant Singh Zafar
Digitized by;
Panjab Digital Library

ਵਰਤਦੇ ਹਨ। ਇਹਨਾਂ ਦਾ ਇਹ ਇਤਰਾਜ਼ ਹੁੰਦਾ ਹੈ ਕਿ ਬਹੁਗਿਣਤੀ ਸਿੱਖਾਂ (ਜੱਟ, ਖੱਤਰੀ, ਅਰੋੜੇ ਆਦਿ) ਵਲੋਂ ਉਹਨਾਂ ਦੀ ਜਾਤੀ ਨਾਲ ਸਬੰਧਤ ਬਾਣੀਕਾਰ ਦਾ ਉਹ ਆਦਰ ਕਿਉਂ ਨਹੀਂ ਕੀਤਾ ਜਾਂਦਾ ਜੋ ਉਹ ਗੁਰੂ ਨਾਨਕ ਦਾ ਜਾਂ ਉਹਨਾਂ ਤੋਂ ਮਗਰਲੇ ਗੁਰੂਆਂ ਦਾ ਕਰਦੇ ਹਨ। ਇਹ ਇਤਰਾਜ਼ ਬਹੁਤ ਵਾਜਿਬ ਹੈ ਪਰ ਨਾਲ ਦੀ ਨਾਲ ਇਹ ਵੀ ਸੱਚ ਹੈ ਕਿ ਇਹਨਾਂ ਵਿਚੋਂ ਇਕ ਬਾਣੀਕਾਰ ਦੀ ਜਾਤੀ ਨਾਲ ਸਬੰਧਤ ਉਹਨਾਂ ਦੇ ਬਹੁਗਿਣਤੀ ਸ਼ਰਧਾਲੂ ਵੀ ਦੂਜੀ ਜਾਤੀ ਦੇ ਬਾਣੀਕਾਰ ਪ੍ਰਤੀ ਉਹ ਆਦਰ ਨਹੀਂ ਰੱਖਦੇ ਜੋ ਉਹ ਆਪਣੀ ਜਾਤੀ ਦੇ ਬਾਣੀਕਾਰ ਪ੍ਰਤੀ ਰੱਖਦੇ ਹਨ। ਆਪਣੀ ਜਾਤ ਨਾਲ ਸਬੰਧਤ ਬਾਣੀਕਾਰ ਨੂੰ ਹੀ ਸ੍ਰੇਸ਼ਟ ਅਤੇ ਸਤਿਗੁਰੂ ਕਹੇ ਜਾਣ ਦੇ ਯੋਗ ਸਮਝਿਆ ਜਾਂਦਾ ਹੈ। ਕਬੀਰ ਜੀ ਨੂੰ ਸਤਿਗੁਰੂ ਕਬੀਰ ਕਹਿਣ ਦੀ ਵਕਾਲਤ ਕਰਨ ਵਾਲੇ ਨਾਮਦੇਵ ਜੀ ਨੂੰ ਸਤਿਗੁਰੂ ਨਾਮਦੇਵ ਨਾ ਕਹਿਣ ’ਤੇ ਇਤਰਾਜ਼ ਨਹੀਂ ਕਰਦੇ। ਰਵਿਦਾਸ ਜੀ ਨੂੰ ਗੁਰੂ ਰਵਿਦਾਸ ਕਹਿਣ ਦੀ ਤਾਕੀਦ ਕਰਨ ਵਾਲੇ ਰਾਮਾਨੰਦ ਜੀ ਨੂੰ ਜਾਂ ਸੈਨ ਜੀ ਨੂੰ ਗੁਰੂ ਨਾ ਕਹੇ ਜਾਣ ਨਾਲ ਪ੍ਰੇਸ਼ਾਨ ਨਹੀਂ ਹੁੰਦੇ। ਇਹ ਫਿਰਕਾ ਪ੍ਰਸਤੀ ਹੈ, ਜਾਤ ਪ੍ਰਸਤੀ ਹੈ, ਸੌੜੀ ਸਿਆਸਤ ਹੈ। ਵੰਡੀਆਂ ਪਾਏ ਬਗੈਰ ਅਜੇਹੀ ਸਿਆਸਤ ਹੋ ਨਹੀਂ ਸਕਦੀ। ਅਗਲੇ ਲੇਖਾਂ ਵਿਚ ਅਸੀਂ ਦੇਖਾਂਗੇ ਕਿ ਕਬੀਰ ਸਾਹਿਬ ਜੈਦੇਵ ਅਤੇ ਨਾਮਦੇਵ ਦੀ ਕਿੰਨੀ ਵਡਿਆਈ ਕਰਦੇ ਹਨ, ਰਵਿਦਾਸ ਜੀ ਕਬੀਰ ਜੀ ਅਤੇ ਸੈਨ ਜੀ ਦੇ ਕਿੰਨੇ ਕਦਰਦਾਨ ਹਨ। ਨਾਮਦੇਵ ਜੀ ਦੀ ਤ੍ਰਿਲੋਚਨ ਜੀ ਨਾਲ ਕਿੰਨੀ ਦੋਸਤੀ ਹੈ। ਵੱਖ-ਵੱਖ ਸਮਿਆਂ, ਜਾਤਾਂ ਜਾਂ ਇਲਾਕਿਆਂ ਨਾਲ ਸਬੰਧਤ ਹੋਣ ਦੇ ਬਾਵਜੂਦ ਉਹ ਕਿਵੇਂ ਇੱਕ-ਮਿੱਕ ਹਨ। ਗੁਰੂ ਨਾਨਕ ਨੇ ਇਹਨਾਂ ਸਭਨਾਂ ਨੂੰ ਇੱਕ ਤੋਂ ਹੋਰ ਇੱਕ ਕਰਨ ਦਾ ਕਾਰਜ ਕੀਤਾ। ਗੁਰੂ ਨਾਨਕ ਤੋਂ ਮਗਰਲੇ ਬਾਣੀਕਾਰ ਇਹਨਾਂ ‘ਇੱਕ ਹੋਇਆਂ’ ਦੀ ਮਹਿਮਾ ਕਰਦੇ ਹਨ। ਪਰ ਅਸੀਂ ਬਟਾ ਦਰ ਬਟਾ ਵੰਡ ਹੋ ਰਹੇ ਹਾਂ। ਜਿਥੋਂ ਤੱਕ ਵਿਚਾਰ ਜਾਂ ਸਿਧਾਂਤ ਨੂੰ ਮੰਨਣ ਜਾਂ ਅਪਨਾਉਣ ਦਾ ਸਬੰਧ ਹੈ ਸਾਡੀ ਬੇਮੁਖਤਾ ਸਾਰੇ ਬਾਣੀਕਾਰਾਂ ਤੋਂ ਇੱਕੋ ਜਿੰਨੀ ਹੀ ਹੈ, ਇਸ ਸਬੰਧੀ ਅਸੀਂ ਸਾਰੀਆਂ ਜਾਤੀਆਂ ਦੇ ਲੋਕ ਕਿਸੇ ਬਾਣੀਕਾਰ ਨਾਲ ਵਿਤਕਰਾ ਨਹੀਂ ਕਰਦੇ, ਕਿਉਂਕਿ ਅਸੀਂ ਕਿਸੇ ਦੇ ਵੀ ਆਖੇ ਨਹੀਂ ਲਗਦੇ। ਆਦਰ ਦੇ ਤੌਰ ’ਤੇ ਜੇ ਸਾਡੇ ਵਰਗੇ ਫੋਕੇ ਸ਼ਰਧਾਲੂ ਨਾਨਕ ਨੂੰ ਵੀ “ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਜੀਓ” ਕਹਿਣ ਤਾਂ ਇਸ ਵਿਚੋਂ ਲੋਕਾਈ ਨੂੰ ਗੁਰੂ ਪ੍ਰਤੀ ਸਾਡੇ ਸਤਿਕਾਰ ਦੀ ਬਜਾਏ ਪਾਖੰਡ ਹੀ ਡੁੱਲ੍ਹ-ਡੁੱਲ੍ਹ ਪੈਂਦਾ ਨਜ਼ਰ ਆਏਗਾ। ਗੱਲ ਕਹਿਣ ਦੀ ਨਹੀਂ ਹੁੰਦੀ, ਗੱਲ ਤਾਂ ਸੁਣਨ, ਸਮਝਣ, ਮੰਨਣ ਅਤੇ ਅਪਨਾਉਣ ਦੀ ਹੁੰਦੀ ਹੈ। ਇਸ ਲਈ ਮੇਰੇ ਲਈ ਗੁਰਮਤਿ ਦੇ ਇਹਨਾਂ ਮਹਾਨ ਰਚਨਾਕਾਰਾਂ ਨੂੰ ‘ਗੁਰੂ’ ਜਾਂ ‘ਭਗਤ’ ਕਿਹਾ ਜਾਣਾ ਕੋਈ ਮਸਲਾ ਨਹੀਂ ਹੈ। ਮੈਂ ਗੁਰੂ ਜਾਂ ਭਗਤ ਵਿਚੋਂ ਕਿਸੇ ਦੀ ਵਰਤੋਂ ਦੇ ਖਿਲਾਫ਼ ਨਹੀਂ ਹਾਂ। ਅਜਿਹੇ ਬੇਲੋੜੇ ਝੰਜਟ ਵਿਚ ਨਾਂ ਪੈਣ ਦੇ ਇਰਾਦੇ ਨਾਲ ਇਨਾਂ ਦੋਨਾਂ ਵਿਚੋਂ ਕਿਸੇ ਇਕ ਨੂੰ ਲਿਖਣ ਦੀ ਬਜਾਏ ਇਹ ਸਬੰਧਤ ਪਾਠਕਾਂ ’ਤੇ ਛੱਡ ਦਿਤਾ ਗਿਆ ਹੈ ਕਿ ਉਹ ਆਪਣੀ ਸ਼ਰਧਾ ਜਾਂ ਮਰਜ਼ੀ ਅਨੁਸਾਰ ਇਹਨਾਂ ਦੇ ਨਾਵਾਂ ਅੱਗੇ ਭਗਤ, ਗੁਰੂ ਜਾਂ ਸਤਿਗੁਰੂ ਲਗਾ ਕੇ ਪੜ੍ਹ ਸਕਦੇ ਹਨ।

*Original with;*
Jaswant Singh Zafar
*Digitized by;*
Panjab Digital Library

## ॥ ਆਜੁ ਮਿਲਾਵਾ ਸੇਖ ਫਰੀਦ ॥



*Original with;*
Jaswant Singh Zafar
*Digitized by;*
Panjab Digital Library



ਬਾਬਾ ਫ਼ਰੀਦ ਜੀ ਨੂੰ ਜਦ ਅਸੀਂ ਪੰਜਾਬੀ ਜ਼ੁਬਾਨ ਦਾ ਪਹਿਲਾ ਕਵੀ ਆਖਦੇ ਹਾਂ ਤਾਂ ਇਸ ਦਾ ਇਹ ਭਾਵ ਬਿਲਕੁਲ ਨਹੀਂ ਕਿ ਉਹਨਾਂ ਤੋਂ ਪਹਿਲਾਂ ਪੰਜਾਬੀ ਜ਼ੁਬਾਨ ਬੋਲੀ ਨਹੀਂ ਸੀ ਜਾਂਦੀ। ਬੋਲੀ ਤਾਂ ਜਾਂਦੀ ਸੀ ਪਰ ਇਹ ਸਿਰਫ਼ ਆਮ ਲੋਕਾਂ ਦੀ ਬੋਲ ਚਾਲ ਤੱਕ ਹੀ ਸੀਮਤ ਸੀ। ਇਸ ਦੀ ਸਾਹਿਤ ਜਾਂ ਚਿੰਤਨ ਦੇ ਖੇਤਰ ਵਿਚ ਕੋਈ ਮਾਨਤਾ ਨਹੀਂ ਸੀ, ਕੋਈ ਦਖ਼ਲ ਨਹੀਂ ਸੀ। ਸਰਕਾਰ ਸਿਰਫ਼ ਫਾਰਸੀ ਬੋਲਦੀ ਸੀ। ਮੁਸਲਿਮ ਆਲਮਾਂ ਅਤੇ ਇਲਮ ਦੀ ਬੋਲੀ ਮੁੱਖ ਤੌਰ 'ਤੇ ਅਰਬੀ ਸੀ। ਸਨਾਤਨੀ ਵਿਦਵਾਨ ਸਾਰੀ ਪੜ੍ਹਾਈ ਲਿਖਾਈ ਸੰਸਕ੍ਰਿਤ ਵਿਚ ਕਰਦੇ ਸਨ। ਇਸ ਤਰ੍ਹਾਂ ਇਹਨਾਂ ਤਿੰਨਾਂ ਬੋਲੀਆਂ ਦੀ ਸੱਤਾ ਦੇ ਸਾਹਮਣੇ ਇਸ ਧਰਤੀ ਦੇ ਆਮ ਬੰਦੇ ਦੀ ਆਪਣੀ ਬੋਲੀ ਪੰਜਾਬੀ ਦੀ ਕੋਈ ਵੁੱਕਤ ਨਹੀਂ ਸੀ। ਬਾਬੇ ਫ਼ਰੀਦ ਤੋਂ ਪਹਿਲਾਂ ਸਥਾਨਕ ਲੋਕਾਂ ਦੀ ਇਸ ਜ਼ੁਬਾਨ ਵਿਚ ਸ਼ਾਇਰੀ ਦੀ ਕੋਈ ਖਾਸ ਰਿਵਾਇਤ ਨਹੀਂ ਸੀ। ਬਾਬੇ ਫ਼ਰੀਦ ਨੇ ਲੋਕਾਂ ਦੀ ਇਸ ਜ਼ੁਬਾਨ ਅੰਦਰ ਸ਼ਾਇਰੀ, ਗਿਆਨ ਅਤੇ ਚਿੰਤਨ ਦੀਆਂ ਵੱਡੀਆਂ ਸੰਭਾਵਨਾਵਾਂ ਨੂੰ ਪ੍ਰਗਟ ਕੀਤਾ। ਉਹਨਾਂ ਨੇ ਲੋਕਾਂ ਦੀ ਇਸ ਜ਼ੁਬਾਨ ਵਿਚ ਕਾਵਿ ਸਿਰਜ ਕੇ ਤਿੰਨ ਮੁੱਖ ਭਾਸ਼ਾਵਾਂ ਦੀ ਇਜਾਰੇਦਾਰੀ ਅਤੇ ਗਲਬੇ ਨੂੰ ਤੋੜਨ ਦਾ ਯਤਨ ਕੀਤਾ। ਇਸ ਖਿੱਤੇ ਦੇ ਲੋਕਾਂ ਦੀ ਆਪਣੀ ਜ਼ੁਬਾਨ ਦਾ ਰੁਤਬਾ ਉੱਚਾ ਕੀਤਾ। ਇਸ ਮਿੱਠੀ ਬੋਲੀ 'ਚ ਬੜੇ ਨਿੱਗਰ ਕਲਾਮ ਦੀ ਰਚਨਾ ਕੀਤੀ। ਇਸ ਜਰਖੇਜ਼ ਧਰਤੀ ਦੀ ਸਾਦਗੀ ਨੂੰ, ਇਸ ਧਰਤੀ ਦੇ ਸੱਚ ਨੂੰ ਅਤੇ ਇਸ ਧਰਤੀ ਦੀ ਮਹਿਕ ਨੂੰ ਮਹਾਨ ਸ਼ਾਇਰੀ ਦਾ ਰੂਪ ਦਿੱਤਾ। ਉਹਨਾਂ ਵਲੋਂ ਸੱਭਿਆਚਾਰਕ ਸਥਾਪਿਤੀ ਵਿਰੁੱਧ ਕੀਤੀ ਗਈ ਇਸ ਬਾਗੀਆਨਾ ਕਾਰਵਾਈ ਦਾ ਬਾਬੇ ਨਾਨਕ ਨੂੰ ਪਸੰਦ ਆਉਣਾ ਬੜਾ ਸੁਭਾਵਕ ਸੀ। ਕਿਉਂਕਿ ਜਿਸ ਵਰਗ ਵਿਚ ਬਾਬਾ ਨਾਨਕ ਪੈਦਾ ਹੋਏ ਉਥੇ ਬ੍ਰਾਹਮਣ ਸੰਸਕ੍ਰਿਤ ਨੂੰ ਦੇਵ ਭਾਸ਼ਾ ਆਖਦਾ ਸੀ। ਬ੍ਰਾਹਮਣ ਮੁਤਾਬਕ ਰੱਬਤਾ ਅਤੇ ਗਿਆਨ ਦੀ ਗੱਲ ਸਿਰਫ਼ ਸੰਸਕ੍ਰਿਤ ਵਿਚ ਹੀ ਪੜ੍ਹੀ, ਲਿਖੀ, ਸੁਣੀ ਅਤੇ ਵਿਚਾਰੀ ਜਾ ਸਕਦੀ ਸੀ। ਇਸ ਤਰ੍ਹਾਂ ਉਹ ਆਮ ਲੋਕਾਂ ਨੂੰ ਹਨੇਰੇ ਵਿਚ ਰੱਖ ਕੇ ਆਪਣੀ ਸਮਾਜਕ ਚੌਧਰ ਅਤੇ ਬੌਧਕ ਧੌਂਸ ਕਾਇਮ ਰੱਖ ਸਕਦਾ ਸੀ। ਇਸ ਤੋਂ ਉਲਟ ਗੁਰੂ ਨਾਨਕ ਆਮ ਬੰਦੇ ਨੂੰ ਗਿਆਨ ਦੇ ਭਾਗੀ ਅਤੇ ਭਾਗੀਦਾਰ ਬਣਾਉਣਾ ਚਾਹੁੰਦੇ ਸਨ ਅਤੇ ਬ੍ਰਾਹਮਣ ਦੇ ਇਕ ਵਿਸ਼ੇਸ਼ ਜਾਤੀ ਦੇ ਤੌਰ 'ਤੇ ਗਲਬੇ ਨੂੰ ਤੋੜਨਾ ਚਾਹੁੰਦੇ ਸਨ। ਇਸ ਲਈ ਉਹਨਾਂ ਇਸ ਵੱਡੇ ਸ਼ਾਇਰ ਦੀ ਲੋਕਾਂ ਦੀ ਜ਼ੁਬਾਨ 'ਚ ਲਿਖੀ ਸ਼ਾਇਰੀ ਦੀ ਬੁਲੰਦੀ, ਸਮਰੱਥਾ ਅਤੇ ਜਲੌਅ ਨੂੰ ਲੋਕਾਈ ਸਾਹਮਣੇ ਵੱਡੇ ਆਦਰ ਮਾਣ ਨਾਲ ਪੇਸ਼ ਕਰਨ ਨੂੰ ਆਪਣੇ ਏਜੰਡੇ ਵਿਚ ਸ਼ਾਮਲ ਕੀਤਾ।

Original with:
Jaswant Singh Zafar
Digitized by;
Panjab Digital Library

ਗੁਰੂ ਅਰਜਨ ਸਾਹਿਬ ਵਲੋਂ ਸ੍ਰੀ ਆਦਿ ਗਰੰਥ ਸਾਹਿਬ ਦੀ ਸੰਪਾਦਨਾ ਨਾਲ ਇਸ ਏਜੰਡੇ ਨੂੰ ਸੰਪੂਰਨਤਾ ਮਿਲੀ। ਬਾਬਾ ਫ਼ਰੀਦ ਜੀ ਦਾ ਸੁਖ਼ਨ ਸ੍ਰੀ ਆਦਿ ਗਰੰਥ ਸਾਹਿਬ ਦੀ ਬਾਣੀ ਬਣਿਆਂ। ਗੁਰੂ ਸਾਹਿਬ ਨੇ ਇਸ ਬਾਣੀ ਦਾ ਸਿਰਲੇਖ ਰੱਖਿਆ: ਬਾਣੀ ਸੇਖ ਫ਼ਰੀਦ ਜੀ ਕੀ ਜਾਂ ਸਲੋਕ ਸੇਖ ਫ਼ਰੀਦ ਕੇ।

ਗੁਰੂ ਸਾਹਿਬ ਨੇ ਸ੍ਰੀ ਆਦਿ ਗਰੰਥ ਸਾਹਿਬ ਨੂੰ ਹੋਰ ਗੁਣਾ ਦੇ ਨਾਲ-ਨਾਲ ਕਾਵਿ ਅਤੇ ਸੰਗੀਤ ਕਲਾ ਦੇ ਉਚਤਮ ਮਿਆਰਾਂ ਨੂੰ ਸਥਾਪਿਤ ਕਰਨ ਅਤੇ ਲੋਕਾਂ ਦੀ ਜ਼ੁਬਾਨ ਦੀ ਅਮੀਰੀ ਪ੍ਰਗਟ ਕਰਨ ਵਾਲੇ ਅਜੂਬੇ ਦੇ ਤੌਰ 'ਤੇ ਵੀ ਸਥਾਪਿਤ ਕਰਨਾ ਸੀ। ਇਸ ਲਈ ਉਹਨਾਂ ਬਾਬਾ ਫ਼ਰੀਦ ਦੇ ਕਾਵਿ ਦੇ ਉਹ ਸਾਰੇ ਅੰਸ਼ ਵੀ ਸ਼ਾਮਲ ਕੀਤੇ ਜਿਹਨਾਂ ਨਾਲ ਉਹਨਾਂ ਦਾ ਸਿਧਾਂਤਕ ਵਖਰੇਵਾਂ ਸੀ ਜਾਂ ਅਸਹਿਮਤੀ ਸੀ। ਇਹਨਾਂ ਅਸਹਿਮਤੀਆਂ ਨੂੰ ਗੁਰੂ ਸਾਹਿਬਾਨ ਨੇ ਕਈ ਥਾਈਂ ਜ਼ਾਹਰਾ ਤੌਰ 'ਤੇ ਆਪਣੀਆਂ ਟਿੱਪਣੀਆਂ ਦੇ ਰੂਪ ਵਿਚ ਦਰਜ ਕੀਤਾ। ਕਈ ਵਖਰੇਵਿਆਂ ਨੂੰ ਸਮੁੱਚੀ ਬਾਣੀ ਦੇ ਤੁਲਨਾਤਮਕ ਵਿਸ਼ਲੇਸ਼ਣ ਰਾਹੀਂ ਵੀ ਨਿਤਾਰਿਆ ਜਾ ਸਕਦਾ ਹੈ।

ਬਾਬਾ ਫ਼ਰੀਦ ਜੀ ਦਾ ਜੋ ਪੰਜਾਬੀ ਕਲਾਮ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਉਹਨਾਂ ਤੋਂ ਢਾਈ ਸਦੀਆਂ ਬਾਅਦ ਉਹਨਾਂ ਦੀ ਦਰਗਾਹ ਅਜੋਧਨ (ਹੁਣ ਪਾਕ ਪਟਨ) ਵਿਖੇ ਬਾਬਾ ਨਾਨਕ ਜੀ ਨੇ ਆਪਣੀ ਤੀਸਰੀ ਉਦਾਸੀ ਦੌਰਾਨ ਹਾਸਲ ਕੀਤਾ। ਇਸ ਸਮੇਂ ਤੱਕ ਬਾਬਾ ਨਾਨਕ ਜੀ ਮਹਾਨ ਰਚਨਾਕਾਰਾਂ ਦੀ ਬਾਣੀ ਲੱਭਣ, ਖੋਜਣ, ਇਕੱਠੀ ਕਰਨ ਅਤੇ ਸੰਭਾਲਣ ਵਾਲੀ ਮਹਾਨ ਸੰਸਥਾ ਦੇ ਤੌਰ 'ਤੇ ਸਥਾਪਿਤ ਹੋ ਚੁੱਕੇ ਸਨ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਾਬਾ ਫ਼ਰੀਦ ਦੇ ਵਾਰਿਸਾਂ ਨੇ ਇਹ ਬਾਣੀ ਮੂਲ ਰੂਪ ਵਿਚ ਹੀ ਪੂਰੇ ਭਰੋਸੇ ਨਾਲ ਬਾਬਾ ਨਾਨਕ ਜੀ ਦੇ ਸਪੁਰਦ ਕਰ ਦਿੱਤੀ ਹੋਵੇਗੀ ਅਤੇ ਇਸ ਦੇ ਮਹਿਫੂਜ਼ ਹੋਣ ਪ੍ਰਤੀ ਬੇਫ਼ਿਕਰ ਅਤੇ ਸੁਰਖ਼ਰੂ ਮਹਿਸੂਸ ਕੀਤਾ ਹੋਵੇਗਾ। ਜਿਸ ਕਰਕੇ ਉਹਨਾਂ ਇਸ ਦਾ ਕੋਈ ਉਤਾਰਾ ਸੰਭਾਲਣ ਜਾਂ ਇਸ ਨੂੰ ਹੋਰ ਕਿਧਰੇ ਦਰਜ ਕਰਨ ਦੀ ਸ਼ਾਇਦ ਲੋੜ ਨਹੀਂ ਸਮਝੀ।

ਬਾਹਰਵੀਂ ਸਦੀ ਦੇ ਅੱਧ ਵਿਚ ਕਾਬਲ ਵਿਚ ਹੋਈ ਰਾਜਸੀ ਉਥਲ ਪੁਥਲ ਕਾਰਨ ਬਾਬਾ ਫ਼ਰੀਦ ਦੇ ਪੁਰਖੇ ਉਥੋਂ ਚੱਲ ਕੇ ਪੰਜਾਬ 'ਚ ਆ ਵਸੇ ਸਨ। ਬਾਲਕ ਫ਼ਰੀਦ ਦਾ ਜਨਮ ਬਾਹਰਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਦੇ ਕਿਸੇ ਸਾਲ ਭਾਵ ਗੁਰੂ ਨਾਨਕ ਤੋਂ ਤਕਰੀਬਨ ਤਿੰਨ ਸਦੀਆਂ ਪਹਿਲਾਂ ਮੁਲਤਾਨ ਦੇ ਇਲਾਕੇ 'ਚ ਇਕ ਨਿੱਕੇ ਜਿਹੇ ਪਿੰਡ 'ਚ ਗਰੀਬ ਮੌਲਵੀ ਦੇ ਘਰ ਹੋਇਆ। ਪੂਰਾ ਨਾਮ ਫ਼ਰੀਦ-ਉਦ-ਦੀਨ ਸੀ। ਛੋਟੀ ਉਮਰ ਵਿਚ ਹੀ ਅਰਬੀ ਅਤੇ ਫਾਰਸੀ ਜ਼ੁਬਾਨਾ ਚੰਗੀ ਤਰ੍ਹਾਂ ਸਿੱਖ ਲਈਆਂ ਅਤੇ ਇਹਨਾਂ ਦਾ ਕਾਫ਼ੀ ਸਾਹਿਤ ਪੜ੍ਹਿਆ। ਕੁਰਾਨ ਸ਼ਰੀਫ ਜ਼ੁਬਾਨੀ ਯਾਦ ਕਰ ਲਿਆ। ਬਾਲਕ ਫ਼ਰੀਦ ਦੀ ਤੀਖਣ ਬੁੱਧੀ ਅਤੇ ਇਲਮ ਵਿਚ ਦਿਲਚਸਪੀ ਨੂੰ ਦੇਖਦਿਆਂ ਗਰੀਬੀ ਦੇ ਬਾਵਜੂਦ ਉਹਨਾਂ ਨੂੰ ਮੁਲਤਾਨ ਉਚੇਰੀ ਸਿੱਖਿਆ ਲਈ ਭੇਜਿਆ ਗਿਆ ਜੋ ਉਸ ਸਮੇਂ ਇਲਮ ਦਾ ਵੱਡਾ ਕੇਂਦਰ ਸੀ। ਉਹਨਾਂ ਦਿਨਾਂ 'ਚ ਹੁਸ਼ਿਆਰ ਵਿਦਿਆਰਥੀ ਵਧੇਰੇ ਰੋਹਬ ਦਾਬ ਅਤੇ ਪੱਕੀ ਤਨਖਾਹ ਵਾਲੇ ਰੁਤਬੇ ਜਿਵੇਂ ਕਾਜ਼ੀ, ਮੁਫ਼ਤੀ ਜਾਂ ਹੋਰ ਸਰਕਾਰੀ ਅਹਿਲਕਾਰ ਹੋਣਾ ਪਸੰਦ ਕਰਦੇ ਸਨ। ਫ਼ਰੀਦ ਜੀ ਏਨੇ ਹੋਣਹਾਰ ਅਤੇ ਕਾਬਲ ਨੌਜਵਾਨ ਸਨ ਕਿ ਉਹ ਕੁਝ ਵੀ ਹੋ ਸਕਦੇ ਸਨ। ਪਰ ਉਹਨਾਂ ਨੇ ਸੁੱਖ, ਸਹੂਲਤਾਂ ਅਤੇ ਰੁਤਬੇ ਵਾਲੀ ਜ਼ਿੰਦਗੀ ਦੀ ਬਜਾਏ ਲਗਾਤਾਰ ਤੁਰਦੇ ਰਹਿਣ ਵਾਲਾ ਸ਼ਾਇਰੀ, ਇਲਮ ਅਤੇ ਰੱਬਤਾ ਦਾ ਕਠਨਾਈਆਂ ਅਤੇ ਮੁਸ਼ਕਲਾਂ ਭਰਿਆ ਰਸਤਾ ਚੁਣਿਆਂ। ਉਹ ਆਪਣੇ ਆਪ ਨੂੰ ਅਜਿਹੇ ਰਸਤੇ 'ਤੇ ਤੁਰਨ ਲਈ ਹੀ ਬਣਿਆਂ ਮਹਿਸੂਸ ਕਰਦੇ ਸਨ। ਉਹਨਾਂ ਨੂੰ ਇਸ ਰਸਤੇ 'ਤੇ ਚੱਲਣ ਨਾਲ ਜੋ ਆਨੰਦ 'ਤੇ ਖੁਮਾਰੀ ਵਾਲਾ ਰਸ ਹਾਸਲ ਹੋਣਾ ਸੀ ਉਹ ਸੰਸਾਰੀ ਜਾਂ ਪਦਾਰਥੀ ਪ੍ਰਾਪਤੀਆਂ 'ਚੋਂ ਨਹੀਂ ਸੀ ਹੋਣਾ। ਪਰ ਉਹਨਾਂ ਨੂੰ ਆਪਣੇ ਪਿਆਰੇ ਨੂੰ ਮਿਲਣ ਲਈ ਚਿੱਕੜ ਭਰੀ ਗਲੀ 'ਚੋਂ ਹੀ ਲੰਘਣਾ ਪੈਣਾ ਸੀ। ਕੰਬਲੀ ਭਿੱਜਣ ਦੀ ਝਿਜਕ ਛੱਡ ਕੇ ਹੀ ਰੱਬੀ ਬਰਕਤਾਂ ਰਹਿਮਤਾਂ ਦਾ ਭਾਗੀ ਬਣਨਾ ਸੀ:

***ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥***

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥*** *(1379)*

ਮੁਲਤਾਨ ਵਿਖੇ ਫ਼ਰੀਦ ਦੀ ਪੜ੍ਹਾਈ ਦੌਰਾਨ ਸੂਫ਼ੀਆਂ ਦੇ ਚਿਸ਼ਤੀਆ ਫਿਰਕੇ ਦੇ ਮੁਖੀ ਖਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਸਾਹਿਬ ਇਕ ਵਾਰ ਮੁਲਤਾਨ ਆਏ। ਫ਼ਰੀਦ ਦੀ ਤੀਖਣ ਬੁੱਧੀ ਅਤੇ ਲਗਨ ਤੋਂ ਆਪ ਬੜੇ ਪ੍ਰਭਾਵਤ ਹੋਏ। ਉਹਨਾਂ ਅਗਲੀ ਪੜ੍ਹਾਈ ਲਈ ਬਾਲਕ ਫ਼ਰੀਦ ਨੂੰ ਆਪਣੇ ਪਾਸ ਦਿੱਲੀ ਆਉਣ ਦਾ ਸੱਦਾ ਦਿੱਤਾ। ਇਸ ਤਰ੍ਹਾਂ ਮੁਲਤਾਨ ਦੀ ਪੜ੍ਹਾਈ ਪੂਰੀ ਕਰਕੇ ਫ਼ਰੀਦ ਜੀ ਦਿੱਲੀ ਖਵਾਜਾ ਸਾਹਿਬ ਪਾਸ ਚਲੇ ਗਏ ਅਤੇ ਉਹਨਾਂ ਨੂੰ ਆਪਣਾ ਮੁਰਸ਼ਦ ਧਾਰਨ ਕੀਤਾ। ਚਿਸ਼ਤੀਆ ਸੂਫ਼ੀ ਦਿਲਾਂ ਦਿਮਾਗਾਂ ਦੇ ਬੜੇ ਖੁੱਲ੍ਹੇ ਸਨ। ਇਸਲਾਮ ਤੋਂ ਇਲਾਵਾ ਉਹ ਦੂਸਰੇ ਮਜ਼ਹਬਾਂ ਦੀਆਂ ਗੱਲਾਂ ਪੜ੍ਹਨ, ਜਾਣਨ, ਸਿੱਖਣ ਦੇ ਆਹਰ ਵਿਚ ਵੀ ਰਹਿੰਦੇ ਸਨ। ਇਸ ਕਰਕੇ ਬਾਬੇ ਫ਼ਰੀਦ ਦੀ ਬਾਣੀ ਵਿਚ ਸਨਾਤਨੀ ਸ਼ਬਦਾਵਲੀ ਦਾ ਰੰਗ ਵੀ ਦੇਖਿਆ ਜਾ ਸਕਦਾ ਹੈ। ਸਮਾਂ ਪਾ ਕੇ ਇਹਨਾਂ ਵਿਚੋਂ ਕਈ ਸ਼ਬਦ ਗੁਰਮਤਿ ਦੀ ਸ਼ਬਦਾਵਲੀ ਦਾ ਹਿੱਸਾ ਬਣੇ, ਜਿਵੇਂ: ਧਰਮ, ਗੁਰੁ, ਸਾਹਿਬ, ਪ੍ਰਭੂ, ਸਾਧ ਸੰਗਿ, ਪੰਥ ਆਦਿ। ਹੁਣ ਇਹ ਸਿੱਖੀ ਦੀ ਪਛਾਣ ਵਾਲੇ ਸ਼ਬਦਾਂ ਵਜੋਂ ਪ੍ਰਚੱਲਤ ਹੋ ਚੁੱਕੇ ਹਨ:

***ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥*** *(488)*

***ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥***
***ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥*** *(794)*

***ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥***
***ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥*** *(794)*

ਚਿਸ਼ਤੀਆ ਸੂਫ਼ੀ ਬੰਦਗੀ ਲਈ ਜੋਗੀਆਂ ਵਾਲੀਆਂ ਕਈ ਕਰੜੀਆਂ ਵਿਧੀਆਂ ਵੀ ਅਪਨਾਉਂਦੇ ਸਨ। ਇਹਨਾਂ ਕਰੜਾਈਆਂ ਨੂੰ ਸੁੱਖਾਂ ਦੀ ਪ੍ਰਾਪਤੀ ਦਾ ਅਤੇ ਬਹੁਤਾ ਖਾਣ-ਪੀਣ ਨੂੰ ਦੁੱਖਾਂ ਦਾ ਆਧਾਰ ਮੰਨਦੇ ਸਨ। ਦਿੱਲੀ ਰਹਿੰਦਿਆਂ ਫ਼ਰੀਦ ਜੀ ਨੇ ਆਪਣੇ ਮੁਰਸ਼ਦ ਦੀ ਨਿਗਰਾਨੀ ਹੇਠ ਕਰੜੀ ਬੰਦਗੀ ਕੀਤੀ। ਭੁੱਖਿਆਂ ਤਿਰਹਾਇਆਂ ਲੰਮੇ ਚਿਲੇ ਕੱਟੇ:

***ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥***
***ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥***
***ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥***
***ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥*** *(1379)*

ਫ਼ਰੀਦ ਜੀ ਦਾ ਮੱਤ ਬਣ ਗਿਆ ਸੀ ਕਿ ਹੋਰ ਸਾਰੇ ਰੰਗਾਂ ਅਤੇ ਰਸਾਂ ਨੂੰ ਜਵਾਨੀ ਵਿਚ ਹੀ ਤਿਆਗ ਕੇ ਰੱਬ ਦੀ ਬੰਦਗੀ ਦੇ ਰੰਗ ਨੂੰ ਧਾਰਨ ਕਰਨਾ ਚਾਹੀਦਾ ਹੈ। ਜਵਾਨੀ 'ਚ ਚੜ੍ਹਿਆ ਭਗਤੀ ਰੰਗ ਹੀ ਬੁਢਾਪੇ 'ਚ ਕਾਇਮ ਰਹਿ ਸਕਦਾ ਹੈ:

***ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥***
***ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥*** *(1378)*

ਫ਼ਰੀਦ ਜੀ ਦਾ ਉਪਰੋਕਤ ਸਲੋਕ ਗੁਰੂ ਨਾਨਕ ਅਤੇ ਗੁਰੂ ਅੰਗਦ ਦੀ ਮਾਰਫ਼ਤ ਜਦ ਗੁਰੂ ਅਮਰਦਾਸ ਕੋਲ ਪਹੁੰਚਦਾ ਹੈ ਤਾਂ ਉਹਨਾਂ ਨੂੰ ਇਹ ਅਟਪਟਾ ਜਿਹਾ ਲੱਗਦਾ ਹੈ। ਬਾਬਾ ਅਮਰਦਾਸ ਜੀ ਨੂੰ ਗੁਰ-ਸ਼ਬਦ ਦੀ ਛੋਹ ਵਡੇਰੀ ਉਮਰ ਵਿਚ ਹਾਸਲ ਹੋਈ ਅਤੇ ਭਗਤੀ ਦਾ ਰੰਗ ਮਗਰਲੀ ਉਮਰ ਵਿਚ ਚੜ੍ਹਿਆ। ਇਸ

*Original with:*
Jaswant Singh Zafar
*Digitized by;*
Panjab Digital Library

ਲਈ ਉਮਰ ਦੇ ਲਿਹਾਜ਼ ਨਾਲ ਉਹਨਾਂ ਦਾ ਅਨੁਭਵ ਫ਼ਰੀਦ ਜੀ ਤੋਂ ਵੱਖਰਾ ਸੀ। ਇਸ ਲਈ ਉਹਨਾਂ ਫ਼ਰੀਦ ਜੀ ਦੇ ਉਪਰੋਕਤ ਸਲੋਕ ਨਾਲ ਆਪਣੇ ਵਲੋਂ ਅਸਹਿਮਤੀ ਦਰਜ ਕੀਤੀ ਕਿ ਪਿਆਰੇ ਨਾਲ ਪ੍ਰੀਤ ਉਮਰ 'ਤੇ ਨਿਰਭਰ ਨਹੀਂ ਕਰਦੀ, ਨਾ ਇਹ ਆਪਣੇ ਚਾਹੁੰਣ ਜਾਂ ਲਾਉਣ ਨਾਲ ਲੱਗਦੀ ਹੈ, ਇਹ ਸਭ ਤਾਂ ਪਰਮਾਤਮਾ ਦੀ ਮਰਜ਼ੀ ਅਤੇ ਮਿਹਰ 'ਤੇ ਨਿਰਭਰ ਕਰਦਾ ਹੈ:

***ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥***
***ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥***
***ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥*** *(1378, ਮ.3)*

ਫ਼ਰੀਦ ਜੀ ਨੇ ਆਪਣੇ ਮੁਰਸ਼ਦ ਦੇ ਆਦੇਸ਼ ਨਾਲ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪੈਦਲ ਯਾਤਰਾਵਾਂ ਕੀਤੀਆਂ। ਪੈਦਲ ਯਾਤਰਾਵਾਂ ਕਰਨ ਨਾਲ ਉਹਨਾਂ ਨੂੰ ਧਰਤੀ ਨਾਲ ਗਹਿਰੀ ਤਰ੍ਹਾਂ ਜੁੜਨ ਦਾ ਅਵਸਰ ਮਿਲਿਆ। ਇਸ ਕਰਕੇ ਬਹੁਤ ਸਾਰੇ ਭੂ-ਦ੍ਰਿਸ਼ਾਂ ਦਾ ਉਹਨਾਂ ਦੇ ਕਲਾਮ ਵਿਚ ਆਗਮਨ ਹੋਇਆ, ਜਿਵੇਂ ਮੈਦਾਨ, ਕੱਲਰੀ ਧਰਤੀ, ਢਾਹਾ, ਟੋਏ, ਟਿੱਬੇ, ਛੱਪੜ, ਸਰਵਰ, ਜੰਗਲ, ਦਰਿਆ, ਪੱਤਣ, ਪਹਾੜ, ਬਾਗ, ਮਾਰੂਥਲ, ਖੇਤ, ਰਸਤੇ ਆਦਿ। ਰੁੱਤਾਂ, ਰੁੱਖਾਂ ਅਤੇ ਫ਼ਸਲਾਂ ਦੇ ਨਾਲ ਨਾਲ ਕਈ ਪ੍ਰਕਾਰ ਦੇ ਪੰਛੀਆਂ ਦਾ ਉਤਾਰਾ ਹੋਇਆ, ਜਿਵੇਂ ਕੋਇਲ, ਕੂੰਜ, ਹੰਸ, ਬਗਲਾ, ਕਾਂ, ਬਾਜ ਆਦਿ। ਆਪਣੀਆਂ ਯਾਤਰਾਵਾਂ ਦੌਰਾਨ ਫ਼ਰੀਦ ਜੀ ਨੇ ਬਗ਼ਦਾਦ, ਕੰਧਾਰ, ਗਜ਼ਨੀ, ਖੁਰਾਸਾਨ, ਬੁਖਾਰਾ ਆਦਿ ਥਾਵਾਂ 'ਤੇ ਸਥਿਤ ਇਲਮ ਦੇ ਕੇਂਦਰਾਂ 'ਤੇ ਜਾ ਕੇ



*Original with;*
Jaswant Singh Zafar
*Digitized by;*
Panjab Digital Library

ਆਪਣੇ ਮਸਤਕ ਨੂੰ ਰੌਸ਼ਨ ਕੀਤਾ। ਦੁਨੀਆਂ ਨੂੰ ਖੂਬ ਦੇਖਿਆ, ਜਾਣਿਆਂ ਅਤੇ ਸਮਝਿਆ। ਆਪ ਇਸਾਈਆਂ ਅਤੇ ਇਸਲਾਮੀ ਸੂਫ਼ੀਆਂ ਦੇ ਸਾਂਝੇ ਖਿੱਤੇ ਤੁਰਕੀ ਤੱਕ ਗਏ। ਇਸਲਾਮ ਦੇ ਸਾਰੇ ਰੰਗਾਂ-ਢੰਗਾਂ ਨੂੰ ਜਾਣਨ ਸਮਝਣ ਦੇ ਨਾਲ-ਨਾਲ ਉਹਨਾਂ ਇਸਾਈਅਤ ਅਤੇ ਹੋਰ ਵਿਚਾਰਾਂ ਨਾਲ ਵੀ ਸਾਂਝ ਪਾਈ। ਇਸ ਤਰ੍ਹਾਂ ਹੋਰ ਧਰਤੀਆਂ 'ਤੇ ਵਿਚਰਦਿਆਂ, ਹੋਰ ਲੋਕਾਂ ਨੂੰ ਮਿਲਦਿਆਂ, ਹੋਰ ਸੱਭਿਆਚਾਰਾਂ ਨੂੰ ਦੇਖਦਿਆਂ ਫ਼ਰੀਦ ਜੀ ਦੇ ਮਨ ਅੰਦਰ ਆਪਣੀ ਧਰਤੀ ਅਤੇ ਆਪਣੇ ਸੱਭਿਆਚਾਰ ਨਾਲ ਸੰਵਾਦ ਵੀ ਚਲਦਾ ਰਿਹਾ। ਉਹ ਆਪਣੀ ਧਰਤੀ ਦੇ ਲੋਕਾਂ ਲਈ ਬੜੇ ਨਿਵੇਕਲੇ ਅਤੇ ਅੱਲੋਕਾਰੇ ਸੁਨੇਹੇ ਵੀ ਲਿਖਦੇ ਰਹੇ:

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥** *(1378)*

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥** *(1382)*

ਫ਼ਰੀਦ ਜੀ ਜਿਸ ਸੱਭਿਆਚਾਰ ਨਾਲ ਸਬੰਧਤ ਸਨ ਜਾਂ ਜਿਸ ਖਿੱਤੇ ਵਿਚ ਉਹ ਜੰਮੇ, ਪਲ਼ੇ ਅਤੇ ਰਹੇ ਸਨ ਉਥੇ 'ਬੁਰੇ ਦਾ ਭਲਾ' ਵਾਲੀ ਸਿਆਣਪ ਸ਼ਾਇਦ ਲੋਕ-ਮਨ ਦਾ ਹਿੱਸਾ ਨਹੀਂ ਸੀ। ਕਮਜ਼ੋਰ ਨਾਲ ਅਨਿਆਂ ਅਤੇ ਮਾਸੂਮ 'ਤੇ ਜ਼ੁਲਮ, ਜਾਂ ਕਹਿ ਲਓ 'ਭਲੇ ਨਾਲ ਬੁਰਾ' ਤਾਂ ਬਹੁਤ ਸੀ, 'ਭਲੇ ਦਾ ਭਲਾ' ਗਰਜ਼ ਮੁਤਾਬਕ ਹੋ ਸਕਦਾ ਸੀ ਪਰ 'ਬੁਰੇ ਦਾ ਭਲਾ' ਸੋਚਿਆ ਨਹੀਂ ਸੀ ਜਾਂਦਾ। ਵੈਸੇ ਇਹ ਤੱਤ ਅਜੇ ਤੱਕ ਇਸ ਖਿੱਤੇ ਦੇ ਸੱਭਿਆਚਾਰ ਦੀ ਤਾਸੀਰ ਵਿਚ ਗੁੰਨ੍ਹਿਆਂ ਹੋਇਆ ਹੈ। ਫ਼ਰੀਦ ਜੀ ਦੇ ਇਸ ਉਪਦੇਸ਼ ਨੂੰ ਬਾਬਾ ਨਾਨਕ ਜੀ ਹੋਰ ਗੂੜ੍ਹਾ ਅਤੇ ਗਹਿਰਾ ਕਰਨਾ ਚਾਹੁੰਦੇ ਸਨ। ਉਹਨਾਂ ਮੁਤਾਬਕ ਸਾਨੂੰ ਬੁਰੇ ਦਾ ਭਲਾ ਕਰਨ ਵਿਚ ਓਨਾ ਚਿਰ ਦਿੱਕਤ ਆਉਂਦੀ ਰਹਿੰਦੀ ਹੈ ਜਦ ਤੱਕ ਬੁਰੇ ਨੂੰ ਬੁਰਾ ਸਮਝਦੇ ਰਹਿੰਦੇ ਹਾਂ ਜਾਂ ਕਹਿ ਲਓ ਕਿ ਜਦ ਤੱਕ ਬੁਰੇ ਅਤੇ ਭਲੇ ਨੂੰ ਅਲਹਿਦਾ-ਅਲਹਿਦਾ ਤਸਲੀਮ ਕਰਦੇ ਹਾਂ ਤਦ ਤੱਕ ਸਾਡਾ ਮਨ ਬੁਰੇ ਦਾ ਭਲਾ ਕਰਨ ਵੱਲ ਰੁਚਿਤ ਨਹੀਂ ਹੁੰਦਾ। ਇਸ ਲਈ ਬਾਬਾ ਨਾਨਕ ਜੀ ਬੁਰੇ ਨੂੰ ਬੁਰਾ ਸਮਝਣ 'ਤੇ ਹੀ ਰੋਕ ਲਾਉਂਦੇ ਹਨ:

**ਸਾਨੂੰ ਬੁਰੇ ਦਾ ਭਲਾ ਕਰਨ ਵਿਚ ਓਨਾ ਚਿਰ ਦਿੱਕਤ ਆਉਂਦੀ ਰਹਿੰਦੀ ਹੈ ਜਦ ਤੱਕ ਬੁਰੇ ਨੂੰ ਬੁਰਾ ਸਮਝਦੇ ਰਹਿੰਦੇ ਹਾਂ ਜਾਂ ਕਹਿ ਲਓ ਕਿ ਜਦ ਤੱਕ ਬੁਰੇ ਅਤੇ ਭਲੇ ਨੂੰ ਅਲਹਿਦਾ-ਅਲਹਿਦਾ ਤਸਲੀਮ ਕਰਦੇ ਹਾਂ ਤਦ ਤੱਕ ਸਾਡਾ ਮਨ ਬੁਰੇ ਦਾ ਭਲਾ ਕਰਨ ਵੱਲ ਰੁਚਿਤ ਨਹੀਂ ਹੁੰਦਾ।**

**ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥** *(353, ਮ.1)*

ਗੁਰੂ ਨਾਨਕ ਸਾਹਿਬ ਦੂਸਰਿਆਂ ਨੂੰ ਬੁਰੇ ਅਤੇ ਭਲੇ ਵਿਚ ਨਿਖੇੜਨ 'ਤੇ ਰੋਕ ਲਾਉਣ ਲਈ ਕਬੀਰ ਜੀ ਦੀ ਦੱਸੀ ਜੁਗਤ ਦੀ ਪੁਸ਼ਟੀ ਕਰਦੇ ਹਨ ਕਿ ਸਾਰੇ ਲੋਕ ਤਾਂ ਹੀ ਭਲੇ ਲੱਗ ਸਕਦੇ ਹਨ ਜੇ ਅਸੀਂ ਆਪਣੇ-ਆਪ ਨੂੰ ਬੁਰੇ ਐਲਾਨੀਏ ਅਤੇ ਹੋਰਨਾਂ ਨੂੰ ਆਪਣੇ ਤੋਂ ਚੰਗੇ ਸਮਝੀਏ:

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥** *(1364, ਕਬੀਰ ਜੀ)*

**ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥** *(728, ਮ.1)*

ਗੁਰੂ ਨਾਨਕ ਦੂਸਰੇ ਸ਼ਬਦਾਂ ਵਿਚ ਸਪਸ਼ਟ ਕਰਦੇ ਹਨ ਕਿ ਫ਼ਰੀਦ ਜੀ ਦੇ 'ਬੁਰੇ ਦਾ ਭਲਾ ਕਰਨ' ਦੇ ਉਪਦੇਸ਼ ਨੂੰ ਤਾਂ ਹੀ ਜੀਵਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੀ ਹਾਉਮੈ ਤਿਆਗ ਸਕਦੇ ਹੋਈਏ:

**ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥**
**ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥** *(1015, ਮ.1)*

Original with;
Jaswant Singh Zafar
Digitized by;
Panjab Digital Library

ਇਹ ਗੱਲ ਜਿੰਨੀ ਕਹਿਣੀ ਸੌਖੀ ਹੈ, ਸੁਣਨੀ ਓਸ ਤੋਂ ਔਖੀ, ਮੰਨਣੀ ਓਸ ਤੋਂ ਵੀ ਔਖੀ ਅਤੇ ਅਪਨਾਉਣੀ ਲਗਪਗ ਅਸੰਭਵ ਹੈ। ਜਿਸ ਧਰਤੀ ਦੇ ਸੱਭਿਆਚਾਰ ਵਿਚ 'ਦੁਸ਼ਮਣੀ' ਅਤੇ 'ਬਦਲਾ' ਏਨੇ ਰਚੇ ਹੋਣ ਉਥੋਂ ਦੇ ਲੋਕ-ਮਨ ਵਿਚ ਉਪਰੋਕਤ ਵਿਚਾਰ ਨੂੰ ਟਿਕਾਉਣਾ ਬਹੁਤ ਕਠਿਨ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਮਹਿਸੂਸ ਕਰਦੇ ਹਨ ਕਿ ਇਸ ਵਿਚਾਰ ਨੂੰ ਵਾਰ-ਵਾਰ ਦੁਹਰਾਉਣ ਦੀ ਲੋੜ ਹੈ ਕਿ ਸਿੱਖ ਨੇ ਕਿਸੇ ਨੂੰ ਆਪਣਾ ਦੁਸ਼ਮਣ ਕਰਕੇ ਨਹੀਂ ਜਾਣਨਾ, ਕਿਸੇ ਨਾਲ ਵੈਰ ਨਹੀਂ ਕਮਾਉਣਾ, ਕਿਸੇ ਪ੍ਰਤੀ ਬਦਲੇ ਦੀ ਭਾਵਨਾ ਨਹੀਂ ਰੱਖਣੀ:

***ਬੁਰਾ ਭਲਾ ਕੋਈ ਨ ਕਹੀਜੈ ॥ ਛੋਡਿ ਮਾਨੁ ਹਰਿ ਚਰਨ ਗਹੀਜੈ ॥*** *(186, ਮ.5)*

***ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥*** *(266, ਮ.5)*

***ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥*** *(278, ਮ.5)*

***ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ ॥*** *(383, ਮ.5)*

***ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥*** *(386, ਮ.5)*

***ਬੈਰੀ ਸਭਿ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥*** *(895, ਮ.5)*

***ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥*** *(1077, ਮ.5)*

***ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥*** *(1147, ਮ.5)*

***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥*** *(1299, ਮ.5)*

ਇਹ ਗਿਣਤੀ ਦੀਆਂ ਉਦਾਹਰਣਾਂ ਹਨ, ਪਰ ਗੁਰੂ ਸਾਹਿਬ ਨੇ ਇਸ ਸੰਦੇਸ਼ ਨੂੰ ਅਣਗਿਣਤ ਵਾਰ ਦੁਹਰਾਇਆ ਹੈ। ਇਸ ਦੇ ਬਾਵਜੂਦ ਗੁਰਮਤਿ ਵਿਚਾਰਧਾਰਾ ਦਾ ਇਹ ਬੁਨਿਆਦੀ ਤੱਤ ਇਸ ਖਿੱਤੇ ਦੇ ਸਥਾਨਕ ਸੱਭਿਆਚਾਰ ਦੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤਾਂ ਨੂੰ ਅਜੇ ਤੱਕ ਮਾਤ ਨਹੀਂ ਦੇ ਸਕਿਆ। ਅਸੀਂ ਆਪਣੇ ਬਚਪਨ ਤੋਂ ਹੁਣ ਤੱਕ ਸਿੱਖ ਸਟੇਜਾਂ ਤੋਂ ਸਿੱਖ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਅਤੇ ਲੀਡਰਾਂ ਤੋਂ ਇਹੀ ਸੁਣਿਆਂ ਹੈ ਅਤੇ 'ਸਿੱਖ ਹਿਤੈਸ਼ੀ' ਅਖਵਾਉਣ ਵਾਲੇ ਅਖ਼ਬਾਰਾਂ, ਰਸਾਲਿਆਂ 'ਚ ਇਹੀ ਪੜ੍ਹਿਆ ਹੈ ਕਿ ਸਿੱਖਾਂ ਦੇ ਮੁਗਲ ਦੁਸ਼ਮਣ, ਅਫ਼ਗਾਨ ਦੁਸ਼ਮਣ, ਡੋਗਰੇ ਦੁਸ਼ਮਣ, ਮਰਹੱਟੇ ਦੁਸ਼ਮਣ, ਅੰਗਰੇਜ਼ ਦੁਸ਼ਮਣ, ਮਹੰਤ ਦੁਸ਼ਮਣ, ਮੁਸਲਮਾਨ ਦੁਸ਼ਮਣ, ਕਾਂਗਰਸ ਦੁਸ਼ਮਣ, ਕੇਂਦਰ ਦੁਸ਼ਮਣ, ਹਿੰਦੂ ਦੁਸ਼ਮਣ, ਆਰ.ਐਸ.ਐਸ. ਦੁਸ਼ਮਣ, ਕਮਿਊਨਿਸਟ ਦੁਸ਼ਮਣ, ਮੀਡੀਆ ਦੁਸ਼ਮਣ। ਕਈ ਵਾਰ ਤਾਂ ਗੱਲ ਇਸ ਤੋਂ ਵੀ ਅਗਾਂਹ ਚਲੀ ਜਾਂਦੀ ਹੈ ਕਿ ਮਾਸਟਰ ਤਾਰਾ ਸਿੰਘ ਦੁਸ਼ਮਣ, ਸੰਤ ਲੌਂਗੋਵਾਲ ਦੁਸ਼ਮਣ, ਵਗੈਰਾ-ਵਗੈਰਾ। ਓਦੋਂ ਤਾਂ ਹੱਦ ਹੀ ਹੋ ਜਾਂਦੀ ਹੈ ਜਦ ਸੁਣਦੇ ਹਾਂ ਕਿ ਸਿੱਖ ਦਾ ਹਰ ਸਿੱਖ ਦੁਸ਼ਮਣ। ਕਿਸੇ ਵਲੋਂ ਸਾਡੇ ਨਾਲ ਦੁਸ਼ਮਣੀ ਕਰਨਾ ਹੋਰ ਗੱਲ ਹੈ ਪਰ ਸਾਡਾ ਉਸ ਨੂੰ ਆਪਣਾ ਦੁਸ਼ਮਣ ਤਸਲੀਮ ਕਰਨਾ ਹੋਰ ਗੱਲ ਹੈ। ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ ਸਿੱਖ ਹੋ ਕੇ ਉਹ ਅਵੱਸਥਾ ਧਾਰਨ ਕਰਨੀ ਹੈ ਜਿਥੇ ਕੋਈ ਦੁਸ਼ਮਣ ਮਹਿਸੂਸ ਹੀ ਨਾ ਹੋਵੇ, ਦੁਸ਼ਮਣੀ ਦਾ ਭਾਵ ਹਿਰਦੇ ਤੋਂ ਦੂਰ ਰਹੇ। ਪਰ ਸਾਨੂੰ ਸਾਰੇ ਹੀ ਦੁਸ਼ਮਣ ਲਗਦੇ ਹਨ,

**ਕਿਸੇ ਵਲੋਂ ਸਾਡੇ ਨਾਲ ਦੁਸ਼ਮਣੀ ਕਰਨਾ ਹੋਰ ਗੱਲ ਹੈ ਪਰ ਸਾਡਾ ਉਸ ਨੂੰ ਆਪਣਾ ਦੁਸ਼ਮਣ ਤਸਲੀਮ ਕਰਨਾ ਹੋਰ ਗੱਲ ਹੈ। ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ ਸਿੱਖ ਹੋ ਕੇ ਉਹ ਅਵੱਸਥਾ ਧਾਰਨ ਕਰਨੀ ਹੈ ਜਿਥੇ ਕੋਈ ਦੁਸ਼ਮਣ ਮਹਿਸੂਸ ਹੀ ਨਾ ਹੋਵੇ, ਦੁਸ਼ਮਣੀ ਦਾ ਭਾਵ ਹਿਰਦੇ ਤੋਂ ਦੂਰ ਰਹੇ। ਪਰ ਸਾਨੂੰ ਸਾਰੇ ਹੀ ਦੁਸ਼ਮਣ ਲਗਦੇ ਹਨ, ਕੋਈ ਮੀਤ ਨਜ਼ਰ ਹੀ ਨਹੀਂ ਆਉਂਦਾ।**

Originally;
Jaswant Singh Zafar,
Digitized by;
Panjab Digital Library

ਕੋਈ ਮੀਤ ਨਜ਼ਰ ਹੀ ਨਹੀਂ ਆਉਂਦਾ। ਗੁਰੂ ਦੇ ਸਨਮੁਖ ਸਾਡੀ ਸਥਿਤੀ ਕਿੰਨੀ ਹਾਸੋਹੀਣੀ ਹੈ, ਗੁਰੂ ਕਿਵੇਂ ਬਹੁੜੀ ਕਰੇਗਾ?

ਸਾਡੇ ਮਨ ਨੂੰ ਜੋ ਹੁਲਾਰਾ 'ਦੁਸ਼ਮਣੀ' ਜਾਂ 'ਬਦਲੇ' ਦੇ ਜੈਕਾਰੇ ਜਾਂ ਲਲਕਾਰੇ ਨਾਲ ਮਿਲਦਾ ਹੈ ਉਹ ਗੁਰੂ ਦੇ 'ਸਰਬੱਤ ਦੇ ਭਲੇ' ਦੇ ਸੰਦੇਸ਼ ਨਾਲ ਨਹੀਂ ਮਿਲਦਾ। 1984 ਤੋਂ 1992 ਦੌਰਾਨ ਜਦ ਡਾਹਢੇ ਸਿੱਖਾਂ ਨੇ ਪੰਜਾਬੀ ਗਵੱਈਆਂ ਨੂੰ ਇਸ਼ਕੀਆ ਕਿਸਮ ਦੇ ਗੀਤ ਗਾਉਣ ਤੋਂ ਵਰਜ ਦਿੱਤਾ ਸੀ ਤਾਂ ਇਹਨਾਂ ਗਵੱਈਆਂ ਨੇ ਸਿਰਾਂ 'ਤੇ ਗੋਲ ਕੇਸਰੀ ਪਰਨੇ ਸਜਾ ਕੇ "ਪੱਤਾ ਪੱਤਾ ਸਿੰਘਾਂ ਦਾ ਵੈਰੀ" ਵਰਗੇ ਗੀਤ ਰਿਕਾਰਡ ਕਰਾਉਣੇ ਸ਼ੁਰੂ ਕਰ ਦਿਤੇ ਸਨ, ਜੋ ਲੱਚਰ ਗੀਤਾਂ ਨਾਲੋਂ ਵੀ ਜ਼ਿਆਦਾ ਮਕਬੂਲ ਹੋਏ। ਭਾਵ ਹਰੇਕ ਨੂੰ ਆਪਣਾ ਵੈਰੀ ਤਸਲੀਮ ਕਰਨਾ ਸਾਨੂੰ ਬੜਾ ਸੁਖਦ ਲੱਗਦਾ ਹੈ, ਆਪਣੀ ਵਡਿਆਈ ਲੱਗਦੀ ਹੈ। ਬਾਬਾ ਫ਼ਰੀਦ, ਕਬੀਰ ਜੀ, ਬਾਬਾ ਨਾਨਕ ਅਤੇ ਗੁਰੂ ਅਰਜਨ ਦੇ ਉਪਰੋਕਤ ਵਿਚਾਰਾਂ ਸਮੇਤ ਸ੍ਰੀ ਆਦਿ ਗਰੰਥ ਸਾਹਿਬ ਨੂੰ ਗੁਰੂ ਦਰਜਾ ਮਿਲਣ ਤੋਂ ਬਾਅਦ ਦੇ ਬਹੁ-ਗਿਣਤੀ ਸਿੱਖ ਯੋਧਿਆਂ ਭਾਵ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸ. ਬਲਵੰਤ ਸਿੰਘ ਰਾਜੋਆਣਾ ਤੱਕ ਦੀ ਮਹਿਮਾ (ਸਮੇਤ ਸ. ਭਗਤ ਸਿੰਘ, ਸ. ਊਧਮ ਸਿੰਘ ਦੇ) ਅਸੀਂ ਉਹਨਾਂ ਵਲੋਂ 'ਦੁਸ਼ਮਣਾਂ ਤੋਂ ਲਏ ਬਦਲੇ' ਕਾਰਨ ਗਾਉਂਦੇ, ਸੁਣਦੇ ਅਤੇ ਜਾਣਦੇ ਹਾਂ। ਨਾ ਬਾਬਾ ਬੰਦਾ ਸਿੰਘ ਨੂੰ ਵੱਡੀਆਂ ਅਤੇ ਸਿਫਤੀ ਪ੍ਰਸ਼ਾਸਨਕ ਤਬਦੀਲੀਆਂ ਲਿਆਉਣ ਵਾਲੇ ਸ਼ਾਸਕ ਵਜੋਂ ਅਤੇ ਨਾ ਸ. ਭਗਤ ਸਿੰਘ ਨੂੰ ਸਮਾਜਵਾਦੀ ਚਿੰਤਕ ਅਤੇ ਕਾਰਕੁੰਨ ਵਜੋਂ ਗਾਇਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁੰਣ ਵਾਲੇ ਅਤੇ ਮਨੁੱਖਤਾ ਦਾ ਦੁੱਖ ਘਟਾਉਣ ਵਾਲੇ ਭਗਤ ਪੂਰਨ ਸਿੰਘ ਦੀ ਬਜਾਏ 'ਦੁਸ਼ਮਣਾਂ ਤੋਂ ਬਦਲਾ ਲੈਣ' ਵਾਲੇ ਜਿਊਣੇ ਮੌੜ ਅਤੇ ਸੁੱਚੇ ਸੂਰਮੇ ਦੀਆਂ ਵਾਰਾਂ ਗਾਈਆਂ, ਸੁਣੀਆਂ ਜਾਂਦੀਆਂ ਹਨ। ਦੂਜੇ ਪਾਸੇ ਭਾਈ ਤਾਰੂ ਸਿੰਘ ਜੈਸੇ ਨਾਇਕ ਦੇ ਸਿੱਖੀ ਪਿਆਰ ਅਤੇ ਸਿੱਖੀ ਸਿਦਕ ਬਾਰੇ ਜਿੰਨੀ ਭਾਵਪੂਰਤ ਕਵਿਤਾ ਬੰਗਾਲ 'ਚ ਬੈਠੇ ਕਵੀ ਰਾਬਿੰਦਰ ਨਾਥ ਟੈਗੋਰ ਨੇ ਲਿਖੀ ਓਨੀ ਸਾਡੇ ਵੱਡੇ ਤੋਂ ਵੱਡੇ ਪੰਜਾਬੀ ਜਾਂ ਸਿੱਖ ਕਵੀ ਦੇ ਲਿਖਣੀਂ ਭਾਗੀਂ ਨਹੀਂ ਹੋਈ।

ਪੰਜਾਬ ਦੇ ਮੁਸਲਮਾਨ "ਬੁਰੇ ਦਾ ਭਲਾ ਕਰਿ" ਕਹਿਣ ਵਾਲੇ ਬਾਬਾ ਫ਼ਰੀਦ ਨੂੰ ਆਪਣਾ ਪੀਰ ਮੰਨਦੇ ਹਨ ਅਤੇ ਸਿੱਖ "ਬੁਰਾ ਨ ਦਿਸੈ ਕੋਇ" ਕਹਿਣ ਵਾਲੇ ਬਾਬੇ ਨਾਨਕ ਨੂੰ ਆਪਣਾ ਪੈਗੰਬਰ ਜਾਣਦੇ ਹਨ। ਪਰ 1947 ਦੀ ਪੰਜਾਬ ਵੰਡ ਵੇਲੇ ਪੱਛਮੀ ਪਾਸੇ ਦੇ ਮੁਸਲਮਾਨਾਂ ਨੇ ਬੇਕਸੂਰ ਹਿੰਦੂਆਂ ਅਤੇ ਸਿੱਖਾਂ ਦਾ ਅਤੇ ਪੂਰਬੀ ਪਾਸੇ ਦੇ ਹਿੰਦੂਆਂ ਅਤੇ ਸਿੱਖਾਂ ਨੇ ਬੇਕਸੂਰ ਮੁਸਲਮਾਨਾਂ ਦਾ ਰੱਜ ਕੇ ਲਹੂ ਵਹਾਇਆ, ਮਾਸੂਮ ਬੱਚਿਆਂ ਨੂੰ ਨਹੀਂ ਬਖ਼ਸ਼ਿਆ, ਦਿਲ ਖੋਲ੍ਹ ਕੇ ਲੁੱਟਾਂ ਖੋਹਾਂ ਕੀਤੀਆਂ, ਔਰਤਾਂ ਦੀ ਰੱਜ ਕੇ ਬੇਪਤੀ ਕੀਤੀ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਦੀ ਧਰਤੀ 'ਤੇ ਵਾਪਰਿਆ ਇਹ ਦੁਖਾਂਤ ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿਚ ਵਾਪਰੀਆਂ ਸਭ ਤੋਂ ਘਿਨਾਉਣੀਆਂ ਘਟਨਾਵਾਂ ਵਿਚ ਗਿਣਿਆਂ ਜਾਂਦਾ ਹੈ। ਅਸਲ ਵਿਚ "ਬੁਰੇ ਦਾ ਭਲਾ ਕਰਿ" ਕਹਿਣ ਵਾਲੇ ਬਾਬਾ ਫ਼ਰੀਦ ਤੋਂ ਲੈ ਕੇ "ਬੈਰੀ ਮੀਤ ਸਮਾਨਿ" ਕਹਿਣ ਵਾਲੇ ਗੁਰੂ ਤੇਗ ਬਹਾਦਰ ਤੱਕ ਸਾਰੇ ਬਾਣੀਕਾਰ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਇਕਜੁੱਟ ਹੋ ਕੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤਾਂ ਨੂੰ ਸਾਡੇ ਸੱਭਿਆਚਾਰ 'ਚੋਂ ਮੇਟਣਾ ਚਾਹੁੰਦੇ ਹਨ। ਇਸ ਲਈ ਉਹ ਸਾਰੇ 'ਹਉਮੈ' ਨੂੰ ਮਿਟਾਉਣ ਦੀ ਗੁਹਾਰ ਲਗਾ ਰਹੇ ਹਨ। ਪਰ ਅਸੀਂ ਉਹਨਾਂ ਨੂੰ ਹਰਗਿਜ਼ ਕਾਮਯਾਬ ਨਹੀਂ ਹੋਣ ਦੇ ਰਹੇ, ਕਿਉਂਕਿ ਸਾਡੇ ਪੰਜਾਬੀ ਸੱਭਿਆਚਾਰ ਦੀ ਤਾਂ ਬੱਲੇ-ਬੱਲੇ ਹੀ 'ਦੁਸ਼ਮਣੀ' ਅਤੇ 'ਬਦਲੇ' ਦੇ ਤੱਤਾਂ ਕਾਰਨ ਹੈ। ਇਹ ਗੱਲ ਵੱਖਰੀ ਹੈ ਕਿ ਗੁਰੂ ਨੂੰ ਘਚਾਨੀ ਦੇਣ ਲਈ ਅਸੀਂ ਆਪਣੀ ਵਿਅਕਤੀਗਤ ਅਤੇ ਜਮਾਤੀ ਹਉਮੈ ਦਾ ਨਾਂ ਬਦਲ ਕੇ 'ਅਣਖ' ਰੱਖ ਲੈਂਦੇ ਹਾਂ। ਸਾਡੀਆਂ ਹੋਰ ਵੀ ਕਈ ਚੀਜ਼ਾਂ ਹਨ ਜੋ ਗੁਰੂ ਨੂੰ ਬਿਲਕੁਲ ਪਸੰਦ ਨਹੀਂ, ਅਸੀਂ ਉਹਨਾਂ ਨੂੰ ਤਿਆਗਣ ਦੀ ਬਜਾਏ ਉਹਨਾਂ ਦਾ ਨਾਂ ਬਦਲ

**"ਬੁਰੇ ਦਾ ਭਲਾ ਕਰਿ" ਕਹਿਣ ਵਾਲੇ ਬਾਬਾ ਫ਼ਰੀਦ ਤੋਂ ਲੈ ਕੇ "ਬੈਰੀ ਮੀਤ ਸਮਾਨਿ" ਕਹਿਣ ਵਾਲੇ ਗੁਰੂ ਤੇਗ ਬਹਾਦਰ ਤੱਕ ਸਾਰੇ ਬਾਣੀਕਾਰ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਇਕਜੁੱਟ ਹੋ ਕੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤਾਂ ਨੂੰ ਸਾਡੇ ਸੱਭਿਆਚਾਰ 'ਚੋਂ ਮੇਟਣਾ ਚਾਹੁੰਦੇ ਹਨ। ਇਸ ਲਈ ਉਹ ਸਾਰੇ 'ਹਉਮੈ' ਨੂੰ ਮਿਟਾਉਣ ਦੀ ਗੁਹਾਰ ਲਗਾ ਰਹੇ ਹਨ।**

*Original with;*
Jaswant Singh Zafar
*Digitized by;*
Panjab Digital Library

ਲੈਂਦੇ ਹਾਂ।

ਪੁਰਾਣੇ ਜ਼ਮਾਨੇ ਵਿਚ ਰਾਜ ਭਾਗ ’ਤੇ ਕਬਜ਼ੇ ਦਾ ਫ਼ੈਸਲਾ ਜੰਗਾਂ-ਯੁੱਧਾਂ ਵਿਚ ਹੋਣ ਵਾਲੀ ਹਾਰ ਜਿੱਤ ਨਾਲ ਹੁੰਦਾ ਸੀ। ਵਰਤਮਾਨ ਸਮੇਂ ਵਿਚ ਰਾਜ-ਸੱਤਾ ਹਾਸਲ ਕਰਨ ਲਈ ਖ਼ੂਨ-ਖਰਾਬੇ ਦੀ ਬਜਾਏ ਚੋਣਾਂ ਵਿਚ ਵੱਧ ਵੋਟਾਂ ਲੈਣ ਦਾ ਤਰੀਕਾ ਪ੍ਰਚੱਲਤ ਹੈ। ਪਰ ਸਾਡਾ ਆਪਣੇ ਪੁਰਾਣੇ ਸੱਭਿਆਚਾਰ ਨਾਲ ਪਿਆਰ ਦੇਖੋ। ਅਸੀਂ ਅਜੇ ਵੀ ਚੋਣਾਂ ਵਿਚ ਭਾਗ ਲੈਣ ਨੂੰ ਚੋਣ ਲੜਨਾ ਆਖਦੇ ਹਾਂ। ਗੱਲ ਕੀ, ਸਾਡਾ ਲੜਾਈ, ਟਾਕਰੇ ਅਤੇ ਹਿੰਸਾ ਤੋਂ ਬਿਨਾ ਜਿਵੇਂ ਗੁਜ਼ਾਰਾ ਨਹੀਂ ਹੈ। ਹਿੰਸਾ, ਲੜਾਈ, ਬਦਲੇ, ਹੈਂਕੜ, ਧੌਂਸ ਆਦਿ ਦੇ ਮਸਾਲੇ ਨਾਲ ਨੱਕੋ-ਨੱਕ ਭਰੇ ਪੰਜਾਬੀ ਗੀਤ ਗਾਉਣ ਵਾਲੇ ਗਵੱਈਏ ਜਦ ਆਪਣੇ-ਆਪ ਨੂੰ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਵਾਲੇ ਰਖਵਾਲੇ ਦੱਸਦੇ ਹਨ ਤਾਂ ਜਾਪਦਾ ਹੈ ਕਿ ਉਹ ਠੀਕ ਹੀ ਕਹਿ ਰਹੇ ਹਨ ਕਿਉਂਕਿ ਅਜਿਹਾ ਕਰਕੇ ਉਹ ਪੰਜਾਬੀ ਸੱਭਿਆਚਾਰ ਨੂੰ ਗੁਰੂ ਗਰੰਥ ਸਾਹਿਬ ਦੇ ਫਲਸਫ਼ੇ ਦੇ ਪ੍ਰਭਾਵ ਤੋਂ ਬਚਾ ਰਹੇ ਹਨ।

**ਹਿੰਸਾ, ਲੜਾਈ, ਬਦਲੇ, ਹੈਂਕੜ, ਧੌਂਸ ਆਦਿ ਦੇ ਮਸਾਲੇ ਨਾਲ ਨੱਕੋ-ਨੱਕ ਭਰੇ ਪੰਜਾਬੀ ਗੀਤ ਗਾਉਣ ਵਾਲੇ ਗਵੱਈਏ ਜਦ ਆਪਣੇ-ਆਪ ਨੂੰ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਵਾਲੇ ਰਖਵਾਲੇ ਦੱਸਦੇ ਹਨ ਤਾਂ ਜਾਪਦਾ ਹੈ ਕਿ ਉਹ ਠੀਕ ਹੀ ਕਹਿ ਰਹੇ ਹਨ ਕਿਉਂਕਿ ਅਜਿਹਾ ਕਰਕੇ ਉਹ ਪੰਜਾਬੀ ਸੱਭਿਆਚਾਰ ਨੂੰ ਗੁਰੂ ਗਰੰਥ ਸਾਹਿਬ ਦੇ ਫਲਸਫ਼ੇ ਦੇ ਪ੍ਰਭਾਵ ਤੋਂ ਬਚਾ ਰਹੇ ਹਨ।**

ਦੁਸ਼ਮਣ ਵਲੋਂ ਇਕ ਗੱਲ੍ਹ ’ਤੇ ਚਪੇੜ ਮਾਰੇ ਜਾਣ ’ਤੇ ਦੂਜੀ ਗੱਲ੍ਹ ਅੱਗੇ ਕਰਨ ਵਾਲੀ ਮਹਾਤਮਾ ਗਾਂਧੀ ਦੀ ਗੱਲ ਦਾ ਪੰਜਾਬੀਆਂ ਵਲੋਂ ਸਭ ਤੋਂ ਵੱਧ ਮਜ਼ਾਕ ਉਡਾਇਆ ਜਾਂਦਾ ਹੈ ਹਾਲਾਂ ਕਿ ਮਹਾਤਮਾ ਗਾਂਧੀ ਦੀ ਇਸ ਗੱਲ ਦੀ ਭਾਵਨਾ ਪੰਜਾਬੀ ਦੇ ਮੋਢੀ ਸ਼ਾਇਰ ਬਾਬਾ ਫ਼ਰੀਦ ਦੇ ਗੁਰੂ ਗਰੰਥ ਸਾਹਿਬ ਵਿਚ ਦਰਜ “ਤਿਨ੍ਾ ਨ ਮਾਰੇ ਘੁੰਮਿ” ਅਤੇ “ਬੁਰੇ ਦਾ ਭਲਾ ਕਰਿ” ਵਾਲੇ ਦੋਹਾਂ ਸਲੋਕਾਂ ਦੇ ਬੜੀ ਨੇੜੇ-ਤੇੜੇ ਹੈ। ਜਦ ਮੈਂ ਫ਼ਰੀਦ ਜੀ ਦੇ ਇਹਨਾਂ ਸਲੋਕਾਂ ਦਾ ਧਿਆਨ ਧਰਦਾ ਹਾਂ ਤਾਂ ਮੈਨੂੰ 1999 ਵਿਚ ਉੜੀਸਾ ’ਚ ਇਕ ਪਰਿਵਾਰ ਨਾਲ ਵਾਪਰੀ ਭਿਆਨਕ ਘਟਨਾ ਯਾਦ ਆ ਜਾਂਦੀ ਹੈ। ਆਸਟ੍ਰੇਲੀਆ ਦੇ ਇਸਾਈ ਮਿਸ਼ਨਰੀ ਡਾ. ਗਰ੍ਹੱਮ ਸਟੇਨਜ਼ 1965 ਤੋਂ ਉਡੀਸਾ ਦੇ ਕਬਾਇਲੀ ਇਲਾਕਿਆਂ ਦੇ ਗਰੀਬਾਂ, ਖਾਸਕਰ ਕੋਹੜ ਦੇ ਮਰੀਜ਼ਾਂ ਲਈ ਕੰਮ ਕਰਦੇ ਸਨ। ਕਬਾਇਲੀ ਲੋਕ ਉਹਨਾਂ ਨੂੰ ਮਸੀਹੇ ਵਾਂਗ ਸਮਝਦੇ ਸਨ। ਉਹਨਾਂ ਦੀ ਨੇਕੀ ਕਰਕੇ ਕਈ ਲੋਕ ਇਸਾਈਅਤ ਵੱਲ ਵੀ ਆਕਰਸ਼ਤ ਹੋਏ ਹੋਣਗੇ। ਇਸ ਗੱਲ ਤੋਂ ਖਫ਼ਾ ਹੋ ਕੇ ਇਕ ਮਜ਼ਹਬੀ ਸੰਗਠਨ ਦੇ ਕਾਰਕੁੰਨਾਂ ਨੇ ਇਕ ਰਾਤ ਉਹਨਾਂ ਨੂੰ ਉਹਨਾਂ ਦੇ 9 ਸਾਲ ਅਤੇ 6 ਸਾਲ ਦੇ ਪੁੱਤਰਾਂ ਸਮੇਤ ਉਸ ਸਮੇਂ ਜਿੰਦਾ ਜਲ਼ਾ ਦਿੱਤਾ ਜਦ ਉਹ ਤਿੰਨੋਂ ਆਪਣੀ ਗੱਡੀ ਵਿਚ ਸੁੱਤੇ ਪਏ ਸਨ। ਆਪਣੇ ਪਤੀ ਅਤੇ ਮਾਸੂਮ ਬੱਚਿਆਂ ਦੇ ਇਸ ਬੇਰਹਿਮ ਕਤਲ ਮਗਰੋਂ ਡਾ. ਗਰ੍ਹੱਮ ਸਟੇਨਜ਼ ਦੀ ਪਤਨੀ ਸ਼੍ਰੀਮਤੀ ਗਲੈਡੀ ਸਟੇਨਜ਼ ਨੇ ਜੋ ਅਦਾਲਤੀ ਬਿਆਨ ਦਿੱਤਾ ਉਹ ਦੇਖਣ ਅਤੇ ਵਿਚਾਰਨ ਵਾਲਾ ਹੈ:

*“ਡਾ. ਗਰ੍ਹੱਮ ਦੁਆਰਾ ਆਰੰਭੇ ਕਾਰਜ ਨੂੰ ਅੱਗੇ ਤੋਰਨ ਲਈ ਅਤੇ ਮੈਨੂੰ ਨੇਕੀ ਦਾ ਰਸਤਾ ਦਿਖਾਉਣ ਲਈ ਪਰਮਾਤਮਾ ਹਮੇਸ਼ਾ ਮੇਰੇ ਅੰਗ-ਸੰਗ ਹੈ। ਮੈਨੂੰ ਆਪਣੇ ਪਤੀ ਅਤੇ ਬੱਚਿਆਂ ਦੇ ਏਨੀ ਬੇਰਹਿਮੀ ਨਾਲ ਮਾਰੇ ਜਾਣ ’ਤੇ ਕਈ ਵਾਰ ਹੈਰਾਨੀ ਤਾਂ ਹੁੰਦੀ ਹੈ ਪਰ ਮੇਰੇ ਦਿਲ’ਚ ਇਹ ਬਿਲਕੁਲ ਨਹੀਂ ਆਉਂਦਾ ਕਿ ਜ਼ਿੰਮੇਵਾਰ ਵਿਅਕਤੀਆਂ ਨੂੰ ਕੋਈ ਸਜ਼ਾ ਦਿੱਤੀ ਜਾਵੇ। ਮੈਨੂੰ ਆਸ ਹੈ ਕਿ ਉਹਨਾਂ ਦੇ ਮਨਾਂ ’ਚ ਜ਼ਰੂਰ ਆਪਣੇ ਕੀਤੇ ਲਈ ਪਛਤਾਵਾ ਹੋਵੇਗਾ ਅਤੇ ਉਹ ਆਪਣੇ-ਆਪ ਨੂੰ ਸੁਧਾਰ ਲੈਣਗੇ।”*

ਸ਼੍ਰੀਮਤੀ ਗਲੈਡੀ ਨੇ ਆਪਣੇ ਪਤੀ ਡਾ. ਗਰ੍ਹੱਮ ਸਟੇਨਜ਼ ਤੋਂ ਮਗਰੋਂ ਉਸ ਦੇ ਮਿਸ਼ਨਰੀ ਕਾਰਜਾਂ ਨੂੰ ਉਸੇ ਤਰ੍ਹਾਂ ਜਾਰੀ ਰੱਖਿਆ, ਕੋਈ ਢਿੱਲ ਨਹੀਂ ਆਉਣ ਦਿੱਤੀ। ਕਬਾਇਲੀ ਖੇਤਰ ਵਿਚ ਕੋਹੜ ਦੇ ਰੋਗੀਆਂ ਦੀ ਭਲਾਈ ਲਈ ਕੀਤੇ ਕਾਰਜਾਂ ਲਈ ਉਸ ਨੂੰ 2005 ਵਿਚ ਪਦਮਸ਼੍ਰੀ ਐਵਾਰਡ ਦਿੱਤਾ ਗਿਆ। ਇਸ ਉਦਾਹਰਣ ਦਾ

Original with;
Jaswant Singh Zafar
Digitized by;
Panjab Digital Library

ਇਹ ਮਤਲਬ ਨਹੀਂ ਕਿ ਇਸਾਈਆਂ ਨੇ ਕਦੀ ਮਨੁੱਖਤਾ ਵਿਰੋਧੀ ਕੰਮ ਨਹੀਂ ਕੀਤੇ ਜਾਂ ਇਸਾਈਅਤ ਕਰਕੇ ਮਨੁੱਖਤਾ ਦਾ ਖ਼ੂਨ ਨਹੀਂ ਡੁੱਲ੍ਹਿਆ ਜਾਂ ਸਾਰੇ ਇਸਾਈ ਡਾ. ਗਰ੍ਹੱਮ ਜਾਂ ਗਲੈਡੀ ਸਟੇਨਜ਼ ਵਰਗੇ ਨੇਕ ਹਨ। ਅਸੀਂ ਜਾਣਦੇ ਹਾਂ ਕਿ ਸਿੱਖਾਂ ਉੱਤੇ ਸਟੇਨਜ਼ ਪਰਿਵਾਰ ਨਾਲੋਂ ਵੀ ਵੱਡੇ ਅਤੇ ਅਣਗਿਣਤ ਕਹਿਰ ਵਾਪਰੇ ਹਨ, ਅਸਹਿ ਅਤੇ ਅਕਹਿ ਕਸ਼ਟ ਸਹਾਰੇ ਹਨ ਪਰ ਗੁਰੂ ਸਾਹਿਬਾਨ ਤੋਂ ਮਗਰਲੇ ਸਿੱਖ ਇਤਿਹਾਸ ਵਿਚ ਕਿਸੇ ਵੀ ਦੁਖਦਾਈ ਘਟਨਾ ਮਗਰੋਂ ਕਦੀ ਇਹੋ ਜਿਹਾ ਪ੍ਰਤੀਕਰਮ ਸਾਹਮਣੇ ਨਹੀਂ ਆਇਆ ਜਿਸ ਤਰ੍ਹਾਂ ਦਾ ਅਸੀਂ ਸ਼੍ਰੀਮਤੀ ਗਲੈਡੀ ਦੇ ਲਫ਼ਜ਼ਾਂ ਵਿਚ ਉਪਰ ਪੜ੍ਹਿਆ ਹੈ। ਇਸ ਗੱਲ ਨੂੰ ਇਥੇ ਸਮੇਟਦਿਆਂ ਫ਼ਰੀਦ ਜੀ ਦਾ ਇਕ ਸਲੋਕ ਸਾਂਝਾ ਕਰਕੇ ਅੱਗੇ ਤੁਰਦੇ ਹਾਂ:

***ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥***
***ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*** *(1382)*

ਅਸੀਂ ਬਾਬਾ ਫ਼ਰੀਦ ਦੇ ਦੂਰ ਦਰਾਜ਼ ਦੇ ਭਰਮਣ ਦੀ ਗੱਲ ਕਰ ਰਹੇ ਸੀ। ਵੱਖ-ਵੱਖ ਥਾਵਾਂ ਦੀ ਲੰਮੀ ਯਾਤਰਾ ਤੋਂ ਪਰਤ ਕੇ ਜਦ ਉਹ ਮੁਰਸ਼ਦ ਸਨਮੁਖ ਦਿੱਲੀ ਆਣ ਹਾਜ਼ਰ ਹੋਏ ਤਾਂ ਖ਼ੁਆਜਾ ਬਖ਼ਤਿਆਰ ਕਾਕੀ ਨੇ ਉਹਨਾਂ ਨੂੰ ਹਾਂਸੀ ਨਗਰ ਵਿਖੇ ਡੇਰਾ ਕਰਨ ਦੀ ਹਦਾਇਤ ਕੀਤੀ। ਹਾਂਸੀ ਵਿਖੇ 20-22 ਸਾਲ ਰਹਿੰਦਿਆਂ ਉਹਨਾਂ ਲੋਕਾਈ ਨਾਲ ਆਪਣੇ ਵਿਚਾਰਾਂ ਅਤੇ ਅਨੁਭਵਾਂ ਦੀ ਸਾਂਝ ਕੀਤੀ। ਬਹੁਤੀ ਬਾਣੀ ਦੀ ਰਚਨਾ ਵੀ ਹਾਂਸੀ ਰਹਿੰਦਿਆਂ ਕੀਤੀ। ਇਥੇ ਹੀ ਉਹਨਾਂ ਦੀ ਪਹਿਲੀ ਸ਼ਾਦੀ ਹੋਈ। ਉਹਨਾਂ ਦਾ ਗ੍ਰਹਿਸਤ ਜੀਵਨ ਬਹੁਤ ਰਸੀਲਾ, ਇਕਸੁਰਤਾ ਅਤੇ ਸਕੂਨ ਭਰਿਆ ਸੀ। ਉਹਨਾਂ ਔਰਤ ਦੇ ਤਨ ਅਤੇ ਮਨ ਦੀਆਂ ਲੋੜਾਂ, ਉਮੰਗਾਂ, ਖਹਿਸ਼ਾਂ, ਪ੍ਰਗਟਾਵੇ ਅਤੇ ਉਹਨਾਂ ਦੇ ਪ੍ਰਸਪਰ ਸਬੰਧਾਂ ਦੇ ਹਵਾਲੇ ਨਾਲ ਬਹੁਤ ਹੀ ਦਿਲ ਟੁੰਬਵੇਂ ਕਲਾਮ ਦੀ ਸਿਰਜਨਾ ਕੀਤੀ। ਉਹ ਜਾਣਦੇ ਸਨ ਕਿ ਪੜ੍ਹਨਹਾਰ ਦੇ ਦਿਲ ਨੂੰ ਟੁੰਬਣ ਦੀ ਕਲਾ ਬਗੈਰ ਆਪਣੇ ਵਿਚਾਰ ਜਾਂ ਸੰਦੇਸ਼ ਨੂੰ ਟਿਕਾਣੇ ਸਿਰ ਨਹੀਂ ਪਹੁੰਚਾਇਆ ਜਾ ਸਕਦਾ:

***ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥***
***ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥***
***ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥***
***ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥*** *(488)*

***ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥***
***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥*** *(794)*

***ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥***
***ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥***
***ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥***
***ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥*** *(794)*

***ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥***
***ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥*** *(1377)*

***ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥***
***ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥*** *(1379)*

***ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥***
***ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥*** *(1381)*

Original with:
Jaswant Singh Zafar
Digitized by;
Panjab Digital Library



ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥
ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥ *(1384)*

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ *(1384)*

ਇੰਜ ਅਸੀਂ ਦੇਖ ਸਕਦੇ ਹਾਂ ਕਿ ਗੁਰਬਾਣੀ ਵਿਚ ਆਤਮਾ ਦੇ ਪਰਮਾਤਮਾ ਪ੍ਰਤੀ ਲਗਾਓ ਨੂੰ ਪ੍ਰੇਮੀ-ਪ੍ਰੇਮਿਕਾ ਦੇ ਪਿਆਰ ਦੇ ਹਵਾਲੇ ਨਾਲ ਅਤੇ ਆਤਮਾ-ਪਰਮਾਤਮਾ ਦੇ ਮਿਲਾਪ ਨੂੰ ਪਤੀ-ਪਤਨੀ ਦੇ ਮਿਲਾਪ ਦੇ ਹਵਾਲੇ ਨਾਲ ਚਿਤਰਨ ਦੀ ਰਵਾਇਤ ਬਾਬਾ ਫ਼ਰੀਦ ਸਾਹਿਬ ਤੋਂ ਚਲੀ ਆਉਂਦੀ ਹੈ। ਪਰ ਫ਼ਰੀਦ ਜੀ ਤੋਂ ਬਾਅਦ ਰਚੀ ਬਾਣੀ ਵਿਚ ਇਕ ਖਾਸ ਫ਼ਰਕ ਸਾਹਮਣੇ ਆਉਂਦਾ ਹੈ। ਉਹ ਫ਼ਰਕ ਇਹ ਹੈ ਕਿ ਫ਼ਰੀਦ ਸਾਹਿਬ ਪਰਮਾਤਮਾ ਪ੍ਰੇਮੀ ਜਾਂ ਪਤੀ ਦੇ ਮਿਲਾਪ ਲਈ ਆਤਮਾ ਅਤੇ ਔਰਤ ਨੂੰ ਵਾਰ-ਵਾਰ ਉਚੇਚੇ ਯਤਨ ਕਰਨ

Original with;
Jaswant Singh Zafar
Digitized by;
Panjab Digital Library

ਦੀ ਤਾਕੀਦ ਕਰਦੇ ਹਨ, ਢੁੱਕਵੀਂ ਯੋਗਤਾ ਅਤੇ ਗੁਣ ਪੈਦਾ ਕਰਨ ਲਈ ਮਿਹਨਤ ਦੀ ਮੰਗ ਕਰਦੇ ਹਨ। ਪਰ ਬਾਬਾ ਨਾਨਕ ਕਿਸੇ ਉਚੇਚ ਦੀ ਬਜਾਏ ਸਹਿਜ ਮਿਲਾਪ ਦੀ ਗੱਲ ਕਰਦੇ ਹਨ। ਇਸ ਦਾ ਕਾਰਨ ਇਹ ਸਮਝ ਆਉਂਦਾ ਹੈ ਕਿ ਫ਼ਰੀਦ ਜੀ ਰੱਬ ਦੀ ਹਸਤੀ ਨੂੰ ਜੀਵਾਂ ਤੋਂ ਅਲਹਿਦਾ ਤਸਲੀਮ ਕਰਦੇ ਹਨ ਜਦ ਕਿ ਗੁਰੂ ਨਾਨਕ ਰੱਬ ਨੂੰ ਸਾਰੇ ਜੀਵਾਂ ਵਿਚ ਰਸਿਆ ਵਸਿਆ ਮੰਨਦੇ ਹਨ। ਇਸ ਸੰਵਾਦ ਨੂੰ ਦਰਸਾਉਂਦੇ ਦੋਹਾਂ ਬਾਬਿਆਂ ਦੇ ਸਲੋਕ ਇਕੱਠੇ ਅੰਕਤ ਕੀਤੇ ਹੋਏ ਮਿਲਦੇ ਹਨ:

***ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥***
***ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥*** *(ਫ਼ਰੀਦ ਜੀ)*

***ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥***
***ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥*** *(1379, ਮ. 1)*

ਦੋ ਹੋਰ ਉਦਾਹਰਣਾਂ ਹਨ ਜਿਹਨਾਂ ਵਿਚ ਫ਼ਰੀਦ ਜੀ ਰਾਤ ਨੂੰ ਪਤੀ-ਪਤਨੀ ਦੇ ਸਰੀਰਕ ਮਿਲਾਪ ਦੇ ਸੂਖ਼ਮ ਹਵਾਲੇ ਨਾਲ ਸਮਝਾਉਂਦੇ ਹਨ ਕਿ ਮਿਲਾਪ ਦੀਆਂ ਘੜੀਆਂ ਵੇਲੇ ਸੁਚੇਤ ਜਾਂ ਜਾਗਦੇ ਹੋਣ ਨਾਲ ਹੀ ਪ੍ਰੇਮ-ਮਿਲਾਪ ਦੀ ਦਾਤ ਹਾਸਲ ਹੋ ਸਕਦੀ ਹੈ। ਪਰ ਗੁਰੂ ਨਾਨਕ ਦਾ ਮੰਨਣਾ ਹੈ ਕਿ ਮਿਲਾਪ ਦੇ ਮਾਮਲੇ ਦਾ ਬਹੁਤਾ ਸਬੰਧ ਯਤਨ ਨਾਲ ਨਹੀਂ ਸਗੋਂ ਕਿਰਪਾ ਨਾਲ ਹੈ। ਜੇ ਆਪਸ ਵਿਚ ਸਬੰਧ ਠੀਕ ਨਹੀਂ ਤਾਂ ਜਾਗਦਿਆਂ ਵੀ ਮਿਲਾਪ ਨਸੀਬ ਨਹੀਂ ਹੁੰਦਾ ਪਰ ਜੇ ਰਿਸ਼ਤਾ ਪਿਆਰ ਭਰਿਆ ਹੈ ਤਾਂ ਸੁੱਤਿਆਂ ਨੂੰ ਵੀ ਜਗਾ ਲਿਆ ਜਾਂਦਾ ਹੈ:

***ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥***
***ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥*** *(1382, ਫ਼ਰੀਦ ਜੀ)*

***ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥***
***ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥*** *(1384, ਫ਼ਰੀਦ ਜੀ)*

***ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥***
***ਇਕਿ ਜਾਗੰਦੇ ਨਾ ਲਹਨਿ੍ ਇਕਨ੍ਹਾ ਸੁਤਿਆ ਦੇਇ ਉਠਾਲਿ ॥*** *(1384, ਮ.1)*

ਇਹ ਸੰਵਾਦ ਅੱਗੇ ਚਲਦਾ ਹੈ। ਫ਼ਰੀਦ ਜੀ ਆਖਦੇ ਹਨ ਕਿ ਰੱਬ ਤੱਕ ਪਹੁੰਚਣ ਅਤੇ ਮਿਲਣ ਦਾ ਰਸਤਾ ਬਹੁਤ ਲੰਮੇਰਾ ਅਤੇ ਮੁਸ਼ਕਲ ਹੈ। ਇਸ 'ਤੇ ਤੁਰਦਿਆਂ ਸਰੀਰ ਤੰਦੂਰ ਵਾਂਗ ਤਪਣ ਲਗਦਾ ਹੈ, ਜਿਸ ਅੰਦਰ ਹੱਡੀਆਂ ਬਾਲਣ ਵਾਂਗ ਬਲਣ ਲੱਗਦੀਆਂ ਹਨ, ਪੈਰ ਏਨੇ ਥੱਕ ਜਾਂਦੇ ਹਨ ਕਿ ਸਿਰ ਭਾਰ ਤੁਰਨ ਦੀ ਨੌਬਤ ਆ ਜਾਂਦੀ ਹੈ। ਪਰ ਗੁਰੂ ਨਾਨਕ ਦੀ ਟਿੱਪਣੀ ਹੈ ਕਿ ਸਰੀਰ ਨੂੰ ਏਨਾ ਕਸ਼ਟ ਦੇਣ ਦੀ ਲੋੜ ਹੀ ਨਹੀਂ, ਜਦ ਰੱਬ ਬੰਦੇ ਦੇ ਅੰਦਰ ਹੈ, ਬੰਦੇ ਦੇ ਹਰ ਸਮੇਂ ਨਾਲ ਹੈ, ਫਿਰ ਤੁਰ-ਤੁਰ ਕੇ ਪੈਰਾਂ ਤੇ ਸਿਰ ਦਾ ਕਿਉਂ ਨਾਸ ਮਾਰਨਾ ਹੈ:

***ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥***
***ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥*** *(ਫ਼ਰੀਦ ਜੀ)*

***ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥***
***ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥***
***ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥***
***ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥*** *(1384, ਮ. 1)*

ਜਦੋਂ ਨੈਤਿਕਤਾ ਦਾ ਜਾਂ ਮਨੁੱਖ ਹੋਣ ਦੇ ਨਾਤੇ ਆਪਣੇ ਫ਼ਰਜ਼ਾਂ ਦੀ ਪੂਰਤੀ ਦਾ ਉਪਦੇਸ਼ ਦਿੱਤਾ ਗਿਆ ਤਾਂ ਫ਼ਰੀਦ ਜੀ ਆਪਣੀ ਗੱਲ ਰੱਬ ਦਾ ਭੈਅ ਦੇ ਕੇ ਕਰਦੇ ਹਨ। ਪਰ ਗੁਰੂ ਨਾਨਕ ਆਪਣੀ ਹਸਤੀ ਦੇ ਮਹੱਤਵ

*Original with;*
Jaswant Singh Zafar
*Digitized by;*
Panjab Digital Library

ਨੂੰ ਸਫ਼ਲ ਕਰਨ ਲਈ ਆਪਣੇ ਅੰਦਰੋਂ ਪ੍ਰੇਰਨਾ ਪੈਦਾ ਕਰਨ ਲਈ ਆਖਦੇ ਹਨ, ਆਪਾ ਚੀਨਣ ਦੀ ਗੱਲ ਕਰਦੇ ਹਨ:

***ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥***
***ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥*** *(1379, ਫ਼ਰੀਦ ਜੀ)*

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥*** *(156, ਮ. 1)*

ਫ਼ਰੀਦ ਜੀ ਦੇ ਨਾਂ ਹੇਠ ਦਰਜ ਸਲੋਕਾਂ ਅੰਦਰ ਇਸੇ ਤਰ੍ਹਾਂ ਦਾ ਕਾਵਿ-ਸੰਵਾਦ ਬਾਬਾ ਫ਼ਰੀਦ ਅਤੇ ਗੁਰੂ ਅਮਰਦਾਸ ਦਰਮਿਆਨ ਵੀ ਹੈ। ਫ਼ਰੀਦ ਜੀ ਆਖਦੇ ਹਨ ਕਿ ਮੈਂ ਆਪਣੇ ਕਪੜੇ ਪਾੜ ਕੇ ਲੀਰਾਂ ਕਰ ਲਏ ਹਨ ਅਤੇ ਸਿਰਫ਼ ਇਕ ਕੰਬਲੀ ਉੱਤੇ ਲਈ ਹੋਈ ਹੈ। ਅਜਿਹਾ ਫ਼ਕੀਰੀ ਪਹਿਰਾਵਾ ਧਾਰਨ ਕਰਨ ਨਾਲ ਹੀ ਰੱਬ ਦਾ ਮਿਲਾਪ ਹੁੰਦਾ ਹੈ। ਪਰ ਗੁਰੂ ਅਮਰਦਾਸ ਜੀ ਇਸ ਗੱਲ ਨਾਲ ਸਹਿਮਤ ਨਹੀਂ ਹੁੰਦੇ। ਉਹਨਾਂ ਦਾ ਵਿਚਾਰ ਹੈ ਕਿ ਰੱਬ ਦੇ ਮਿਲਾਪ ਲਈ ਫ਼ਕੀਰੀ ਵੇਸ ਧਾਰਨ ਕਰਕੇ ਬਾਹਰ ਭਟਕਣ ਦੀ ਲੋੜ ਨਹੀਂ, ਘਰ ਬੈਠਿਆਂ ਹੀ ਉਸ ਨੂੰ ਮਿਲਿਆ ਜਾ ਸਕਦਾ ਹੈ:

ਫ਼ਰੀਦ ਜੀ: ***ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥***
***ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥***

ਗੁਰੂ ਅਮਰਦਾਸ: ***ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥***
***ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥*** *(1383)*

ਗੱਲ ਅੱਗੇ ਤੋਰੀਏ। ਖ਼ੁਆਜਾ ਬਖ਼ਤਿਆਰ ਕਾਕੀ ਸਾਹਿਬ ਦਾ ਅੰਤਮ ਸਮਾਂ ਨੇੜੇ ਆਉਣ 'ਤੇ ਦਿੱਲੀ ਵਿਖੇ ਉਹਨਾਂ ਦੇ ਕਈ ਪੈਰੋਕਾਰ ਚਿਸਤੀਆ ਫਿਰਕੇ ਦੇ ਮੁਖੀ ਹੋਣਾ ਲੋਚਦੇ ਸਨ। ਜਦ ਕਿ ਬਾਬਾ ਫ਼ਰੀਦ ਨੂੰ ਮਜ਼ਹਬੀ ਪੇਸ਼ਵਾ ਹੋਣ ਦੀ ਕੋਈ ਲਾਲਸਾ ਨਹੀਂ ਸੀ। ਪਰ ਖ਼ੁਆਜਾ ਸਾਹਿਬ ਨੇ ਉਹਨਾਂ ਨੂੰ ਹਾਂਸੀ ਤੋਂ ਦਿੱਲੀ ਬੁਲਾ ਕੇ ਆਪਣਾ ਉਤਰਾਧਿਕਾਰੀ ਥਾਪ ਦਿੱਤਾ। ਫ਼ਰੀਦ ਜੀ ਨੇ ਇਸ ਨੂੰ ਰੁਤਬੇ ਵਾਂਗ ਧਾਰਨ ਨਹੀਂ ਕੀਤਾ, ਸਿਰਫ਼ ਆਪਣੇ ਮੁਰਸ਼ਦ ਦਾ ਹੁਕਮ ਜਾਣ ਕੇ ਇਸ ਦਾ ਪਾਲਣ ਕੀਤਾ:

***ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥***
***ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥*** *(488)*

ਪਰ ਨਿੱਕੇ ਪਿੰਡ 'ਚ ਜੰਮੇ-ਪਲ਼ੇ, ਦੂਰ-ਦੂਰ ਤੱਕ ਸੁਤੰਤਰ ਵਿਚਰਨ ਵਾਲੇ ਅਲਬੇਲੇ ਸੁਭਾਅ ਵਾਲੇ ਸ਼ਾਇਰ ਬਾਬਾ ਫ਼ਰੀਦ ਨੂੰ ਦਿੱਲੀ ਰਾਸ ਨਹੀਂ ਆਈ। ਉਹਨਾਂ ਦਾ ਲੋਕਾਂ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਮਿਲਣਾ ਗਿਲਣਾ ਬੰਦ ਹੋ ਗਿਆ। ਇਸ ਤਰ੍ਹਾਂ ਦੀ ਜ਼ਿੰਮੇਵਾਰੀ ਨਾਲ ਜੁੜੀਆਂ ਦੁਸ਼ਵਾਰੀਆਂ ਤੋਂ ਉਹ ਹੁਣ ਤੱਕ ਅਣਭਿੱਜ ਸਨ। ਉਹਨਾਂ ਆਪਣੇ ਆਪ ਨੂੰ ਕਈ ਸਾਜ਼ਿਸ਼ਾਂ ਅਤੇ ਅਣਸੁਖਾਵੀਆਂ ਹਾਲਤਾਂ ਵਿਚ ਘਿਰਿਆ ਮਹਿਸੂਸ ਕੀਤਾ। ਆਪਣੇ ਕਈ ਸੁਨੇਹੀਆਂ ਦੇ ਪਿਆਰ ਨੂੰ ਈਰਖਾ 'ਚ ਵਟਦੇ ਦੇਖਿਆ। ਇਸ ਸਾਰੇ ਵਰਤਾਰੇ ਨੂੰ ਦੇਖ ਕੇ ਉਹ ਬੜੇ ਉਦਾਸ ਅਤੇ ਦੁਖੀ ਹੋਏ। ਉਹ ਆਪਣੇ ਦਿਲ ਦੀ ਵਿਥਿਆ ਆਪਣੇ ਰੱਬ ਨੂੰ ਸੁਣਾਉਂਦੇ। ਆਪਣੇ ਵਿਛੜੇ ਮੁਰਸ਼ਦ ਨੂੰ ਯਾਦ ਕਰਦੇ:

***ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥***
***ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥*** *(1378)*

***ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥***

*Original with;*
Jaswant Singh Zafar
*Digitized by;*
Panjab Digital Library

**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥** *(1379)*

**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥**
**ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥** *(1384)*

ਫ਼ਰੀਦ ਜੀ ਜਿਥੇ ਹੋਣਾ ਚਾਹੁੰਦੇ ਸਨ ਉਥੇ ਨਹੀਂ ਸਨ, ਜਿਹੋ ਜਿਹੇ ਹੋਣਾ ਚਾਹੁੰਦੇ ਸਨ ਹੁਣ ਉਹੋ ਜਿਹੇ ਹੋ ਨਹੀਂ ਪਾ ਰਹੇ ਸਨ। ਪਰ ਉਹਨਾਂ ਦਿੱਲੀ 'ਚ ਵਸਦਿਆਂ ਵੀ ਦਿੱਲੀ ਨੂੰ ਆਪਣੇ ਅੰਦਰ ਵਸਣ ਨਾ ਦਿੱਤਾ। ਜਦ ਜਾਨ ਪੂਰੀ ਤਰ੍ਹਾਂ ਬਿਰਹੋਂ ਦੇ ਮੂੰਹ ਆ ਗਈ ਤਾਂ ਉਹਨਾਂ ਦਿੱਲੀ ਛੱਡ ਦਿੱਤੀ ਅਤੇ ਸਤਲੁਜ ਕੰਢੇ ਅਜੋਧਨ ਨਗਰ ਆ ਗਏ। ਬਾਅਦ ਵਿਚ ਬਾਦਸ਼ਾਹ ਅਕਬਰ ਨੇ ਆਪਣੇ ਰਾਜ ਸਮੇਂ ਫ਼ਰੀਦ ਜੀ ਦੇ ਆਦਰ ਵਿਚ ਇਸ ਸਥਾਨ ਦਾ ਨਾਂ ਪਾਕ ਪਟਨ ਰੱਖਿਆ। ਦਿੱਲੀ ਤੋਂ ਅਜੋਧਨ ਆਉਂਦਿਆਂ ਰਸਤੇ ਵਿਚ ਬਾਬਾ ਜੀ ਮੋਖ਼ਲਪੁਰ ਨਗਰ ਰੁਕੇ। ਇਥੋਂ ਦੇ ਰਾਜੇ ਨੇ ਉਹਨਾਂ ਦੀ ਦਰਵੇਸ਼ੀ ਦੀ ਬੁਲੰਦੀ ਨੂੰ ਜਾਣ ਕੇ ਉਹਨਾਂ ਦਾ ਬਹੁਤ ਆਦਰ ਮਾਣ ਕੀਤਾ ਅਤੇ ਫ਼ਰੀਦ ਜੀ ਦੇ ਸਤਿਕਾਰ ਵਿਚ ਆਪਣੇ ਨਗਰ ਮੋਖਲਪੁਰ ਦਾ ਨਾਂ ਬਦਲ ਕੇ ਫਰੀਦਕੋਟ ਰੱਖਿਆ।

ਫ਼ਰੀਦ ਜੀ ਦੀ ਆਮਦ ਨਾਲ ਅਜੋਧਨ ਗਿਆਨ, ਚਿੰਤਨ ਅਤੇ ਸ਼ਾਇਰੀ ਦਾ ਵੱਡਾ ਕੇਂਦਰ ਬਣ ਗਿਆ। ਉਹਨਾਂ ਦੁਆਲੇ ਉਹਨਾਂ ਦੇ ਪ੍ਰਸੰਸਕਾਂ, ਸ਼ਰਧਾਲੂਆਂ, ਦਾਨਿਸ਼ਵਰਾਂ ਅਤੇ ਦਰਵੇਸ਼ਾਂ ਦੀਆਂ ਭੀੜਾਂ ਜੁੜਨ ਲੱਗੀਆਂ। ਇਸ ਗੱਲ ਦੀ ਸ਼ਹਿਰ ਦੇ ਕਾਜ਼ੀ ਅਤੇ ਸੂਬੇਦਾਰ ਨੂੰ ਬੜੀ ਤਕਲੀਫ਼ ਰਹਿਣ ਲੱਗੀ। ਉਹ ਫ਼ਰੀਦ ਜੀ ਪ੍ਰਤੀ ਦੁਸ਼ਮਣੀ ਦਾ ਭਾਵ ਰੱਖਣ ਲੱਗੇ। ਉਹਨਾਂ ਦੇ ਪਰਿਵਾਰ ਨੂੰ ਕਈ ਤਰ੍ਹਾਂ ਦੀਆਂ ਤੰਗੀਆਂ ਦੇਣ ਲੱਗੇ। ਬਾਦਸ਼ਾਹ ਕੋਲ ਉਹਨਾਂ ਦੀਆਂ ਸ਼ਿਕਾਇਤਾਂ ਅਤੇ ਚੁਗਲੀਆਂ ਵੀ ਕੀਤੀਆਂ। ਪਰ ਬਾਬਾ ਜੀ ਨੇ ਉਹਨਾਂ ਦੀ ਈਨ ਨਹੀਂ ਮੰਨੀ।

ਫ਼ਰੀਦ ਜੀ ਨੇ ਅਮੀਰੀ ਗਰੀਬੀ ਦੇ ਫਰਕ ਨੂੰ ਮੇਟਣ ਲਈ ਭਾਵੇਂ ਕੋਈ ਮੁਹਿੰਮ ਨਹੀਂ ਚਲਾਈ ਪਰ ਇਹ ਫਰਕ ਆਪ ਨੂੰ ਬਹੁਤ ਬੇਚੈਨ ਕਰਦਾ ਰਿਹਾ। ਉਹਨਾਂ ਦੀ ਇਹ ਬੇਚੈਨੀ ਰੱਜ ਨਾਲੋਂ ਵੱਧ ਹਾਸਲ ਕਰਨ ਵਾਲਿਆਂ ਨੂੰ ਰੱਬ ਦਾ ਭੈਅ ਦਿੰਦੀ:

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥**
**ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥** *(1380)*

ਫ਼ਰੀਦ ਜੀ ਦੀ ਇਕ ਪੀਰ ਵਜੋਂ ਅਤੇ ਇਕ ਫਿਰਕੇ ਦੇ ਮੁਖੀ ਵਜੋਂ ਏਨੀ ਮਹਿਮਾ ਅਤੇ ਮਾਨਤਾ ਸੀ ਕਿ ਉਹ ਚਾਹੁੰਦੇ ਤਾਂ ਬਹੁਤ ਸੁੱਖਾਂ ਸਹੂਲਤਾਂ ਵਾਲਾ ਜੀਵਨ ਬਸਰ ਕਰ ਸਕਦੇ ਸਨ, ਆਪਣੇ ਪਰਿਵਾਰ ਨੂੰ ਮੌਜਾਂ ਕਰਾ ਸਕਦੇ ਸਨ। ਪਰ ਉਹਨਾਂ ਗਰੀਬ ਤੋਂ ਗਰੀਬ ਬੰਦੇ ਵਰਗਾ ਜੀਵਨ ਜੀਵਿਆ, ਅਮੀਰਾਂ ਦੀ ਅਮੀਰੀ ਅਤੇ ਨਖ਼ਰੇ ਵਾਲੇ ਜੀਵਨ ਪ੍ਰਤੀ ਆਪਣੀ ਨਾਪਸੰਦੀ ਜ਼ਾਹਿਰ ਕੀਤੀ:

**ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥** *(1378)*

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥**
**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥** *(1380)*

ਪਰ ਉਹਨਾਂ ਦਾ ਪਰਿਵਾਰ ਉਹਨਾਂ ਦੇ ਅਜਿਹੇ ਰਵੱਈਏ ਤੋਂ ਖੁਸ਼ ਨਹੀਂ ਸੀ। ਉਹਨਾਂ ਦੀ ਏਨੀ ਮਾਨਤਾ ਦੇ ਬਾਵਜੂਦ ਪਰਿਵਾਰ ਨੂੰ ਕੋਈ ਸੁੱਖ ਸਹੂਲਤ ਨਹੀਂ ਸੀ। ਪਰਿਵਾਰ ਦੇ ਸਾਰੇ ਜੀਆਂ ਨੂੰ ਆਪਣੀ ਰੋਟੀ ਦਾ ਤੋਰਾ ਆਪ ਹੀ ਤੋਰਨਾ ਪੈਂਦਾ ਸੀ। ਫ਼ਰੀਦ ਜੀ ਕਿਸੇ ਤੋਂ ਕੋਈ ਭੇਟਾ, ਤੋਹਫ਼ਾ ਜਾਂ ਰਿਆਇਤ ਸਵੀਕਾਰ ਨਹੀਂ ਸਨ ਕਰਦੇ। ਇਕ ਵਾਰ ਬਾਦਸ਼ਾਹ ਮੁਹੰਮਦ ਤੁਗ਼ਲਕ ਨੇ ਇਕ ਫੌਜੀ ਟੁਕੜੀ ਫ਼ਰੀਦ ਜੀ ਵਾਸਤੇ ਕੁਝ ਨਕਦੀ ਅਤੇ

Original with;
Jaswant Singh Zafar
Digitized by;
Panjab Digital Library

ਅਜੋਧਨ ਦੇ ਆਸ-ਪਾਸ ਦੇ 8-10 ਪਿੰਡਾਂ ਦੀ ਜਾਗੀਰ ਦਾ ਨਜ਼ਰਾਨਾ ਦੇ ਕੇ ਭੇਜੀ। ਇਹਨਾਂ ਪਿੰਡਾਂ ਦੇ ਮਾਲੀਏ ਨਾਲ ਉਹਨਾਂ ਦੀ ਦਰਗਾਹ / ਡੇਰੇ ਦੀਆਂ ਲੋੜਾਂ ਸੁਖਾਲ਼ੀਆਂ ਪੂਰੀਆਂ ਹੋ ਸਕਦੀਆਂ ਸਨ। ਫ਼ਰੀਦ ਜੀ ਨੂੰ ਜਦ ਨਜ਼ਰਾਨਾ ਲੈ ਕੇ ਆਏ ਫੌਜੀਆਂ ਦੀ ਆਮਦ ਬਾਬਤ ਦੱਸਿਆ ਗਿਆ ਤਾਂ ਉਹਨਾਂ ਅੰਦਰੋਂ ਹੀ ਕਹਿ ਦਿੱਤਾ ਕਿ ਜੋ ਨਕਦੀ ਹੈ ਬਾਹਰ ਦਰਵੇਸ਼ਾਂ ਨੂੰ ਲੋੜ ਅਨੁਸਾਰ ਵੰਡ ਦਿੱਤੀ ਜਾਵੇ, ਜਾਗੀਰ ਤਾਂ ਉੱਕਾ ਕੋਈ ਨਹੀਂ ਲੈਣੀ। ਨਿਰਾਸ਼ ਹੋਏ ਫੌਜੀਆਂ ਨੇ ਕਿਹਾ, "ਚਲੋ ਸਾਨੂੰ ਬਾਬਾ ਜੀ ਦੇ ਦੀਦਾਰ ਹੀ ਕਰਾ ਦਿਓ।" ਪਰ ਫ਼ਰੀਦ ਜੀ ਨੇ ਦਰਸ਼ਨ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਫੌਜੀਆਂ ਦੇ ਬਹੁਤਾ ਵੈਰਾਗ ਕਰਨ 'ਤੇ ਫ਼ਰੀਦ ਜੀ ਦੇ ਇਕ ਪੁਰਾਣੇ ਕੁੜਤੇ ਦੀ ਬਾਂਹ ਬਾਹਰ ਕੰਧ ਨਾਲ ਲਟਕਾ ਦਿੱਤੀ ਗਈ, ਜਿਸ ਨੂੰ ਸ਼ਰਧਾਲੂ ਦੇਖ ਜਾਂ ਛੂਹ ਸਕਦੇ ਸਨ। ਸ਼ਾਮ ਤੱਕ ਲੋਕਾਂ ਨੇ ਇਸ ਕੱਪੜੇ ਨਾਲ ਹੱਥ ਘਸਾ ਘਸਾ ਕੇ ਇਸ ਦਾ ਧਾਗਾ ਧਾਗਾ ਕਰ ਦਿੱਤਾ। ਇਕ ਫੌਜੀ ਕਿਸੇ ਤਰੀਕੇ ਅੰਦਰ ਫ਼ਰੀਦ ਜੀ ਤੱਕ ਪਹੁੰਚਣ 'ਚ ਕਾਮਯਾਬ ਜੋ ਗਿਆ। ਸਲਾਮ ਅਰਜ਼ ਤੋਂ ਬਾਅਦ ਉਸ ਬੜੀ ਆਧੀਨਗੀ ਨਾਲ ਕਿਹਾ, "ਬਾਬਾ ਜੀ, ਅੱਲ੍ਹਾ ਦੀ ਆਪ 'ਤੇ ਏਨੀ ਰਹਿਮਤ ਹੈ, ਅੱਲ੍ਹਾ ਦੇ ਬੰਦਿਆਂ ਪ੍ਰਤੀ ਤੁਹਾਡੀ ਏਨੀ ਬੇਰੁਖੀ ਠੀਕ ਨਹੀਂ।" ਫ਼ਰੀਦ ਜੀ ਨੇ ਉਸ ਨੂੰ ਘੁੱਟ ਕੇ ਜੱਫੀ ਪਾਈ ਅਤੇ ਹੱਸ ਕੇ ਕਹਿਣ ਲੱਗੇ, "ਇਹ ਪਾਬੰਦੀ ਤੇਰੇ ਲਈ ਨਹੀਂ ਸੀ। ਤੂੰ ਮਿਲਣਾ ਸੀ, ਇਸ ਲਈ ਜਿਵੇਂ ਕਿਵੇਂ ਵੀ ਪਹੁੰਚ ਗਿਆ।" ਇਕ ਤਾਂ ਚਿਸ਼ਤੀਆ ਸੂਫ਼ੀਆਂ ਦਾ ਅਸੂਲ ਸੀ ਸਰਕਾਰੀ ਸਰਪਰਸਤੀ ਨਾ ਲੈਣ ਦਾ, ਜਿਸ ਕਰਕੇ ਫ਼ਰੀਦ ਜੀ ਨੇ ਸਰਕਾਰੀ ਬੰਦਿਆਂ ਨਾਲ ਮੇਲ ਮਿਲਾਪ ਨੂੰ ਟਾਲਿਆ ਸੀ। ਦੂਸਰਾ, ਜਿਹਨਾਂ ਦਾ ਲੀੜੇ ਨੂੰ ਹੱਥ ਲਾ ਕੇ ਸਰ ਸਕਦਾ ਸੀ ਉਹਨਾਂ ਨਾਲ ਫ਼ਰੀਦ ਜੀ ਨੇ ਕਾਹਨੂੰ ਵਕਤ ਖਰਾਬ ਕਰਨਾ ਸੀ।

ਹੱਥ ਘਸਾਉਣ ਵਾਲੇ ਸਚਮੁਚ ਅਜੇ ਤੱਕ ਉਵੇਂ ਹੀ ਸਾਰੀ ਜਾ ਰਹੇ ਹਨ। ਫ਼ਰੀਦਕੋਟ ਵਿਖੇ ਫ਼ਰੀਦ ਜੀ ਨਾਲ ਸਬੰਧਤ ਰੁੱਖ ਦੀ ਲੱਕੜੀ ਸ਼ਰਧਾਲੂਆਂ ਨੇ ਹੱਥ ਫੇਰ ਫੇਰ ਕੇ ਲਿਸ਼ਕਾਈ ਪਈ ਹੈ। ਹੋਰ ਇਤਿਹਾਸਕ ਗੁਰਧਾਮਾਂ 'ਤੇ ਵੀ ਦੇਖਿਆ ਗਿਆ ਹੈ ਕਿ ਸੰਗਤ ਅੰਦਰ ਗੁਰ ਕੇ ਸ਼ਬਦ ਦੀ ਵਿਚਾਰ ਨਾਲ ਓਨੀ ਰੁਚੀ ਨਾਲ ਨਹੀਂ ਜੁੜਦੀ ਜਿੰਨੀ ਬਕਾਇਦਗੀ ਨਾਲ ਬਾਹਰ ਇਤਿਹਾਸਕ ਰੁੱਖ ਨੂੰ ਮੱਥੇ ਟੇਕਦੀ ਜਾਂ ਉਸ 'ਤੇ ਹੱਥ ਫੇਰਦੀ ਹੈ। ਬੇਹਿਸਾਬੇ ਹੱਥ ਫਿਰਨ ਕਰਕੇ ਤਣੇ ਦੀ ਛਿੱਲ ਘਸ ਕੇ ਖ਼ਤਮ ਹੋ ਸਕਦੀ ਹੈ ਅਤੇ ਰੁੱਖ ਸੁੱਕ ਸਕਦਾ ਹੈ। ਅਜਿਹੀ ਸ਼ਰਧਾ ਦੀ ਮਾਰ ਤੋਂ ਬਚਾਉਣ ਲਈ ਕਈ ਵਾਰ ਪ੍ਰਬੰਧਕਾਂ ਨੂੰ ਇਤਿਹਾਸਕ ਰੁੱਖਾਂ ਦੇ ਤਣੇ ਉਦਾਲੇ ਕਪੜਾ ਲਪੇਟਣਾ ਪੈਂਦਾ ਹੈ ਜਾਂ ਲੋਹੇ ਦਾ ਜੰਗਲਾ ਲਾਉਣਾ ਪੈਂਦਾ ਹੈ।

ਬਾਬਾ ਫ਼ਰੀਦ ਜੀ ਨੂੰ ਗੰਜੇ-ਸ਼ਕਰ ਜਾਂ ਸ਼ਕਰ-ਗੰਜ (ਮਿਠਾਸ ਦਾ ਖਜ਼ਾਨਾ) ਵੀ ਕਿਹਾ ਜਾਂਦਾ ਹੈ। ਅਜਿਹਾ ਕਹੇ ਜਾਣ ਦਾ ਕਾਰਨ ਪੂਰੀ ਤਰ੍ਹਾਂ ਗਿਆਤ ਨਹੀਂ ਪਰ ਉਹਨਾਂ ਦੇ ਜੀਵਨ ਨਾਲ ਸਬੰਧਤ ਹੋਰ ਵਚਿੱਤਰ ਸਾਖੀਆਂ ਵਾਂਗ ਇਸ ਸਬੰਧੀ ਵੀ ਕਈ ਸਾਖੀਆਂ ਹਨ। ਇਕ ਸਾਖੀ ਤਾਂ ਇਹ ਹੈ ਕਿ ਕੁਛ ਵਪਾਰੀ ਲੂਣ ਦੀਆਂ ਬੋਰੀਆਂ ਲੱਦੀ ਜਾਂਦੇ ਸਨ, ਉਹਨਾਂ ਬਾਬਾ ਫ਼ਰੀਦ ਪ੍ਰਤੀ ਬਹੁਤ ਆਦਰ ਪ੍ਰਗਟ ਕੀਤਾ ਤਾਂ ਬਾਬਾ ਜੀ ਨੇ ਅਸੀਸ ਦਿੱਤੀ ਕਿ ਤੁਹਾਨੂੰ ਇਸ ਸ਼ੱਕਰ ਦੀ ਵਿਕਰੀ 'ਚੋਂ ਬਹੁਤ ਮੁਨਾਫ਼ਾ ਹਾਸਲ ਹੋਵੇ। ਅਜਿਹਾ ਕਹਿਣ 'ਤੇ ਉਹਨਾਂ ਦੀਆਂ ਬੋਰੀਆਂ ਵਿਚਲਾ ਸਾਰਾ ਲੂਣ ਸ਼ੱਕਰ ਬਣ ਗਿਆ ਅਤੇ ਉਹਨਾਂ ਨੂੰ ਸਚੁਮੱਚ ਬਹੁਤ ਮੁਨਾਫਾ ਹੋਇਆ। ਇਹ ਸਾਖੀ ਫ਼ਰੀਦ ਜੀ ਦੇ ਜੀਵਨ ਤੋਂ ਬਹੁਤ ਮਗਰੋਂ ਘੜੀ ਗਈ ਲਗਦੀ ਹੈ ਕਿਉਂਕਿ ਉਹਨਾਂ ਦੇ ਜ਼ਮਾਨੇ ਵਿਚ ਤਾਂ ਲੂਣ ਸ਼ੱਕਰ ਨਾਲੋਂ ਮਹਿੰਗਾ ਹੁੰਦਾ ਸੀ। ਦੂਸਰੀ ਕਹਾਣੀ ਹੈ ਕਿ ਇਕ ਵਾਰੀ ਫ਼ਰੀਦ ਜੀ ਆਪਣੇ ਮੁਰਸ਼ਦ ਦੇ ਘਰ ਵੱਲ ਅਹੁਲੇ ਜਾਂਦੇ ਸਨ, ਰਸਤੇ ਵਿਚ ਡਿੱਗ ਪਏ। ਉਹਨਾਂ ਦੇ ਕਪੜੇ ਮਿੱਟੀ-ਘੱਟੇ ਜਾਂ ਚਿੱਕੜ ਨਾਲ ਲੱਥ-ਪੱਥ ਹੋ ਗਏ। ਪਰ ਰੱਬ ਦੀ ਕਰਨੀ, ਇਹ ਸਾਰੀ ਮਿੱਟੀ ਸ਼ੱਕਰ ਬਣ ਗਈ। ਜੋ ਕਹਾਣੀ ਪੜ੍ਹੇ ਲਿਖੇ ਲੋਕਾਂ ਨੇ ਘੜੀ ਹੈ ਉਹ ਵੀ ਪੂਰੀ ਤਰ੍ਹਾਂ ਮਨ ਨਹੀਂ ਲੱਗਦੀ। ਅਜਿਹੇ ਸਿਆਣੇ ਲੋਕਾਂ ਦਾ ਕਹਿਣਾ ਹੈ ਕਿ ਬਾਬਾ ਫ਼ਰੀਦ ਜੀ ਨੂੰ ਗੰਜੇ-ਸ਼ਕਰ ਇਸ ਕਰਕੇ ਕਿਹਾ ਜਾਂਦਾ ਹੈ ਕਿ ਉਹਨਾਂ ਦੀ ਬਾਣੀ ਵਿਚ ਮਿਠਾਸ ਬਹੁਤ ਹੈ। ਪਰ ਬਾਬਾ ਫ਼ਰੀਦ ਜੀ ਤਾਂ ਕੂਲ਼ੇ ਉਪਦੇਸ਼ ਦੇਣ ਵਾਲੇ ਜਮਾਲੀ ਪੀਰ ਨਹੀਂ ਸਨ, ਉਹ ਤਾਂ ਰੱਬ ਦਾ ਕਰੜੇ ਲਫਜ਼ਾਂ ਵਿਚ ਕਰੜਾ ਭੈਅ ਪੈਦਾ ਕਰਨ ਵਾਲੇ ਜਲਾਲੀ ਪੀਰ ਸਨ। ਮਿਸਾਲ ਦੇ ਤੌਰ 'ਤੇ ਨਮਾਜ਼ ਨਾ ਅਦਾ ਕਰਨ ਵਾਲੇ ਨੂੰ

Original with;
Jaswant Singh Zafar
Digitized by;
Panjab Digital Library

ਉਹ ਕੁੱਤਾ ਕਹਿ ਕੇ ਦੁਰਕਾਰਦੇ ਹਨ, ਰੱਬ ਦੇ ਅਦਬ ਵਿਚ ਨਾ ਝੁਕਣ ਵਾਲੇ ਸਿਰ ਨੂੰ ਵੱਢਣਯੋਗ ਮੰਨਦੇ ਹੋਏ ਆਖਦੇ ਹਨ ਕਿ ਅਜਿਹੇ ਸਿਰ ਨੂੰ ਕੀ ਕਰਨਾ ਹੈ? ਇਹ ਤੌੜੀ ਹੇਠ ਚੁੱਲ੍ਹੇ ਵਿਚ ਬਾਲਣ ਦੀ ਜਗ੍ਹਾ ਡਾਹਿਆ ਜਾਣਾ ਚਾਹੀਦਾ ਹੈ:

***ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥***
***ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥***
***ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥***
***ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥***
***ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥***
***ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥*** *(1381)*

ਫ਼ਰੀਦ ਜੀ ਬਹੁਤ ਖ਼ੁੱਦਾਰ ਤਬੀਅਤ ਦੇ ਮਾਲਕ ਸਨ। ਬੇਗਰਜ਼ ਹੋਣ ਕਰਕੇ ਖ਼ੁੱਦਾਰ ਬੰਦਿਆਂ ਦੇ ਸੁਭਾਅ 'ਚ ਆਮ ਕਰਕੇ ਨਿਮਰਤਾ ਦੇ ਪਾਖੰਡ ਦੀ ਚਾਸ਼ਨੀ ਨਹੀਂ ਹੁੰਦੀ। ਇਹ ਸੁਭਾਅ ਦੇ ਕੜਕ, ਵਤੀਰੇ ਦੇ ਸਖ਼ਤ ਅਤੇ ਵਿਹਾਰ ਦੇ ਬੇਲਿਹਾਜ਼ ਹੁੰਦੇ ਹਨ। ਫ਼ਰੀਦ ਜੀ ਨੇ ਹਮੇਸ਼ਾ ਕਿਸੇ ਉੱਤੇ ਨਿਰਭਰ ਨਾ ਹੋਣ ਦੀ ਕਾਮਨਾ ਕੀਤੀ। ਉਹ ਰੱਬ ਅੱਗੇ ਇਹੀ ਪ੍ਰਾਰਥਨਾ ਕਰਦੇ ਸਨ ਕਿ ਤੇਰੇ ਨਾਲ ਮਿਲਾਪ ਲਈ ਮੈਨੂੰ ਕਿਸੇ ਬੇਗਾਨੀ ਸਹਾਇਤਾ ਜਾਂ ਆਸ 'ਤੇ ਨਾ ਰਹਿਣਾ ਪਵੇ:

***ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥***
***ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥*** *(1380)*

ਉਹਨਾਂ ਅਨੁਸਾਰ ਕਿਸੇ ਦਾ ਮੁਥਾਜ਼ ਹੋਣ ਨਾਲੋਂ ਤਾਂ ਬਿਹਤਰ ਹੈ ਕਿ ਰੱਬ ਬੰਦੇ ਦੇ ਸਰੀਰ 'ਚੋਂ ਜਾਨ ਕੱਢ ਲਵੇ। ਫ਼ਰੀਦ ਜੀ 'ਤੇ ਜਦ ਬੁਢਾਪੇ ਦਾ ਦੌਰ ਅਜੇ ਸ਼ੁਰੂ ਹੀ ਹੋਇਆ ਸੀ ਤਾਂ ਉਹਨਾਂ ਨੂੰ ਸੁਖਾਲਾ ਤੁਰਨ ਲਈ ਖੂੰਡੀ ਫੜਨੀ ਪਈ। ਪਰ ਥੋੜ੍ਹੀ ਦੇਰ ਬਾਅਦ ਹੀ ਉਹਨਾਂ ਨੂੰ ਖਿਆਲ ਆਇਆ ਕਿ ਮੈਂ ਤਾਂ ਹਮੇਸ਼ਾ ਆਤਮ-ਨਿਰਭਰਤਾ ਮੰਗੀ ਹੈ, ਬੇਮੁਥਾਜ਼ੀ ਦਾ ਗੀਤ ਗਾਇਆ ਹੈ, ਇਹ ਖੂੰਡੀ ਵਿਚ ਕਿਥੋਂ ਆ ਗਈ? ਕਹਿੰਦੇ ਨੇ ਫ਼ਰੀਦ ਜੀ ਨੇ ਖੂੰਡੀ ਵਗਾਹ ਕੇ ਪਰ੍ਹਾਂ ਮਾਰੀ। ਪਰ ਇਹ ਤਾਂ ਅਜੇ ਬੁਢਾਪੇ ਦੀ ਸ਼ੁਰੂਆਤ ਸੀ। ਬਾਬਾ ਜੀ ਦੀ ਉਮਰ 95 ਸਾਲ ਤੋਂ ਜ਼ਿਆਦਾ ਹੋਈ ਹੈ ਅਤੇ ਉਹਨਾਂ ਦੇ ਬੁਢਾਪੇ ਦਾ ਕਾਲ ਬਹੁਤ ਲੰਮਾ ਰਿਹਾ ਹੈ। ਜਦ ਬੁਢਾਪਾ ਨਾਂ ਹੀ ਦੂਸਰਿਆਂ 'ਤੇ ਨਿਰਭਰਤਾ ਜਾਂ ਹੋਰਾਂ ਦੀ ਮੁਥਾਜ਼ੀ ਦਾ ਹੈ ਤਾਂ ਇਹ ਅਨੁਮਾਨ ਲਗਾਉਣਾ ਔਖਾ ਨਹੀਂ ਹੈ ਕਿ ਇਸ ਬੁਢਾਪੇ ਨੇ ਫ਼ਰੀਦ ਜੀ ਦੇ ਸਰੀਰ ਨਾਲੋਂ ਕਿੰਨੇ ਗੁਣਾ ਜ਼ਿਆਦਾ ਮਨ ਨੂੰ ਕਸ਼ਟ ਦਿੱਤਾ ਹੋਵੇਗਾ। ਕਿਉਂਕਿ ਜਵਾਨੀ ਵਿਚ ਤਾਂ ਬੰਦਾ ਸਰੀਰ ਦੇ ਜ਼ੋਰ ਅਤੇ ਮਨ ਦੇ ਜੋਸ਼ ਨਾਲ ਦੂਰ-ਦੂਰ ਤੱਕ ਮਾਰੂਥਲ ਤੇ ਪਹਾੜ ਵੀ ਗਾਹ ਲੈਂਦਾ ਹੈ ਪਰ ਬੁਢਾਪੇ ਵਿਚ ਕੋਲ ਪਿਆ ਪਾਣੀ ਵਾਲਾ ਕੁੱਜਾ ਚੁੱਕਣਾ ਵੀ ਏਨਾ ਮੁਸ਼ਕਿਲ ਹੁੰਦਾ ਹੈ ਜਿਵੇਂ ਸੈਂਕੜੇ ਕੋਹਾਂ ਦੂਰ ਪਿਆ ਹੋਵੇ। ਬੁਢਾਪੇ ਕਾਰਨ ਸਰੀਰ ਦੁਖਦਾ ਹੈ, ਮਨ ਬੇਚੈਨ ਹੁੰਦਾ ਹੈ, ਖਾਧਾ-ਪੀਤਾ ਠੀਕ ਤਰ੍ਹਾਂ ਪਚਦਾ ਵੀ ਨਹੀਂ। ਦੁੱਖ ਦੇਣੀਆਂ ਅਤੇ ਬੇਚੈਨ ਕਰਨ ਵਾਲੀਆਂ ਲੰਮੀਆਂ ਰਾਤਾਂ ਬੜੀ ਮੁਸ਼ਕਲ ਨਾਲ ਮੁੱਕਦੀਆਂ ਹਨ। ਦੂਸਰਿਆਂ ਦੇ ਆਸਰੇ ਸਮਾਂ ਗੁਜ਼ਾਰਨਾ ਪੈਂਦਾ ਹੈ, ਜਿਸ ਨੂੰ ਫ਼ਰੀਦ ਜੀ ਹਮੇਸ਼ਾ ਲਾਹਣਤ ਸਮਝਦੇ ਰਹੇ ਸਨ। ਐਸੀ ਅਵਸਥਾ 'ਚ ਫ਼ਰੀਦ ਜੀ ਕਾਮਨਾ ਕਰਦੇ ਹਨ ਕਿ ਜਦ ਸੌ ਸਾਲਾਂ ਦੇ ਹੋ ਕੇ ਵੀ ਅੰਤ ਖ਼ਾਕ ਨਾਲ ਹੀ ਮਿਲਣਾ ਹੈ ਤਾਂ ਇਹ ਬੁਢਾਪੇ ਦੀ ਕਮਜ਼ੋਰੀ ਅਤੇ ਮਜਬੂਰੀ ਨਾ ਸਤਾਵੇ ਤਾਂ ਚੰਗਾ ਹੈ, ਮੌਤ ਵੇਲੇ ਸਿਰ ਹੀ ਆ ਜਾਵੇ:

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥*** *(1378)*

*Original with;*
Jaswant Singh Zafar
*Digitized by;*
Panjab Digital Library

*ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥*
*ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥* (1379)

*ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥*
*ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥* (1380)

ਬਚਪਨ ਵਿਚ ਬੰਦੇ ਦਾ ਆਪਣੇ ਮਾਂ ਪਿਓ 'ਤੇ ਨਿਰਭਰ ਹੋਣਾ ਤਾਂ ਸੁਭਾਵਕ ਹੁੰਦਾ ਹੈ ਕਿਉਂਕਿ ਮਾਂ ਪਿਓ ਤੋਂ ਬੱਚਾ ਪੈਦਾ ਹੋਇਆ ਹੁੰਦਾ ਹੈ, ਮਾਂ ਪਿਓ ਨੇ ਹੀ ਬੱਚੇ ਨੂੰ ਪਾਲਿਆ ਅਤੇ ਵੱਡਾ ਕੀਤਾ ਹੁੰਦਾ ਹੈ। ਪਰ ਬੁਢਾਪੇ ਵਿਚ ਜਦ ਮੁਥਾਜ਼ੀ ਦਾ ਆਲਮ ਬੰਦੇ ਨੂੰ ਘੇਰਦਾ ਹੈ ਤਦ ਤੱਕ ਮਾਂ ਪਿਓ ਸੰਸਾਰ ਤੋਂ ਜਾ ਚੁੱਕੇ ਹੁੰਦੇ ਹਨ। ਅਜਿਹੀ ਹਾਲਤ ਵਿਚ ਬੇਮੁਥਾਜ਼ੀ ਜਾਂ ਸਵੈ-ਨਿਰਭਰਤਾ ਚਾਹੁੰਣ ਵਾਲੇ ਬੰਦੇ ਕੋਲ ਮੌਤ ਦੀ ਇੱਛਾ ਕਰਨ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਬਚਦਾ। ਅਜਿਹੀ ਅਵੱਸਥਾ ਵਿਚ ਉਹਨਾਂ ਨੂੰ ਸਦੀਵੀ ਚੈਨ ਅਤੇ ਆਰਾਮ ਦੇਣ ਵਾਲੀ ਕਬਰ ਆਵਾਜ਼ਾਂ ਮਾਰਦੀ ਲੱਗਦੀ ਹੈ ਅਤੇ ਖ਼ੁਦ ਫ਼ਰੀਦ ਜੀ ਮੌਤ ਬਖਸ਼ਣ ਵਾਲੇ ਰੱਬ ਨੂੰ ਆਵਾਜ਼ਾਂ ਮਾਰਦੇ ਹਨ:



*ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥* (1381)

*ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥*
*ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ ॥*

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥* (1382)

ਜਦੋਂ ਅਖੀਰੀ ਰੱਬ ਬਹੁੜਿਆ ਭਾਵ ਫ਼ਰੀਦ ਜੀ ਚਲਾਣਾ ਕਰ ਗਏ ਤਾਂ ਉਹਨਾਂ ਦੇ ਅੱਕੇ ਹੋਏ ਘਰਦਿਆਂ ਨੇ ਉਹਨਾਂ ਨੂੰ ਘਰ ਦੇ ਅੰਦਰ ਜਾਂ ਘਰ ਦੇ ਕੋਲ ਦਫ਼ਨਾਉਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੇ ਮੁਰੀਦਾਂ ਨੂੰ ਕਿਹਾ ਕਿ ਤੁਸੀਂ ਜਿਥੇ ਮਰਜ਼ੀ ਸ਼ਹਿਰ ਤੋਂ ਬਾਹਰ ਲਿਜਾ ਕੇ ਦਫ਼ਨਾ ਦਿਓ। ਫਿਰ ਵਿਚੋਂ ਕਿਸੇ 'ਸਿਆਣੇ' ਨੇ ਸਮਝਾਇਆ ਕਿ ਫ਼ਰੀਦ ਜੀ ਜਿਉਂਦੇ-ਜੀਅ ਭਾਵੇਂ ਕੋਈ ਭੇਟਾ ਸਵੀਕਾਰ ਨਹੀਂ ਸਨ ਕਰਦੇ ਪਰ ਹੁਣ ਚਲਾਣਾ ਕਰਨ ਤੋਂ ਬਾਅਦ ਉਹਨਾਂ ਕਬਰ 'ਚ ਪਿਆਂ ਨੇ ਤਾਂ ਚੜ੍ਹਾਵਾ ਚੜ੍ਹਨ ਤੋਂ ਰੋਕ ਨਹੀਂ ਸਕਣਾ। ਜੇ ਕਬਰ ਸ਼ਹਿਰੋਂ ਬਾਹਰ ਹੋਵੇਗੀ ਤਾਂ ਤੁਹਾਨੂੰ (ਘਰਦਿਆਂ ਨੂੰ) ਚੜ੍ਹਾਵਾ ਕਿਵੇਂ ਮਿਲੇਗਾ? ਇਹ ਗੱਲ ਘਰਦਿਆਂ ਦੇ ਸਮਝ ਆ ਗਈ। ਲਿਹਾਜ਼ਾ, ਫ਼ਰੀਦ ਜੀ ਨੂੰ ਉਹਨਾਂ ਦੇ ਘਰ ਹੀ ਦਫ਼ਨਾਇਆ ਗਿਆ। ਪਰ ਗਰੀਬੀ ਏਨੀ ਕਿ ਕਬਰ 'ਤੇ ਇੱਟਾਂ ਲਾਉਣ ਨੂੰ ਪੈਸੇ ਨਹੀਂ ਸਨ। ਘਰ ਦੀ ਡਿਓੜ੍ਹੀ ਦੀਆਂ ਇੱਟਾਂ ਪੁੱਟ ਕੇ ਕਬਰ 'ਤੇ ਲਾਈਆਂ ਗਈਆਂ।

ਗੁਰੂ ਗਰੰਥ ਸਾਹਿਬ ਵਿਚ ਫ਼ਰੀਦ ਜੀ ਦੇ ਚਾਰ ਸ਼ਬਦ ਹਨ, ਦੋ ਆਸਾ ਰਾਗ ਵਿਚ ਅਤੇ ਦੋ ਸੂਹੀ ਰਾਗ ਵਿਚ। ਕੁਲ 130 ਸਲੋਕਾਂ ਦੇ ਵਿਚ-ਵਿਚ ਕੁਝ ਸਲੋਕ ਗੁਰੂ ਸਾਹਿਬਾਨ ਦੇ ਹਨ। ਇਹਨਾਂ ਵਿਚ ਜਿਥੇ-ਜਿਥੇ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇ ਸਲੋਕ ਹਨ ਉਹਨਾਂ ਦੇ ਉਪਰ ਮਹਲਾ 3 ਜਾਂ ਮਹਲਾ 5 ਲਿਖਿਆ ਹੋਇਆ ਹੈ। ਜਿਨ੍ਹਾਂ ਸਲੋਕਾਂ ਦੇ ਉਪਰ ਅਜਿਹਾ ਕੁਝ ਨਹੀਂ ਲਿਖਿਆ ਪਰ ਸਲੋਕ ਦੇ ਅੰਦਰ 'ਨਾਨਕ' ਆਉਂਦਾ ਹੈ ਉਹਨਾਂ ਨੂੰ ਗੁਰੂ ਨਾਨਕ ਦੀ ਰਚਨਾ ਮੰਨਿਆਂ ਜਾਣਾ ਚਾਹੀਦਾ ਹੈ। ਇਹਨਾਂ ਸਲੋਕਾਂ ਨੂੰ ਥੋੜ੍ਹੇ ਬਦਲਵੇਂ ਰੂਪ 'ਚ ਗੁਰੂ ਨਾਨਕ ਦੀ ਹੋਰ ਬਾਣੀ 'ਚ ਸ਼ਾਮਲ ਦੇਖਿਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਪੰਨਾ 1384 ਉੱਤੇ

*Original with;*
Jaswant Singh Zafar
*Digitized by;*
Panjab Digital Library

'ਨਾਨਕ' ਛਾਪ ਵਾਲਾ ਸਲੋਕ ਨੰ. 124 ਦੇਖੀਏ ਜਿਸ 'ਤੇ ਕਰਤੇ ਦਾ ਨਾਂ ਦਰਜ ਨਹੀਂ:

*ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥*
*ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ (1384)*

ਇਹ ਸਲੋਕ ਅੱਖਰਾਂ ਦੇ ਮਾਮੂਲੀ ਅੰਤਰ ਪਰੰਤੂ ਭਾਵ ਦੀ ਸਮਾਨਤਾ ਨਾਲ ਪੰਨਾ 91 'ਤੇ ਸਿਰੀ ਰਾਗ ਵਿਚ ਗੁਰੂ ਨਾਨਕ ਦੀ ਰਚਨਾ ਦੇ ਤੌਰ 'ਤੇ ਵੀ ਦਰਜ ਹੈ:

*ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥*
*ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥ (91, ਮ.1)*

ਕੁੱਲ 130 ਸਲੋਕਾਂ ਵਿਚੋਂ ਫ਼ਰੀਦ ਜੀ ਦੇ ਆਪਣੇ ਸਲੋਕਾਂ ਦੀ ਗਿਣਤੀ ਵੱਧ-ਘੱਟ ਦੱਸੀ ਜਾਂਦੀ ਹੈ। ਕਿਉਂਕਿ ਉਹਨਾਂ ਦੇ ਸਲੋਕਾਂ ਵਿਚ ਕੁਝ ਅਜਿਹੇ ਸਲੋਕ ਵੀ ਹਨ ਜਿਹਨਾਂ ਵਿਚ 'ਫਰੀਦ' ਜਾਂ 'ਨਾਨਕ' ਨਹੀਂ ਲਿਖਿਆ ਅਤੇ ਉਪਰ ਰਚਨਾਕਾਰ ਦਾ ਵੇਰਵਾ ਵੀ ਨਹੀਂ ਹੈ। ਇਹਨਾਂ ਬਾਰੇ ਨਿਸਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਕਿਸ ਦੀ ਰਚਨਾ ਹਨ। ਮਿਸਾਲ ਦੇ ਤੌਰ 'ਤੇ ਪੰਨਾ 1384 'ਤੇ ਇਹ ਦੋ ਸਲੋਕ ਇਕੱਠੇ ਹਨ:

*ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥*
*ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥*
*ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥*
*ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥ (1384)*

ਕਹਿ ਨਹੀਂ ਸਕਦੇ ਕਿ ਇਹ ਫ਼ਰੀਦ ਜੀ ਦੀ ਰਚਨਾ ਹੈ ਜਾਂ ਗੁਰੂ ਅਮਰਦਾਸ ਦੀ, ਕਿਉਂਕਿ ਇਹ ਸਲੋਕ ਮਾਮੂਲੀ ਫਰਕ ਨਾਲ ਪੰਨਾ 585 'ਤੇ ਵਡਹੰਸ ਰਾਗ ਵਿਚ ਮਹਲਾ 3 ਕਰਕੇ ਵੀ ਦਰਜ ਹਨ:

*ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥*
*ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥*
*ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥*
*ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥ (585, ਮ.3)*

ਫ਼ਰੀਦ ਜੀ ਦੀ ਬਾਣੀ ਓਪਰੀ ਨਜ਼ਰੇ ਜਿੰਨੀ ਸਾਦੀ ਅਤੇ ਸਧਾਰਨ ਜਾਪਦੀ ਹੈ ਇਹ ਓਨੀ ਹੀ ਗਹਿਰੀ ਅਤੇ ਰਮਜ਼ਾਂ ਭਰੀ ਹੈ। ਇਹ ਇਕਹਿਰੇ ਅਰਥਾਂ ਵਾਲੀ ਨਹੀਂ। ਹੋ ਸਕਦਾ ਹੈ ਕਿ ਅੱਠ ਸਦੀਆਂ ਬੀਤਣ 'ਤੇ ਵੀ ਅਸੀਂ ਕਈ ਰਮਜ਼ਾਂ ਨੂੰ ਅਜੇ ਤੱਕ ਸਮਝੇ ਨਾ ਹੋਈਏ। ਮਿਸਾਲ ਦੇ ਤੌਰ 'ਤੇ ਹੇਠ ਲਿਖੇ ਦੋ ਸਲੋਕਾਂ ਵਿਚ ਸਾਨੂੰ ਮਰੇ ਹੋਏ ਪਸ਼ੂਆਂ ਦੀ ਹੱਡਾਰੋੜੀ ਵਰਗਾ ਦ੍ਰਿਸ਼ ਨਜ਼ਰ ਆਉਂਦਾ ਹੈ:

*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥*
*ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥*
*ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥ (1382)*

ਅਸੀਂ ਇਹਨਾਂ ਦਾ ਏਹੀ ਭਾਵ ਲੈਂਦੇ ਹਾਂ ਕਿ ਬਿਰਧ ਫ਼ਰੀਦ ਜੀ ਇਕ ਲਾਵਾਰਿਸ ਲਾਸ਼ ਵਾਂਗ ਪੱਧਰੇ ਬੇਵੱਸ ਪਏ ਸਨ ਅਤੇ ਉਹਨਾਂ ਦੇ ਸਰੀਰ ਦੇ ਮਾਸ ਨੂੰ ਕਾਂ ਨੋਚ ਰਹੇ ਸਨ ਅਤੇ ਉਸੇ ਸਮੇਂ ਫ਼ਰੀਦ ਜੀ ਇਹ ਸਲੋਕ ਲਿਖੀ ਜਾਂਦੇ ਸਨ। ਚਿਤਰਕਾਰਾਂ ਨੇ ਵੀ ਇਸ ਦਾ ਦ੍ਰਿਸ਼ ਚਿਤਰਨ ਇਸੇ ਤਰ੍ਹਾਂ ਕੀਤਾ ਹੈ। ਪਰ ਇਹ ਗੱਲ ਤਾਂ ਫ਼ਰੀਦ ਜੀ ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਜਿਸ ਨੂੰ ਅਸੀਂ 'ਕਾਂ' ਕਹਿੰਦੇ ਹਾਂ ਉਹ ਜਿਉਂਦੇ ਬੰਦੇ (ਭਾਵੇਂ ਉਹ

Original with;
Jaswant Singh Zafar
Digitized by;
Panjab Digital Library



ਕਿੰਨਾ ਹੀ ਬਿਰਧ ਜਾਂ ਕਮਜ਼ੋਰ ਹੋਵੇ) ਦੇ ਮਾਸ ਨੂੰ ਨੋਚਣ ਨਹੀਂ ਪੈਂਦਾ। ਦੂਸਰਾ, ਫ਼ਰੀਦ ਜੀ ਬਹੁਤ ਮਾਨਤਾ ਵਾਲੇ ਪੀਰ ਸਨ ਅਤੇ ਇਕ ਫਿਰਕੇ ਦੇ ਮੁਖੀ ਸਨ, ਇਹ ਹੋ ਨਹੀਂ ਸਕਦਾ ਕਿ ਉਹਨਾਂ ਦੇ ਆਸ-ਪਾਸ ਕਦੀ ਇਕ ਵੀ ਮੁਰੀਦ ਨਾ ਹੋਵੇ ਤੇ ਉਹਨਾਂ ਦੀ ਉਹ ਦੁਰਦਸ਼ਾ ਹੋਵੇ ਜੋ ਸਾਨੂੰ ਇਹਨਾਂ ਸਲੋਕਾਂ ਵਿਚ ਨਜ਼ਰ ਆਉਂਦੀ ਹੈ। ਅਸਲ ਵਿਚ ਇਸ ਸਲੋਕ ਵਿਚਲੇ 'ਕਾਂ' ਉਹ ਕਾਂ ਨਹੀਂ ਹਨ ਜੋ ਸਾਨੂੰ ਨਜ਼ਰ ਆਉਂਦੇ ਹਨ। ਇਹ ਕੋਈ ਹੋਰ 'ਕਾਂ' ਹਨ ਜਿਹਨਾਂ ਨੂੰ ਦੇਖਣ ਲਈ 'ਹੋਰ' ਅੱਖਾਂ ਚਾਹੀਦੀਆਂ ਨੇ। ਇਹਨਾਂ 'ਚੋਂ ਪਹਿਲੇ ਸਲੋਕ ਦੀ ਇਕ ਪੜ੍ਹਤ ਇਹ ਹੋ ਸਕਦੀ ਹੈ ਕਿ ਕਲਯੁਗ (ਵਰਤਮਾਨ ਸਮੇਂ) ਵਿਚ ਮਨੁੱਖੀ ਭਾਈਚਾਰੇ ਦੀ ਦਸ਼ਾ ਹੱਡਾਰੋੜੀ ਵਰਗੀ ਹੈ, ਜਿਥੇ ਖੋਹਾ-ਖਿੱਚੀ ਦਾ ਮਹੌਲ ਹੈ। ਤ੍ਰਿਸ਼ਨਾ, ਲਾਲਸਾ ਅਤੇ ਲਾਲਚ ਦੇ ਕਾਂ ਬੰਦਿਆਂ ਦੇ ਉਸ ਮਾਸ ਨੂੰ ਚੂੰਢ ਰਹੇ ਹਨ ਜਿਸ ਨਾਲ ਉਸ ਦੀਆਂ ਸੰਵੇਦਨਾ ਇੰਦਰੀਆਂ ਭਾਵ ਕੰਨ, ਨੱਕ, ਜੀਭ, ਚਮੜੀ ਬਣੀਆਂ ਹਨ। ਭਾਵ ਅਜਿਹੇ ਮਾਹੌਲ ਵਿਚ ਬੰਦੇ ਦੀ ਸੰਵੇਦਨਸ਼ੀਲਤਾ ਘਟਦੀ ਜਾ ਰਹੀ ਹੈ। ਪਰ ਫ਼ਰੀਦ ਜੀ ਚਾਹੁੰਦੇ ਹਨ ਕਿ ਏਨੇ ਨਿਰਾਸ਼ਾਜਨਕ ਮਹੌਲ ਦੇ ਬਾਵਜੂਦ ਬੰਦਾ ਬਿਲਕੁਲ ਅੰਨ੍ਹਾਂ ਹੀ ਨਾ ਹੋ ਜਾਵੇ। ਉਸ ਦੀ ਕੁਛ ਨਾ ਕੁਛ ਸੰਵੇਦਨਾ (ਅੱਖ) ਤਾਂ ਬਚੀ ਰਹਿਣੀ ਚਾਹੀਦੀ ਹੈ ਜਿਸ ਨਾਲ ਉਹ ਚੰਗੇਰੀਆਂ ਸੰਭਾਵਨਾਵਾਂ ਨੂੰ ਮਾਣ ਸਕੇ, ਕੁਛ ਚੰਗਾ ਵਾਪਰਦਾ ਦੇਖ ਸਕੇ, ਮਹਿਸੂਸ ਕਰ ਸਕੇ।

ਉਹਨਾਂ ਦੇ ਹਰੇਕ ਸਲੋਕ ਦੀਆਂ ਅਜਿਹੀਆਂ ਅਨੇਕਾਂ ਪੜ੍ਹਤਾਂ ਹੋ ਸਕਦੀਆਂ ਹਨ। ਗੁਰੂ ਅਮਰਦਾਸ ਜੀ ਉਦਾਹਰਣ ਮਾਤਰ ਇਕ ਸਲੋਕ ਦੀ ਰਮਜ਼ ਖੋਲ੍ਹ ਕੇ ਦੱਸਦੇ ਹਨ ਕਿ ਫ਼ਰੀਦ ਜੀ ਨੂੰ ਕਿਵੇਂ ਪੜ੍ਹਨਾ ਹੈ। ਹੋਰ ਕਿਸੇ ਵੀ ਚੰਗੇ ਕਲਾਮ ਵਾਂਗ ਉਹਨਾਂ ਦੇ ਕਲਾਮ ਨੂੰ ਵੀ ਇਕਹਿਰੇ ਅਰਥਾਂ 'ਚ ਨਹੀਂ ਪੜ੍ਹਿਆ ਵਿਚਾਰਿਆ ਜਾਣਾ ਚਾਹੀਦਾ। ਗੱਲ ਦੀ ਗਹਿਰਾਈ ਤੱਕ ਪਹੁੰਚਣ ਦਾ ਯਤਨ ਹੋਣਾ ਚਾਹੀਦਾ ਹੈ। ਜੇ ਫ਼ਰੀਦ ਜੀ ਇਹ ਕਹਿੰਦੇ ਹਨ ਕਿ ਰੱਬ ਦੇ ਰੰਗ 'ਚ ਰੱਤਿਆ ਦੇ ਤਨ 'ਚ ਰੱਤ ਨਹੀਂ ਹੁੰਦੀ ਤਾਂ ਇਹਦਾ ਇਹ ਭਾਵ ਨਹੀਂ ਕਿ ਉਹਨਾਂ ਦੇ ਸਰੀਰ 'ਚ ਖੂਨ ਨਹੀਂ ਹੁੰਦਾ। ਸਮਝਣ ਵਾਲੀ ਗੱਲ ਤਾਂ ਰਮਜ਼ ਰੂਪ ਵਿਚ ਪਈ ਹੈ:

Original with:
Jaswant Singh Zafar
Digitized by;
Panjab Digital Library

ਫ਼ਰੀਦ ਜੀ: **ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥**
**ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥**

ਗੁਰੂ ਅਮਰਦਾਸ: **ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥**
**ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥**
**ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥**
**ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ**
**ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥**
**ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥** *(1380)*

ਗੁਰੂ ਅਮਰਦਾਸ ਜੀ ਨੇ ਤਾਂ ਰਮਜ਼ ਦਾ ਭੇਦ ਜਾਣਨ ਲਈ ਇਸ਼ਾਰੇ ਮਾਤਰ ਲੋਭ ਦੀ ਉਦਾਹਰਣ ਦਿੱਤੀ ਹੈ ਕਿ ਰੱਬ ਦੇ ਰੰਗ 'ਚ ਰੰਗਿਆਂ ਅੰਦਰ ਲੋਭ ਦੀ ਰੱਤ ਨਹੀਂ ਹੁੰਦੀ। ਉਂਜ ਗੁਰਬਾਣੀ ਅਨੁਸਾਰ ਰੱਬ-ਰੱਤਿਆਂ ਵਿਚੋਂ ਕੇਵਲ ਲੋਭ ਹੀ ਨਹੀਂ ਸਗੋਂ ਕਾਮ, ਕਰੋਧ, ਮੋਹ ਅਤੇ ਹੰਕਾਰ ਦੀ ਰੱਤ ਵੀ ਸੁੱਕ ਜਾਂਦੀ ਹੈ। ਇਹਨਾਂ ਸਾਰਿਆਂ ਨੂੰ ਗੁਰੂ ਸਾਹਿਬ ਨੇ ਆਖਰੀ ਤੋਂ ਪਹਿਲੀ ਸਤਰ ਵਿਚ ਇਕੱਠਿਆਂ 'ਦੁਰਮਤਿ ਮੈਲੁ' ਕਹਿ ਕੇ ਫ਼ਰੀਦ ਜੀ ਦੇ ਸਲੋਕ ਅੰਦਰਲੀਆਂ ਪੰਜ ਰਮਜ਼ਾਂ ਨੂੰ ਪ੍ਰਗਟ ਕਰਕੇ ਅਰਥਾਂ ਨੂੰ ਵਿਸ਼ਾਲਤਾ ਦਿੱਤੀ ਹੈ। ਸੂਹੀ ਰਾਗ ਵਿਚ ਅੰਕਤ ਫ਼ਰੀਦ ਜੀ ਅਤੇ ਗੁਰੂ ਨਾਨਕ ਜੀ ਦੇ ਸ਼ਬਦਾਂ ਦੀਆਂ ਪਹਿਲੀਆਂ ਸਤਰਾਂ ਨੂੰ ਰਲਾ ਕੇ ਪੜ੍ਹਦੇ ਹਾਂ:

ਫ਼ਰੀਦ ਜੀ: **ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥**
**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥** *(794)*

ਗੁਰੂ ਨਾਨਕ: **ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥** *(729)*

ਗੁਰੂ ਨਾਨਕ ਸਾਹਿਬ ਨੇ ਫ਼ਰੀਦ ਜੀ ਦੇ 'ਬੇੜੇ' ਦੀ ਰਮਜ਼ ਨੂੰ ਖੋਲ੍ਹਿਆ ਹੈ ਕਿ ਉਹਨਾਂ ਲਈ ਫ਼ਰੀਦ ਜੀ ਦੇ ਬੇੜੇ ਦੇ ਕੀ ਅਰਥ ਹਨ। ਨਾਲ ਹੀ ਫ਼ਰੀਦ ਜੀ ਵਲੋਂ ਨਾਂਹ-ਵਾਚਕੀ ਢੰਗ ਨਾਲ ਦੱਸੀ ਕਠਿੰਨ ਸਥਿਤੀ ਦਾ ਹਾਂ-ਵਾਚਕੀ ਅਤੇ ਸਹਿਜ ਹੱਲ ਦੱਸਿਆ ਹੈ। ਫ਼ਰੀਦ ਜੀ ਦੀ ਬਾਣੀ ਦੀਆਂ ਹੋਰ ਰਮਜ਼ਾਂ ਸਮਝਣ ਲਈ ਸਾਨੂੰ ਆਪ ਮਿਹਨਤ ਕਰਨੀ ਪਏਗੀ, ਹੁਣ ਤੱਕ ਛਪੇ ਬਹੁਤੇ ਟੀਕਿਆਂ ਵਿਚ ਤਾਂ ਫ਼ਰੀਦ ਬਾਣੀ ਦੇ ਸਿਧਰੇ ਜਿਹੇ ਅਰਥ ਹੀ ਮਿਲਦੇ ਹਨ।

ਫ਼ਰੀਦ ਜੀ ਦੇ ਸਲੋਕਾਂ ਦੇ ਵਿਚ-ਵਿਚ ਜੋ ਸਲੋਕ 'ਮਹਲਾ 5' ਲਿਖ ਕੇ ਦਰਜ ਕੀਤੇ ਗਏ ਹਨ ਉਹਨਾਂ ਬਾਰੇ ਕੁਝ ਗੱਲ ਕਰਨ ਨੂੰ ਜੀਅ ਕਰਦਾ ਹੈ। ਜ਼ਾਹਿਰ ਹੈ ਕਿ ਇਹ ਗੁਰੂ ਅਰਜਨ ਦੇਵ ਜੀ ਦੀ ਰਚਨਾ ਹਨ। ਜਿਥੇ-ਜਿਥੇ ਵੀ ਇਹ ਸਲੋਕ ਪਏ ਹਨ ਇਹਨਾਂ ਦਾ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਜੀ ਦੇ ਸਲੋਕਾਂ ਵਰਗਾ ਫ਼ਰੀਦ ਜੀ ਦੇ ਸਲੋਕਾਂ ਨਾਲ ਕੋਈ ਸਿੱਧਾ ਸੰਵਾਦ ਨਹੀਂ ਹੈ। ਭਾਵ ਜਿਥੇ ਗੁਰੂ ਅਰਜਨ ਦਾ ਸਲੋਕ ਹੈ ਉਸਦਾ ਫ਼ਰੀਦ ਜੀ ਦੇ ਉਤਲੇ ਜਾਂ ਹੇਠਲੇ ਸਲੋਕ ਵਾਲਾ ਵਿਸ਼ਾ ਨਹੀਂ ਹੈ ਸਗੋਂ ਇਹ ਸੁਤੰਤਰ ਇਕਾਈ ਵਾਂਗ ਹਨ। ਪਰ ਇਹਨਾਂ ਸਾਰੇ ਸਲੋਕਾਂ ਦੀ ਬੋਲੀ, ਸ਼ੈਲੀ, ਸੰਗੀਤ, ਚਾਲ ਅਤੇ ਪ੍ਰਭਾਵ ਹੂ-ਬ-ਹੂ ਫ਼ਰੀਦ ਜੀ ਦੇ ਸਲੋਕਾਂ ਵਾਲਾ ਹੈ। ਜੇ ਇਹਨਾਂ 'ਤੇ 'ਮਹਲਾ 5' ਨਾ ਲਿਖਿਆ ਹੋਵੇ ਤਾਂ ਇਹਨਾਂ ਨੂੰ ਫ਼ਰੀਦ ਜੀ ਦੀ ਰਚਨਾ ਤੋਂ ਅੱਡਰਾ ਪਛਾਣਿਆਂ ਨਹੀਂ ਜਾ ਸਕਦਾ। ਇੰਜ ਜਾਪਦਾ ਹੈ ਕਿ ਜਦੋਂ ਪੰਚਮ ਪਾਤਸ਼ਾਹ ਫ਼ਰੀਦ ਜੀ ਦੀ ਬਾਣੀ ਸ੍ਰੀ ਆਦਿ ਗਰੰਥ ਵਿਚ ਚੜ੍ਹਵਾ ਰਹੇ ਸਨ ਤਾਂ ਇਸ ਨੂੰ ਗੁਣ ਗੁਣਾਉਂਦਿਆ ਉਹ ਪੂਰੀ ਤਰ੍ਹਾਂ ਫ਼ਰੀਦ ਜੀ ਦੇ ਰੰਗ ਵਿਚ ਰੰਗੇ ਹੋਏ ਸਨ, ਉਹਨਾਂ ਦੇ ਹਿਰਦੇ ਵਿਚ ਫ਼ਰੀਦ ਜੀ ਵਸੇ ਹੋਏ ਸਨ। ਉਹਨਾਂ ਪਲਾਂ ਵਿਚ ਗੁਰੂ ਅਰਜਨ ਜੀ ਅੰਦਰਲੇ ਕਈ ਵਿਚਾਰਾਂ ਨੇ ਫ਼ਰੀਦ ਜੀ ਦੇ ਰੰਗ ਵਿਚ ਸੁਖ਼ਨੀ ਰੂਪ ਧਾਰਨ ਕੀਤਾ। ਜਿਉਂ-ਜਿਉਂ ਇਹ ਵਿਚਾਰ ਫ਼ਰੀਦ ਜੀ ਦੇ ਸ਼ਲੋਕਾਂ ਜਿਹਾ ਰੂਪ ਧਾਰਦੇ ਗਏ, ਗੁਰੂ ਸਾਹਿਬ ਨਾਲੋ-ਨਾਲ ਇਹਨਾਂ ਨੂੰ ਵੀ ਦਰਜ ਕਰਾਉਂਦੇ

Original with;
Jaswant Singh Zafar
Digitized by;
Panjab Digital Library

ਗਏ। ਇਸ ਦੌਰਾਨ ਗੁਰੂ ਸਾਹਿਬ ਨੇ ਇਕ ਬਹੁਤ ਪਿਆਰੀ ਗੱਲ ਕੀਤੀ। ਉਹ ਇਹ ਕਿ ਫ਼ਰੀਦ ਜੋਤ ਦੀ ਰੋਸ਼ਨੀ 'ਚ ਉਚਾਰੇ ਇਹਨਾਂ ਸਲੋਕਾਂ ਵਿਚ ਗੁਰੂ ਸਾਹਿਬ ਨੇ ਆਪਣੇ ਆਪ ਨੂੰ 'ਨਾਨਕ' ਦੀ ਬਜਾਏ 'ਫ਼ਰੀਦ' ਹੀ ਕਿਹਾ ਹੈ। ਸਮਾਪਤੀ ਤੋਂ ਪਹਿਲਾਂ ਇਹਨਾਂ ਸਲੋਕਾਂ ਦਾ ਪਾਠ ਕਰਦੇ ਹਾਂ:

***ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥***
***ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥*** *(1381, ਮ.5)*

***ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥***
***ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ ॥***

***ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥***
***ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ ॥*** *(1382, ਮ.5)*

***ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***

***ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥***
***ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥***

***ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥***
***ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥*** *(1383, ਮ.5)*

ਜਾਂਦੇ-ਜਾਂਦੇ ਇਕ ਕਵੀ ਦੀ ਪ੍ਰਾਰਥਨਾ ਹੈ ਕਿ ਜਿਸ ਤਰ੍ਹਾਂ ਹੋਰ ਭਗਤਾਂ ਅਤੇ ਬਾਣੀਕਾਰਾਂ ਦੀ ਬਾਣੀ 'ਚੋਂ ਲੰਘਦਿਆਂ ਗੁਰੂ ਸਾਹਿਬਾਨ ਉਹਨਾਂ ਦੇ ਰੰਗ ਵਿਚ ਰੰਗੇ ਜਾਂਦੇ ਰਹੇ ਹਨ, ਸਾਨੂੰ ਵੀ ਉਹਨਾਂ ਨੂੰ ਪੜ੍ਹਦਿਆਂ ਉਹਨਾਂ ਦਾ ਕੁਝ ਨਾ ਕੁਝ ਰੰਗ ਨਸੀਬ ਹੋਵੇ:

***ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥***
***ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥*** *(1382)*

*Original with;*
Jaswant Singh Zafar
*Digitized by;*
Panjab Digital Library

# ॥ ਸਧਨਾ ਜੀ ਦਾ ਸਤਿਸੰਗ ॥



*Original with;*
Jaswant Singh Zafar
*Digitized by;*
Panjab Digital Library



ਬਾਹਰਵੀਂ ਸਦੀ ਦੇ ਢਲਾਅ ਨਾਲ ਪੈਦਾ ਹੋਏ ਭਗਤ ਸਧਨਾ ਜੀ ਸਿੰਧ ਦੇ ਵਾਸੀ ਸਨ। ਗੁਰੂ ਗਰੰਥ ਸਾਹਿਬ ਵਿਚ ਉਹਨਾਂ ਦਾ ਇਕੋ-ਇਕ ਸ਼ਬਦ ਪੰਨਾ 858 'ਤੇ ਦਰਜ ਹੈ। ਪਰ ਇਸ ਸ਼ਬਦ ਦੇ ਬੋਲਾਂ ਦੀ ਗੂੰਜ ਪੂਰੀ ਭਗਤੀ ਲਹਿਰ ਜਾਂ ਗੁਰਮਤਿ ਲਹਿਰ ਅੰਦਰ ਸੁਣੀ ਜਾ ਸਕਦੀ ਹੈ। ਉਹਨਾਂ ਤੋਂ ਅਗਲੀਆਂ ਚਾਰ ਪੰਜ ਸਦੀਆਂ ਨੇ ਉਹਨਾਂ ਨੂੰ ਕਿਸ ਤਰ੍ਹਾਂ ਹੁੰਗਾਰਾ ਭਰਿਆ ਹੈ ਉਸ ਨੂੰ ਗੁਰੂ ਗਰੰਥ ਸਾਹਿਬ ਦੇ ਪੰਨਿਆਂ 'ਤੇ ਦਰਜ ਤੁਕਾਂ ਦੇ ਹਵਾਲੇ ਨਾਲ ਇਕ ਦ੍ਰਿਸ਼ ਵਾਂਗ ਦਰਸਾਇਆ ਜਾ ਰਿਹਾ ਹੈ।

ਤੇਰ੍ਹਵੀਂ ਸਦੀ ਦੀ ਸਫ਼ ਵਿਛੀ ਹੈ। ਵੈਰਾਗ ਰੂਪ ਭਗਤ ਸਧਨਾ ਜੀ ਇਸ 'ਤੇ ਬੈਠੇ ਹਨ। ਸਾਹਮਣੇ ਕਈ ਸਦੀਆਂ ਦੀਆਂ ਸਫ਼ਾਂ ਹਨ। ਸਧਨਾ ਜੀ ਦਾ ਸਤਿਸੰਗ ਚੱਲ ਰਿਹਾ ਹੈ। ਗੱਲ ਧਰਮ ਦੇ ਭੇਖ ਤੋਂ ਤੁਰੀ। ਪੁਰਾਣੀ ਸਾਖੀ ਦਾ ਹਵਾਲਾ ਦੇ ਕੇ ਸਮਝਾ ਰਹੇ ਹਨ ਕਿ ਇਕ ਰਾਜੇ ਦੀ ਪੁਤਰੀ ਦੀ ਚਾਹਤ ਸੀ ਕਿ ਉਸ ਦਾ ਵਿਆਹ ਕਿਸੇ ਦੇਵਤਾ ਸਰੂਪ ਧਰਮੀ ਪੁਰਸ਼ ਨਾਲ ਹੋਵੇ। ਇਸ ਗੱਲ ਦਾ ਇਕ ਚਤੁਰ ਅਤੇ ਵਿਕਾਰੀ ਬੰਦੇ ਨੂੰ ਪਤਾ ਲੱਗਾ। ਉਸ ਨੇ ਦੇਵਤੇ ਦਾ ਭੇਖ ਕੀਤਾ। ਉਸ ਨੇ ਚਲਾਕੀ ਨਾਲ ਆਪਣੇ ਸਰਬ ਸ਼ਕਤੀਆਂ ਦਾ ਮਾਲਕ ਹੋਣ ਦੀ ਗੱਲ ਰਾਜ ਘਰਾਣੇ ਦੀ ਉਸ ਸੁੰਦਰ ਕੰਨਿਆਂ ਦੇ ਕੰਨੀਂ ਪੁਆਈ। ਨਤੀਜਾ, ਦੋਹਾਂ ਦਾ ਵਿਆਹ ਹੋ ਗਿਆ। ਕੁਝ ਸਮੇਂ ਬਾਅਦ ਰਾਜ-ਪਰਿਵਾਰ 'ਤੇ ਕੋਈ ਬਿਪਤਾ ਆ ਪਈ। ਆਪਣੇ ਆਪ ਨੂੰ ਸ਼ਕਤੀਸ਼ਾਲੀ ਅਖਵਾਉਣ ਵਾਲੇ ਭੇਖਧਾਰੀ ਦੇ ਇਮਤਿਹਾਨ ਦਾ ਵੇਲਾ ਆ ਗਿਆ। ਉਹ ਭੱਜ ਖਲੋਤਾ। ਇਸ ਤਰ੍ਹਾਂ ਭਗਤ ਸਧਨਾ ਜੀ ਆਪਣਾ ਵਿਚਾਰ ਸਥਾਪਿਤ ਕਰਦੇ ਹਨ ਕਿ ਧਰਮ ਦੇ ਭੇਖ ਨਾਲ ਕੁਝ ਸਮੇਂ ਲਈ ਦੂਸਰਿਆਂ ਨੂੰ ਬੁੱਧੂ ਬਣਾਇਆ ਜਾ ਸਕਦਾ ਹੈ, ਉਹਨਾਂ ਦੇ ਸਰੀਰ ਜਾਂ ਮਨ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ। ਧਰਮ ਦੇ ਭੇਖ ਨੂੰ ਕੁਝ ਸਮੇਂ ਲਈ ਰਾਜ-ਸੱਤਾ ਦਾ ਸੁੱਖ ਭੋਗਣ ਲਈ ਵੀ ਵਰਤਿਆ ਜਾ ਸਕਦਾ ਹੈ। ਪਰ ਅੰਦਰਲੇ ਦੁਸ਼ਮਣਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ, ਆਤਮਿਕ ਸੁੱਖ ਨਹੀਂ ਮਾਣਿਆਂ ਜਾ ਸਕਦਾ।

ਸਾਖੀ ਸੁਣਨ ਵਾਲਿਆਂ ਦਾ ਧਿਆਨ ਸਧਨਾ ਜੀ ਦੇ ਭੇਖ ਵੱਲ ਜਾਂਦਾ ਹੈ ਤਾਂ ਉਹਨਾਂ ਨੂੰ ਅਨੁਮਾਨ ਨਹੀਂ ਹੋ ਰਿਹਾ ਕਿ ਸਧਨਾ ਜੀ ਹਿੰਦੂ ਹਨ ਕਿ ਮੁਸਲਮਾਨ। ਇਧਰ ਉਧਰ ਤੁਰੇ ਫਿਰਦੇ ਹਿੰਦੂ ਅਤੇ ਮੁਸਲਮਾਨ ਆਪੋ ਆਪਣੇ ਕਿਆਫ਼ੇ ਲਾ ਰਹੇ ਹਨ। ਪਰ ਪ੍ਰੇਮ ਭਾਵ ਵਾਲੇ ਸਤਿਸੰਗੀਆਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ। ਉਹ ਉਹਨਾਂ ਦੀ ਵਿਚਾਰ ਨਾਲ ਜੁੜੇ ਹਨ। ਸਧਨਾ ਜੀ ਗੱਲ ਅੱਗੇ ਤੋਰਦੇ ਹਨ ਕਿ ਈਸ਼ਵਰ ਦੀ ਬਖਸ਼ਿਸ਼ ਧਰਮ ਦੇ ਭੇਖ ਨਾਲ ਨਹੀਂ ਸਗੋਂ ਪ੍ਰੇਮ ਅਤੇ ਵੈਰਾਗ ਨਾਲ ਪ੍ਰਾਪਤ ਹੁੰਦੀ ਹੈ। ਜਿਸ ਨਾਲ ਅਸੀਂ ਵਿਕਾਰਾਂ ਦੇ ਰੂਪ 'ਚ ਸਾਡੇ ਅੰਦਰ ਬੈਠੇ ਦੁਸ਼ਮਣਾਂ ਦੀ ਮਾਰ ਤੋਂ ਬਚ ਸਕਦੇ ਹਾਂ। ਅਜਿਹੀ ਬਖਸ਼ਿਸ਼ ਦੀ ਪ੍ਰਾਪਤੀ

Original with:
Jaswant Singh Zafar
Digitized by;
Panjab Digital Library

ਲਈ ਸਧਨਾ ਜੀ ਪ੍ਰਾਰਥਨਾ ਵਿਚ ਜੁੜ ਜਾਂਦੇ ਹਨ:

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥**
**ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥**
**ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**
**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥** *(858)*

ਪ੍ਰਾਰਥਨਾ ਵਿਚ ਪਰਮਾਤਮਾ ਦੇ ਨਿਰਗੁਣ ਸਰੂਪ ਦੀ ਅਰਾਧਨਾ ਹੋ ਰਹੀ ਹੈ, ਕਿ ਉਹ ਅਜਿਹੀ ਸ਼ਕਤੀ ਹੈ ਜੋ ਪੂਰੀ ਸ੍ਰਿਸ਼ਟੀ ਨੂੰ ਸੰਚਾਲਿਤ ਕਰ ਰਹੀ ਹੈ। ਜਿਸ ਕੋਲ ਸਾਰੇ ਜਗਤ ਨੂੰ ਚਲਾਉਣ ਦਾ ਗੁਰ ਹੈ। ਇਸ ਪ੍ਰਾਰਥਨਾ ਦੇ ਨਾਲ ਅਸਲੀ ਆਸਤਿਕਤਾ ਦਾ ਖੁਲਾਸਾ ਹੋਣ ਲੱਗਦਾ ਹੈ ਕਿ ਸ਼ੇਰ ਦੀ ਸ਼ਰਨ 'ਚ ਆਉਣ 'ਤੇ ਵੀ ਜੇ ਗਿੱਦੜ ਜਾਨ ਦਾ ਖੌਅ ਬਣੇ ਰਹਿਣ ਫਿਰ ਜਾਂ ਤਾਂ ਉਹ ਸ਼ੇਰ ਹੀ ਸ਼ੇਰ ਨਹੀਂ ਤੇ ਜਾਂ ਫਿਰ ਅਸੀਂ ਸਹੀ ਅਰਥਾਂ ਵਿਚ ਉਸ ਦੀ ਸ਼ਰਨ ਵਿਚ ਆਏ ਨਹੀਂ। ਜੇ ਅਸੀਂ ਦੁੱਖਾਂ ਕਲੇਸ਼ਾਂ ਵਿਚ ਘਿਰੇ ਹੋਏ ਹਾਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਧਰਮ ਪਾਖੰਡ ਹੈ, ਸਾਡੀ ਆਸਤਿਕਤਾ ਦਿਖਾਵੇ ਦੀ ਹੈ। ਅਜਿਹੀ ਹਾਲਤ ਵਿਚ ਜਿਸ ਦੀ ਅਸੀਂ ਸ਼ਰਨ ਵਿਚ ਹਾਂ ਜਾਂ ਤਾਂ ਉਹ ਜਗਤ ਗੁਰੂ ਪਰਮਾਤਮਾ ਨਹੀਂ ਹੈ ਜਾਂ ਫਿਰ ਅਸੀਂ ਸਹੀ ਅਰਥਾਂ ਵਿਚ ਉਸ ਦੀ ਸ਼ਰਨ ਵਿਚ ਨਹੀਂ ਹਾਂ। ਦੇਖਣ ਨੂੰ ਧਾਰਮਿਕ ਲੱਗਦਾ ਜਾਂ ਕਿਸੇ ਧਰਮ ਦਾ ਬਾਹਰੀ ਦਿਖਾਵਾ ਰੱਖਣ ਵਾਲਾ ਵਿਅਕਤੀ ਜੇ ਦੁੱਖਾਂ, ਕਲੇਸ਼ਾਂ, ਪਰੇਸ਼ਾਨੀਆਂ ਅਤੇ ਖ਼ੌਫ਼ ਦਾ ਗਰੱਸਿਆ ਹੋਇਆ ਹੈ, ਅਨੰਦ ਦੀ ਅਵੱਸਥਾ ਵਿਚ ਨਹੀਂ ਤਾਂ ਸਮਝਣਾ ਚਾਹੀਦਾ ਹੈ ਕਿ ਉਹ ਸਹੀ ਅਰਥਾਂ ਵਿਚ ਧਾਰਮਿਕ ਜਾਂ ਆਸਤਿਕ ਨਹੀਂ। ਸਦੀਵੀ ਆਨੰਦ ਤਾਂ ਉਸ ਜਗਤ ਗੁਰੂ ਦੀ ਸ਼ਰਨ ਵਿਚ ਹੈ। ਪ੍ਰਾਰਥਨਾ ਅੱਗੇ ਚਲਦੀ ਹੈ:

**ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥**
**ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥**
**ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥**
**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥**

ਪ੍ਰਾਰਥਨਾ ਉਸ ਦੀ ਸ਼ਰਨ ਨੂੰ ਗ੍ਰਹਿਣ ਕਰਨ ਦੀ ਜੁਗਤ ਹੈ। ਉਸ ਦੀ ਬਖਸ਼ਿਸ਼ ਦੇ ਪਾਤਰ ਹੋਣ ਲਈ ਵੈਰਾਗ ਹੈ। ਵੈਰਾਗੀ ਦੀ ਅਵੱਸਥਾ ਉਸ ਪਪੀਹੇ ਵਾਲੀ ਹੈ ਜਿਸ ਦੀ ਇਕ ਬੂੰਦ ਖਾਤਰ ਜਾਨ ਨਿਕਲਦੀ ਹੈ। ਜਾਨ ਨਿਕਲ ਜਾਣ ਮਗਰੋਂ ਭਾਵੇਂ ਪੂਰਾ ਸਮੁੰਦਰ ਮਿਲ ਜਾਵੇ, ਉਹ ਕਿਸ ਕੰਮ? ਡੁੱਬ ਕੇ ਮਰ ਗਏ ਨੂੰ ਬੇੜੀ ਮਿਲੀ ਤਾਂ ਕੀ ਮਿਲੀ? ਸਧਨਾ ਜੀ ਝੂਮ ਕੇ ਸੰਪੂਰਨ ਸਮਰਪਿਤ ਭਾਵ ਨਾਲ ਗਾਉਂਦੇ ਹਨ:

ਸਧਨਾ ਜੀ: **ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**

ਉਹਨਾਂ ਦੇ ਨੇੜੇ ਬੈਠੇ ਨਾਮਦੇਵ ਜੀ ਇਸ ਪ੍ਰਾਰਥਨਾ 'ਚ ਸ਼ਾਮਲ ਹੁੰਦੇ ਹਨ:

ਨਾਮਦੇਵ ਜੀ: **ਮੇਰਾ ਕੀਆ ਕਛੂ ਨ ਹੋਇ ॥** *(1165)*

ਸਤਿਸੰਗ ਵਿਚ ਜੁੜੇ ਇਕ ਸਦੀ ਦੇ ਫਾਸਲੇ 'ਤੇ ਸਾਹਮਣੇ ਬੈਠੇ ਕਬੀਰ ਸਾਹਿਬ ਆਵਾਜ਼ੇ ਨਾਲ ਆਵਾਜ਼ਾ ਚੁੱਕਦੇ ਹਨ:

ਕਬੀਰ ਜੀ: **ਮੈ ਨਾਹੀ ਕਛੁ ਆਹਿ ਨ ਮੋਰਾ ॥** *(336)*

ਸਧਨਾ ਜੀ ਫਿਰ ਉਚੀ ਅਵਾਜ਼ ਵਿਚ ਦੁਹਰਾਉਂਦੇ ਹਨ:

ਸਧਨਾ ਜੀ: **ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**

ਕਬੀਰ ਜੀ ਫਿਰ ਸਤਰ ਨਾਲ ਸਤਰ ਮਿਲਾਉਂਦੇ ਹਨ:

Original with;
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

ਕਬੀਰ ਜੀ: **ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥** *(1375)*

ਉਹਨਾਂ ਦੇ ਨੇੜੇ ਬੈਠੇ ਰਵਿਦਾਸ ਜੀ ਵੀ ਇਸ ਪ੍ਰਾਰਥਨਾ ਵਿਚ ਆਪਣੀ ਅਵਾਜ਼ ਨਾਲ ਸ਼ਾਮਲ ਹੁੰਦੇ ਹਨ:

ਰਵਿਦਾਸ ਜੀ: **ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥** *(858)*

ਉਹਨਾਂ ਤੋਂ ਇਕ ਸਦੀ ਪਿੱਛੇ ਇਸ ਪ੍ਰਾਰਥਨਾ ਦੇ ਅਨੰਦ ਵਿਚ ਲੀਨ ਬੈਠੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਦੀ ਰਬਾਬ ਦੀ ਤਾਨ 'ਤੇ ਗੁਣਗੁਣਾਉਂਦੇ ਹਨ:

ਗੁਰੂ ਨਾਨਕ: **ਸਭਿ ਗੁਣ ਤੇਰੇ ਮੈ ਨਾਹੀ ਕੋਇ ॥** *(4)*

ਗੁਰੂ ਨਾਨਕ ਦੇਵ ਜੀ ਤੋਂ ਪਿੱਛੇ ਬੈਠੇ ਬਾਕੀ ਗੁਰੂ ਸਾਹਿਬਾਨ ਵਾਰੀ-ਵਾਰੀ ਆ ਕੇ ਇਸ ਵਿਸਮਾਦੀ ਪ੍ਰਾਰਥਨਾ ਵਿਚ ਸ਼ਾਮਲ ਹੁੰਦੇ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਆਪਣੇ ਸਾਰੰਦੇ ਦੀਆਂ ਸੁਰਾਂ ਨਾਲ ਪ੍ਰਾਰਥਨਾ ਦੇ ਬੋਲਾਂ ਨੂੰ ਪੂਰੀ ਤਰ੍ਹਾਂ ਨਾਲ ਰਾਗਮਈ ਬਣਾ ਦਿੰਦੇ ਹਨ ਅਤੇ ਉਚਾਰਦੇ ਹਨ:

ਗੁਰੂ ਅਰਜਨ: **ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥** *(827)*

ਇਸ ਤਰ੍ਹਾਂ ਪ੍ਰਾਰਥਨਾ ਦਾ ਵਾਤਾਵਰਣ ਜਦ ਆਪਣੀ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ ਤਾਂ ਸਧਨਾ ਜੀ ਆਖਰੀ ਸਤਰ ਗਾਉਂਦੇ ਹਨ:

***ਸਧਨਾ ਜੀ: ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥***

ਫਿਰ ਇਸ ਆਖਰੀ ਸਤਰ ਨੂੰ ਦੋ ਹਿੱਸਿਆਂ ਵਿਚ ਦੁਹਰਾਉਂਦੇ ਹਨ ਤਾਂ ਉਹਨਾਂ ਦੇ ਅਗਲੀਆਂ ਸਦੀਆਂ ਗੂੰਜਣ ਲਗਦੀਆਂ ਹਨ:

ਸਧਨਾ ਜੀ: **ਅਉਸਰ ਲਜਾ ਰਾਖਿ ਲੇਹੁ**

ਨਾਮਦੇਵ ਜੀ: **ਮੋ ਕਉ ਤਾਰਿ ਲੇ ਰਾਮਾ** *(873)*

ਨਾਮਦੇਵ ਜੀ: **ਤਾਰਿ ਲੈ ਬਾਪ ਬੀਠੁਲਾ** *(1196)*

ਕਬੀਰ ਜੀ: **ਰਾਖਿ ਲੇਹੁ ਹਮ ਤੇ ਬਿਗਰੀ** *(856)*

ਗੁਰੂ ਨਾਨਕ: **ਕਰਿ ਕਿਰਪਾ ਰਾਖਹੁ ਮੇਰੀ ਲਾਜ** *(876)*

ਗੁਰੂ ਅਮਰਦਾਸ: **ਕਰਿ ਕਿਰਪਾ ਹਰਿ ਲਾਜ ਰਖਾਹਿ** *(592)*

ਗੁਰੂ ਰਾਮਦਾਸ: **ਹਰਿ ਜੀਉ ਰਾਖਹੁ ਲਾਜ ਮੁਰਾਰਿ** *(528)*

ਗੁਰੂ ਰਾਮਦਾਸ: **ਹਰਿ ਜੀ ਲਾਜ ਰਖਹੁ ਹਰਿ ਜਨ ਕੀ** *(668)*

ਗੁਰੂ ਰਾਮਦਾਸ: **ਹਰਿ ਰਾਖਹੁ ਲਾਜ ਹਰੇ** *(975)*

ਗੁਰੂ ਅਰਜਨ: **ਰਾਖੁ ਲਾਜ ਅਪੁਨਾਇਓ** *(712)*

ਗੁਰੂ ਅਰਜਨ: **ਦਾਸ ਅਪੁਨੇ ਕੀ ਰਾਖਹੁ ਲਾਜ** *(736)*

ਗੁਰੂ ਅਰਜਨ: **ਰਾਖੁ ਲਾਜ ਭਗਤਾਨਾ** *(777)*

ਇਸ ਤਰ੍ਹਾਂ ਗੁਰੂ ਅਰਜਨ ਜੀ ਵਾਰ-ਵਾਰ ਆਪਣੀ ਬੇਨਤੀ ਦੁਹਰਾਈ ਜਾਂਦੇ ਹਨ:

ਗੁਰੂ ਅਰਜਨ: **ਹਾ ਹਾ ਹਾ ਪ੍ਰਭ ਰਾਖਿ ਲੇਹੁ** *(695)*

ਗੁਰੂ ਅਰਜਨ: **ਕਰਿ ਕਿਰਪਾ ਪ੍ਰਭ ਰਾਖਿ ਲੇਹੁ** *(707)*

*Original with*
Jaswant Singh Zafar
*Digitized by;*
Panjab Digital Library

ਗੁਰੂ ਤੇਗ ਬਹਾਦਰ ਜੀ ਵੀ ਵੈਰਾਗ ਵਿਚ ਡੁੱਬੇ ਹੋਏ ਉਚਾਰਨ ਕਰ ਰਹੇ ਹਨ:

ਗੁਰੂ ਤੇਗ ਬਹਾਦਰ: ***ਹਰਿ ਜੂ ਰਾਖਿ ਲੇਹੁ ਪਤਿ ਮੇਰੀ*** *(703)*

ਗੁਰੂ ਤੇਗ ਬਹਾਦਰ: ***ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ*** *(632)*

ਪ੍ਰਾਰਥਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਸਧਨਾ ਜੀ ਵਾਲੇ ਅੰਦਾਜ਼ ਅਤੇ ਤਰਜ਼ ਨਾਲ ਸ਼ਾਮਲ ਹੁੰਦੇ ਹਨ:

ਗੁਰੂ ਗੋਬਿੰਦ ਸਿੰਘ: ***ਬਾਂਹਿ ਗਹੇ ਕੀ ਲਾਜ ਅਸ***

ਫਿਰ ਸਧਨਾ ਜੀ ਆਖਰੀ ਸਤਰ ਦੇ ਦੂਸਰੇ ਭਾਗ ਨੂੰ ਲੰਮੀ ਹੇਕ ਨਾਲ ਮੁਕਾਉਂਦੇ ਹਨ ਤਾਂ ਅਗਲੀਆਂ ਸਦੀਆਂ ਦੀ ਪ੍ਰਤੀਧੁਨੀ ਉੱਭਰਦੀ ਹੈ:

ਸਧਨਾ ਜੀ: ***ਸਧਨਾ ਜਨੁ ਤੋਰਾ***

ਨਾਮਦੇਵ ਜੀ: ***ਕੋ ਠਾਕੁਰੁ ਕੋ ਦਾਸਾ ਰੇ*** *(988)*

ਰਵਿਦਾਸ ਜੀ: ***ਮੈ ਜਨੁ ਤੇਰਾ*** *(345)*

ਗੁਰੂ ਰਾਮਦਾਸ: ***ਨਾਨਕੁ ਜਨੁ ਤੇਰਾ*** *(844)*

ਗੁਰੂ ਅਰਜਨ: ***ਨਾਨਕ ਦਾਸਨਿ ਦਾਸੁ ਜਨੁ ਤੇਰਾ*** *(1226)*

ਗੁਰੂ ਅਰਜਨ: ***ਕਰਿ ਕਿਰਪਾ ਜਨੁ ਤੇਰਾ*** *(1206)*

ਗੁਰੂ ਅਰਜਨ: ***ਨਾਨਕੁ ਗਰੀਬੁ ਬੰਦਾ ਜਨੁ ਤੇਰਾ*** *(676)*

ਗੁਰੂ ਅਰਜਨ: ***ਨਾਨਕੁ ਜਨੁ ਤੇਰਾ*** *(1096)*

ਗੁਰੂ ਅਰਜਨ ਸੋਚਦੇ ਹਨ ਕਿ "ਸਧਨਾ ਜਨੁ ਤੋਰਾ" ਜਾਂ "ਨਾਨਕ ਜਨੁ ਤੇਰਾ" ਵਾਲੀ ਇਹ ਪ੍ਰਾਰਥਨਾ ਉਹਨਾਂ ਦੇ ਪਿੱਛੇ ਵਾਲੀਆਂ ਸਾਰੀਆਂ ਸਦੀਆਂ ਵਿਚ ਸਦੀਵੀ ਰੂਪ 'ਚ ਗੂੰਜਦੀ ਰਹਿਣੀ ਚਾਹੀਦੀ ਹੈ। ਇਸ ਲਈ ਉਹ ਇਸ ਪ੍ਰਾਰਥਨਾ ਨੂੰ ਵਿਸ਼ੇਸ ਜੁਗਤ ਨਾਲ ਰਿਕਾਰਡ ਕਰਕੇ ਆਉਣ ਵਾਲੀ ਹਰ ਸਦੀ ਲਈ ਸੰਭਾਲ ਕੇ ਸੁਰੱਖਿਅਤ ਕਰ ਜਾਂਦੇ ਹਨ। ਐਸੀ ਸੰਭਾਲ 'ਤੇ ਗੁਰੂ ਗੋਬਿੰਦ ਸਿੰਘ ਜੀ ਬਲਿਹਾਰ ਜਾਂਦੇ ਹਨ ਅਤੇ ਸਭ ਸਿੱਖਨ ਕੋ ਇਸ ਪ੍ਰਾਰਥਨਾ ਵਿਚ ਸਦੀਵੀ ਤੌਰ 'ਤੇ ਜੁੜੇ ਰਹਿਣ ਦੀ ਤਾਕੀਦ ਕਰਦੇ ਹੋਏ ਆਪ ਵੀ ਇਸ ਪ੍ਰਾਰਥਨਾ ਵਿਚ ਝੁਕ ਜਾਂਦੇ ਹਨ:

ਗੁਰੂ ਗੋਬਿੰਦ ਸਿੰਘ: ***ਗੋਬਿੰਦ ਦਾਸ ਤੁਹਾਰ***

ਇਸ ਪ੍ਰਕਾਰ ਇਹ ਪ੍ਰਾਰਥਨਾ ਤੇਹਰਵੀਂ ਤੋਂ ਅਠਾਹਵੀਂ ਸਦੀ ਦੌਰਾਨ ਲਗਾਤਾਰ ਗੂੰਜਦੀ ਰਹਿੰਦੀ ਹੈ:

ਸਧਨਾ ਜੀ: ***ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥***

ਗੁਰੂ ਗੋਬਿੰਦ ਸਿੰਘ: ***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***

*Original with;*
Jaswant Singh Zafar
*Digitized by;*
Panjab Digital Library

## ॥ ਜੈਦੇਵ ਜੀ: ਬ੍ਰਾਹਮਣੁ ਬ੍ਰਹਮੁ ਬੀਚਾਰੈ ॥



*Original with;*
Jaswant Singh Zafar
*Digitized by;*
Panjab Digital Library



ਆਮ ਤੌਰ 'ਤੇ ਸਾਡੇ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ 'ਬ੍ਰਾਹਮਣ' ਸ਼ਬਦ ਦੀ ਵਰਤੋਂ ਨਿਰਾਦਰ ਭਾਵ ਨਾਲ ਹੀ ਕਰਦੇ ਹਨ। ਮਿਸਾਲ ਦੇ ਤੌਰ 'ਤੇ ਅਸੀਂ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਾਉਣ ਵਾਲੇ ਗੁਰੂ ਘਰ ਦੇ ਰਸੋਈਏ ਗੰਗੂ ਦੀ ਖਲਨਾਇਕਤਾ ਨੂੰ ਉਭਾਰਨ ਲਈ ਉਸ ਨੂੰ ਹਮੇਸ਼ਾ 'ਗੰਗੂ ਬਾਹਮਣ' ਕਹਿ ਕੇ ਯਾਦ ਕਰਦੇ ਹਾਂ। ਦੂਜੇ ਪਾਸੇ ਸਿੱਖ ਇਤਿਹਾਸ ਵਿਚ ਬ੍ਰਾਹਮਣ ਜਾਤੀ ਨਾਲ ਸਬੰਧਤ ਹੋਰ ਅਨੇਕਾਂ ਮਹੱਤਵ ਭਰਪੂਰ ਸ਼ਖ਼ਸੀਅਤਾਂ ਜਾਂ ਨਾਇਕ ਹੋਏ ਹਨ ਜਿਹਨਾਂ ਦੀ ਜਾਤ ਨਹੀਂ ਚਿਤਾਰੀ ਜਾਂਦੀ, ਇਸ ਕਰਕੇ ਉਹਨਾਂ ਦੀ ਜਾਤ ਬਾਰੇ ਸਾਨੂੰ ਪਤਾ ਵੀ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਗੁਰੂ ਤੇਗ ਬਹਾਦਰ ਨਾਲ ਸ਼ਹੀਦ ਹੋਣ ਵਾਲੇ ਸਕੇ ਭਰਾ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਵੀ ਛਿੱਬਰ ਗੋਤ ਦੇ ਬ੍ਰਾਹਮਣ ਪਰਿਵਾਰ ਨਾਲ ਸਬੰਧਤ ਸਨ, ਉਹਨਾਂ ਨੂੰ ਅਸੀਂ ਬ੍ਰਾਹਮਣ ਕਹਿ ਕੇ ਯਾਦ ਕਰਨ ਦੀ ਲੋੜ ਮਹਿਸੂਸ ਨਹੀਂ ਕਰਦੇ। ਇਹ ਗੱਲ ਸਾਡੀ ਜਾਤ ਆਧਾਰਤ ਪੱਖਪਾਤੀ ਮਾਨਸਿਕਤਾ ਨੂੰ ਦਰਸਾਉਂਦੀ ਹੈ, ਜੋ ਹੋਣੀ ਨਹੀਂ ਚਾਹੀਦੀ। ਉਂਜ ਵੀ ਅਸੀਂ ਦੂਸਰਿਆਂ ਦੇ ਨਾਂ ਨਾਲ ਜਾਤ ਲਾ ਕੇ ਉਹਨਾਂ ਨੂੰ ਛੁਟਿਆਉਣ ਅਤੇ ਆਪਣੇ ਨਾਂ ਨਾਲ ਆਪਣੀ ਜਾਤ ਦੱਸ ਕੇ ਆਪਣੇ ਆਪ ਨੂੰ ਉਚਿਆਉਣ ਦੀ ਫ਼ਜ਼ੂਲ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਪਰ ਗੁਰਬਾਣੀ ਜਾਤ ਆਧਾਰਤ ਵਿਤਕਰੇ ਦੀ ਆਗਿਆ ਨਹੀਂ ਦਿੰਦੀ, ਜਾਤ ਦੇ ਅਧਾਰ 'ਤੇ ਕਿਸੇ ਨੂੰ ਉੱਚਾ-ਨੀਵਾਂ ਜਾਂ ਚੰਗਾ-ਮਾੜਾ ਨਹੀਂ ਮੰਨਦੀ:

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥*** *(747, ਮ.5)*

***ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥*** *(800, ਮ.4)*

***ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ***
***ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥*** *(861, ਮ.4)*

ਗੁਰਬਾਣੀ ਜਾਂ ਸਿੱਖੀ ਬਾਰੇ ਸਾਡੀ ਮੋਟੀ ਜਿਹੀ ਸਮਝ ਬਣੀ ਹੋਈ ਹੈ ਕਿ ਗੁਰਬਾਣੀ ਵਿਚ ਬ੍ਰਾਹਮਣ ਨੂੰ ਬੁਰਾ ਮੰਨਿਆਂ ਗਿਆ ਹੈ। ਐਸੀ ਸਮਝ ਦੇ ਤਹਿਤ ਅਸੀਂ ਬੁਰਾ ਕੰਮ ਕਰਨ ਵਾਲੇ ਲਈ 'ਬਾਹਮਣ' ਸ਼ਬਦ ਗਾਲ੍ਹ ਵਾਂਗ ਵਰਤਦੇ ਹਾਂ ਅਤੇ ਸਿੱਖਾਂ ਦੀਆਂ ਆਪਣੀਆਂ ਗੁਰਮਤਿ ਵਿਰੋਧੀ ਰੁਚੀਆਂ ਅਤੇ ਰਸਮਾਂ ਨੂੰ ਨਿੰਦਣ ਭੰਡਣ ਲਈ ਵੀ ਸ਼ਬਦ ਬ੍ਰਾਹਮਣਵਾਦ ਵਰਤਦੇ ਹਾਂ। ਜਦ ਕਿ ਗੁਰਬਾਣੀ ਬ੍ਰਹਮ ਨੂੰ ਵਿਚਾਰਨ ਵਰਗੇ

Original with:
Jaswant Singh Zafar
Digitized by;
Panjab Digital Library

ਚੰਗੇ ਕੰਮ ਕਰਨ ਵਾਲੇ ਨੂੰ ਬ੍ਰਾਹਮਣ ਕਹਿੰਦੀ ਹੈ:

**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥** *(662, ਮ.1)*

**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥** *(1127, ਮ.3)*

ਇਸ ਲਈ ਬ੍ਰਾਹਮਣਵਾਦ ਤਾਂ ਬ੍ਰਹਮ-ਮਾਰਗ 'ਤੇ ਚੱਲਣ ਨੂੰ ਕਿਹਾ ਜਾਣਾ ਚਾਹੀਦਾ ਹੈ। ਜਿਹਨਾਂ ਨੂੰ ਬ੍ਰਾਹਮਣ ਕਿਹਾ ਜਾਣਾ ਚਾਹੀਦਾ ਹੈ ਉਹਨਾਂ ਪ੍ਰਤੀ ਗੁਰਬਾਣੀ 'ਚ ਬਹੁਤ ਆਦਰ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪਰ ਇਸ ਤਰ੍ਹਾਂ ਦੇ ਅਸਲੀ ਬ੍ਰਾਹਮਣ ਆਮ ਨਹੀਂ ਸਗੋਂ ਵਿਰਲੇ ਹਨ:

**ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥** *(850, ਮ.3)*

ਐਸੇ ਵਿਰਲਿਆਂ 'ਚੋਂ ਹੀ ਇਕ ਹੋਏ ਹਨ ਭਗਤ ਜੈਦੇਵ ਜੀ। ਆਪ ਗੁਰੂ ਨਾਨਕ ਤੋਂ ਤਕਰੀਬਨ ਪੌਣੇ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਹਨ। ਆਪ ਕੇਵਲ ਜਾਤ ਕਰਕੇ ਨਹੀਂ ਸਗੋਂ ਯੋਗਤਾ ਕਾਰਨ ਬ੍ਰਾਹਮਣ ਸਨ, ਸੰਸਕ੍ਰਿਤ ਦੇ ਵਿਦਵਾਨ ਕਵੀ ਸਨ, ਬ੍ਰਹਮ ਵਿਚਾਰਕ ਸਨ। ਪਰ ਜਾਤੀ-ਅਭਿਮਾਨ ਅਤੇ ਯੋਗਤਾ-ਅਭਿਮਾਨ ਦੋਨੋਂ ਉਹਨਾਂ ਦੇ ਨੇੜੇ ਤੇੜੇ ਨਹੀਂ ਸਨ। ਇਸ ਗੱਲ ਦੀ ਪੁਸ਼ਟੀ ਗੁਰੂ ਅਰਜਨ ਦੇਵ ਜੀ ਕਰਦੇ ਹਨ:

**ਜੈਦੇਵ ਤਿਆਗਿਓ ਅਹੰਮੇਵ ॥** *(1192, ਮ.5)*

ਭਗਤ ਕਬੀਰ ਜੀ ਨੇ ਜਾਤ ਦੇ ਆਧਾਰ 'ਤੇ ਆਪਣੇ ਆਪ ਨੂੰ ਬ੍ਰਾਹਮਣ ਅਖਵਾਉਣ ਵਾਲਿਆਂ ਅਤੇ ਸਮਾਜ ਉੱਤੇ ਆਪਣੀ ਪ੍ਰਧਾਨਤਾ ਥੋਪਣ ਵਾਲਿਆਂ ਦੀ ਸੱਤਾ ਨੂੰ ਚੁਣੌਤੀ ਦਿੱਤੀ ਅਤੇ ਉਹਨਾਂ ਵਿਰੁੱਧ ਬਾਣੀ ਰਚਨਾ ਕੀਤੀ। ਪਰ ਉਹਨਾਂ ਉਚੇਰੀ ਯੋਗਤਾ ਦੇ ਧਾਰਨੀ ਬ੍ਰਾਹਮਣ ਭਗਤ ਜੈਦੇਵ ਜੀ ਦੀ ਬਹੁਤ ਜੈ ਜੈਕਾਰ ਕੀਤੀ। ਭਾਰਤ ਦੇ ਪੂਰਬੀ ਪਾਸੇ ਵਸਦੇ ਜੈਦੇਵ ਜੀ ਅਤੇ ਪੱਛਮੀ ਸਿਰੇ ਮਹਾਰਾਸ਼ਟਰ 'ਚ ਰਹਿੰਦੇ ਭਗਤ ਨਾਮਦੇਵ ਜੀ ਕ੍ਰਮਵਾਰ ਬਾਰ੍ਹਵੀਂ ਅਤੇ ਤੇਰ੍ਹਵੀਂ ਸਦੀ ਵਿਚ ਪੈਦਾ ਹੋਏ ਹਨ। ਇਹਨਾਂ ਦੋਵਾਂ ਇਲਾਕਿਆਂ ਦੇ ਵਿਚਾਲੇ ਚੌਧਵੀਂ ਸਦੀ 'ਚ ਜਨਮੇ ਕਬੀਰ ਜੀ ਨੇ ਆਪਣੀ ਬਾਣੀ ਵਿਚ ਦੋਵਾਂ ਨੂੰ ਇਕੱਠਿਆਂ ਯਾਦ ਕੀਤਾ ਹੈ। ਵਾਰ-ਵਾਰ ਉਹਨਾਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਹੈ। ਉਹਨਾਂ ਨੂੰ ਪ੍ਰੇਮ ਭਗਤੀ ਦੇ ਮੁਜੱਸਮੇ ਮੰਨਦੇ ਹੋਏ ਕਿਹਾ ਕਿ ਪ੍ਰਮੇਸ਼ਰ ਦੀ ਉਹਨਾਂ 'ਤੇ ਅਪਾਰ ਬਖ਼ਸ਼ਿਸ਼ ਸੀ, ਉਹ ਕਲਯੁਗ ਦੀਆਂ ਜਾਗ੍ਰਿਤ ਰੂਹਾਂ ਸਨ:

**ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥** *(330, ਕਬੀਰ ਜੀ)*

**ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥** *(856, ਕਬੀਰ ਜੀ)*

**ਕਲਿ ਜਾਗੇ ਨਾਮਾ ਜੈਦੇਵ ॥** *(1194, ਕਬੀਰ ਜੀ)*

ਗੁਰੂ ਨਾਨਕ ਨੇ ਪੂਰਬ ਦਿਸ਼ਾ ਵਿਚ ਕੀਤੀ ਪਹਿਲੀ ਉਦਾਸੀ ਸਮੇਂ ਕਬੀਰ ਜੀ ਦੀ ਇਹ ਬਾਣੀ ਕਾਸ਼ੀ (ਬਨਾਰਸ) ਵਿਖੇ ਪ੍ਰਾਪਤ ਕੀਤੀ। ਇਸ ਬਾਣੀ ਨੇ ਉਹਨਾਂ ਨੂੰ ਭਗਤ ਜੈਦੇਵ ਦੀ ਮਹਾਨਤਾ ਦੀ ਦੱਸ ਪਾਈ। ਕਾਸ਼ੀ ਤੋਂ ਮਗਰੋਂ ਗੁਰੂ ਨਾਨਕ ਗਯਾ, ਆਸਾਮ, ਬਰਮਾ ਵਲੋਂ ਚੱਕਰ ਕੱਢ ਕੇ ਬੰਗਾਲ 'ਚੋਂ ਹੁੰਦੇ ਹੋਏ ਜਗਨ ਨਾਥ ਪੁਰੀ ਪਹੁੰਚੇ। ਭਗਤ ਜੈਦੇਵ ਦਾ ਜਨਮ ਬੰਗਾਲ 'ਚ ਹੋਇਆ ਪਰ ਜੀਵਨ ਦਾ ਬਹੁਤਾ ਸਮਾਂ ਉੜੀਸਾ 'ਚ ਪੈਂਦੇ ਜਗਨ ਨਾਥ ਪੁਰੀ ਦੇ ਆਸ-ਪਾਸ ਬੀਤਿਆ। ਜਗਨ ਨਾਥ ਮੰਦਰ ਵਿਚ ਉਹਨਾਂ ਦੀ ਪ੍ਰਸਿੱਧ ਰਚਨਾ ਗੀਤ ਗੋਵਿੰਦ ਦਾ ਗਾਇਨ ਹੁੰਦਾ ਹੈ। ਉਹਨਾਂ ਦੀ ਮਾਨਤਾ ਅਤੇ ਮਹਾਨਤਾ ਕਾਰਨ ਬੰਗਾਲ ਦੇ ਲੋਕ ਉਹਨਾਂ ਨੂੰ ਬੰਗਾਲੀ ਮੰਨਦੇ ਹਨ ਅਤੇ ਉੜੀਸਾ ਦੇ ਲੋਕ ਉਹਨਾਂ ਦੇ ਪੂਰੀ ਤਰ੍ਹਾਂ ਉੜੀਸਾ ਨਾਲ ਸਬੰਧਤ ਹੋਣ ਦਾ ਦਾਅਵਾ ਕਰਦੇ ਹਨ। ਗੁਰੂ ਨਾਨਕ ਨੇ ਜੈਦੇਵ ਜੀ ਦੀ ਬਾਣੀ ਉਹਨਾਂ ਦੇ ਬੰਗਾਲ ਵਿਚਲੇ ਜੱਦੀ ਇਲਾਕੇ ਜਾਂ ਪੁਰੀ ਦੇ ਆਸ-ਪਾਸ ਉਹਨਾਂ ਦੇ ਸ਼ਰਧਾਲੂਆਂ ਜਾਂ ਵੰਸ਼ਜਾਂ ਤੋਂ ਪ੍ਰਾਪਤ ਕੀਤੀ।

Original with;
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

ਕਈ ਵਿਦਵਾਨ ਖਿਆਲ ਕਰਦੇ ਹਨ ਕਿ ਜਿਸ ਜੈਦੇਵ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਉਹ ਗੀਤ ਗੋਵਿੰਦ ਰਚਣ ਵਾਲਾ ਜੈਦੇਵ ਨਹੀਂ ਹੋ ਸਕਦਾ ਕਿਉਂਕਿ ਗੀਤ ਗੋਵਿੰਦ ਤਾਂ ਕ੍ਰਿਸ਼ਨ ਜੀ ਦੇ ਰਾਧਾ ਜੀ ਨਾਲ ਰੋਮਾਂਸ ਭਰਪੂਰ ਪ੍ਰੇਮ ਪ੍ਰਸੰਗਾਂ ਦਾ ਸ਼ਿੰਗਾਰ ਰਸੀ ਕਾਵਿ ਵਰਨਣ ਹੈ। ਉਹਨਾਂ ਦਾ ਮੰਨਣਾ ਹੈ ਕਿ ਅਜਿਹੀ ਰਚਨਾ ਦਾ ਕਰਤਾ ਨਿਰਗੁਣ ਬ੍ਰਹਮ ਦੀ ਉਪਾਸਨਾ ਕਰਨ ਵਾਲਾ ਅਤੇ ਗੁਰੂ ਗਰੰਥ ਸਾਹਿਬ ਦਾ ਬਾਣੀਕਾਰ ਨਹੀਂ ਹੋ ਸਕਦਾ। ਅਜਿਹਾ ਸੋਚਣਾ ਨਿਰੀ ਸੰਕੀਰਨਤਾ ਜਾਪਦੀ ਹੈ। ਇਕ ਰਚਨਾਕਾਰ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਸੰਕਲਪਾਂ ਬਾਬਤ ਚਿੰਤਨ ਕਰ ਸਕਦਾ ਹੈ, ਲਿਖ ਸਕਦਾ ਹੈ। ਇਸ ਸਬੰਧੀ 'ਰਾਮ ਅਵਤਾਰ' ਅਤੇ 'ਕ੍ਰਿਸ਼ਨ ਅਵਤਾਰ' ਦੇ ਰਚਨਾਕਾਰ (ਗੁਰੂ ਗੋਬਿੰਦ ਸਿੰਘ ਜੀ) ਦੀ ਮਿਸਾਲ ਦਿੱਤੀ ਜਾ ਸਕਦੀ ਹੈ ਜਿਹਨਾਂ ਨੇ ਨਿਰਗੁਣ ਬ੍ਰਹਮ ਦੀ ਉਸਤਤ ਵਿਚ ਜਾਪੁ ਸਾਹਿਬ ਦੀ ਵੀ ਰਚਨਾ ਕੀਤੀ। ਕਬੀਰ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਉਸੇ ਜੈਦੇਵ ਦੀ ਮਹਿਮਾ ਕੀਤੀ ਹੈ ਜੋ ਗੀਤ ਗੋਵਿੰਦ ਦਾ ਕਰਤਾ ਹੈ। ਮੈਕਾਲਿਫ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਗੀਤ ਗੋਵਿੰਦ ਵਾਲੇ ਜੈਦੇਵ ਜੀ ਨੂੰ ਗੁਰੂ ਗਰੰਥ ਸਾਹਿਬ ਦਾ ਬਾਣੀਕਾਰ ਮੰਨਿਆਂ ਹੈ।

ਗੁਰੂ ਰਾਮਦਾਸ ਨੇ ਆਪਣੀ ਬਾਣੀ ਵਿਚ ਭਗਤ ਜੀ ਦਾ ਆਦਰ ਜੈਦੇਉ ਨਾਮ ਨਾਲ ਕੀਤਾ ਹੈ ਪਰ ਗੁਰੂ ਅਰਜਨ ਨੇ ਆਪਣੀ ਬਾਣੀ ਵਿਚ ਉਹਨਾਂ ਦੀ ਮਹਿਮਾ ਜੈਦੇਵ ਨਾਮ ਨਾਲ ਕੀਤੀ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਉਹਨਾਂ ਨੂੰ ਜੈਦੇਵ ਅਤੇ ਜੈਦੇਉ ਦੋ ਨਾਵਾਂ ਨਾਲ ਯਾਦ ਕੀਤਾ ਹੈ। ਪਰ ਇਸ ਨਾਲ ਦੋ ਅਲੱਗ ਅਲੱਗ ਸ਼ਖ਼ਸੀਅਤਾਂ ਹੋਣ ਦਾ ਸ਼ੰਕਾ ਨਹੀਂ ਹੁੰਦਾ ਸਗੋਂ ਇਕੋ ਸ਼ਖ਼ਸੀਅਤ ਦੇ ਇਕੋ ਭਾਵ ਵਾਲੇ ਰਲਦੇ ਮਿਲਦੇ ਨਾਮ ਹਨ। ਗੁਰੂ ਗ੍ਰੰਥ ਸਾਹਿਬ ਵਿਚਲੇ ਉਹਨਾਂ ਦੇ ਆਪਣੇ ਇਕ ਸ਼ਬਦ ਦੀ ਆਖਰੀ ਸਤਰ 'ਚ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ:

**ਬਦਤਿ ਜੈਦੇਉ ਜੈਦੇਵ ਕਉ ਰੰਮਿਆ**
**ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥** *(1106, ਜੈਦੇਵ ਜੀ)*

ਪੰਚਮ ਪਾਤਸ਼ਾਹ ਨੇ ਗੁਰੂ ਨਾਨਕ ਤੋਂ ਪੂਰਬਲੇ ਬਾਣੀਕਾਰਾਂ ਦੀ ਰਚਨਾ ਨੂੰ ਜਿਸ ਆਦਰ ਨਾਲ ਪੇਸ਼ ਕੀਤਾ ਹੈ ਉਸ ਨੂੰ ਮਹਿਸੂਸ ਕਰਕੇ ਕਈ ਵਾਰ ਅੱਖਾਂ ਨਮ ਜੋ ਜਾਂਦੀਆਂ ਹਨ। ਰਾਗ ਗੂਜਰੀ ਵਿਚ ਉਹਨਾਂ ਆਪਣੇ ਸਤਿਕਾਰਤ ਪਿਤਾ ਗੁਰੂ ਰਾਮਦਾਸ ਦੀ ਬਾਣੀ 'ਰਾਗੁ ਗੂਜਰੀ ਮਹਲਾ 4' ਲਿਖ ਕੇ, ਆਪਣੇ ਅਤਿ ਸਤਿਕਾਰਤ ਨਾਨਾ ਗੁਰੂ ਅਮਰਦਾਸ ਦੀ ਬਾਣੀ 'ਰਾਗੁ ਗੂਜਰੀ ਮਹਲਾ 3' ਲਿਖ ਕੇ ਅਤੇ ਪਰਮ ਸਤਿਕਾਰਤ ਗੁਰੂ ਨਾਨਕ ਦੀ ਬਾਣੀ 'ਰਾਗੁ ਗੂਜਰੀ ਮਹਲਾ 1' ਲਿਖ ਕੇ ਇਕੋ ਜਿੰਨੇ ਸਹਿਜ ਸਧਾਰਨ ਢੰਗ ਨਾਲ ਦਰਜ ਕੀਤੀ ਹੈ, ਪਰੰਤੂ ਇਸੇ ਰਾਗ ਵਿਚ ਜੈਦੇਵ ਜੀ ਦਾ ਸ਼ਬਦ ਹੋਰ ਭਗਤ ਬਾਣੀਕਾਰਾਂ ਦੀ ਬਾਣੀ ਵਾਂਗ ਗੁਰੂ ਸਾਹਿਬਾਨ ਨਾਲੋਂ ਵੱਡੇ ਅਤੇ ਉਚੇਚੇ ਸਤਿਕਾਰ ਨਾਲ 'ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ' ਲਿਖ ਕੇ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਰਾਗ ਮਾਰੂ ਵਿਚਲੇ ਸ਼ਬਦ ਦਾ ਸਿਰਲੇਖ ਹੈ 'ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ'। ਭਾਵ ਗੁਰੂ ਅਰਜਨ ਜੀ ਨੇ ਉਹਨਾਂ ਦੇ ਨਾਂ ਨਾਲ 'ਜੀਉ' ਲਿਖਿਆ ਹੈ ਜੋ ਕਦੀ ਮਹਲਾ ਬਾਣੀਕਾਰਾਂ ਦੇ ਨਾਂ ਨਾਲ ਨਹੀਂ ਲਿਖਿਆ। ਗੁਰੂ ਗਰੰਥ ਸਾਹਿਬ ਵਿਚ ਜਦ ਭਗਤ ਬਾਣੀਕਾਰਾਂ ਨੂੰ ਗੁਰੂ ਸਾਹਿਬਾਨ ਤੋਂ ਵਧੇਰੇ ਆਦਰ ਦਿੱਤਾ ਗਿਆ ਹੈ ਤਾਂ ਸਾਡੇ ਮਨਾਂ ਵਿਚ ਵੀ ਉਹਨਾਂ ਪ੍ਰਤੀ ਗੁਰੂ ਸਾਹਿਬਾਨ ਬਰਾਬਰ ਸਤਿਕਾਰ ਤਾਂ ਹੋਣਾ ਹੀ ਚਾਹੀਦਾ ਹੈ। ਪਰ ਆਮ ਤੌਰ 'ਤੇ ਇਸ ਤਰ੍ਹਾਂ ਹੁੰਦਾ ਨਹੀਂ। ਇਸ ਦਾ ਇਕ ਕਾਰਨ ਸ਼ਾਇਦ ਇਹ ਹੈ ਕਿ ਇਹ ਭਗਤ ਬਾਣੀਕਾਰ ਸੰਸਾਰ ਵਿਚ ਹੋਏ ਤਾਂ ਗੁਰੂ ਸਾਹਿਬਾਨ ਤੋਂ ਪਹਿਲਾਂ ਹਨ ਪਰ ਇਹਨਾਂ ਦੀ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਦੇ ਮਗਰ ਦਰਜ ਹੈ। ਹਰੇਕ ਰਾਗ ਵਿਚ ਪਹਿਲਾਂ ਮਹਲਾ 1 ਤੋਂ 5 ਤੱਕ (ਜਾਂ 9 ਤੱਕ) ਦੀ ਅਤੇ ਫਿਰ ਭਗਤ ਸਾਹਿਬਾਨ

**ਗੁਰੂ ਗਰੰਥ ਸਾਹਿਬ ਵਿਚ ਜਦ ਭਗਤ ਬਾਣੀਕਾਰਾਂ ਨੂੰ ਗੁਰੂ ਸਾਹਿਬਾਨ ਤੋਂ ਵਧੇਰੇ ਆਦਰ ਦਿੱਤਾ ਗਿਆ ਹੈ ਤਾਂ ਸਾਡੇ ਮਨਾਂ ਵਿਚ ਵੀ ਉਹਨਾਂ ਪ੍ਰਤੀ ਗੁਰੂ ਸਾਹਿਬਾਨ ਬਰਾਬਰ ਸਤਿਕਾਰ ਤਾਂ ਹੋਣਾ ਹੀ ਚਾਹੀਦਾ ਹੈ।**

Original with;
Jaswant Singh Zafar
Digitized by;
Panjab Digital Library

ਦੀ ਬਾਣੀ ਹੈ। ਇਸ ਕਰਕੇ ਅਸੀਂ ਗਲਤੀ ਨਾਲ ਇਹ ਪ੍ਰਭਾਵ ਗ੍ਰਹਿਣ ਕਰ ਲੈਂਦੇ ਹਾਂ ਕਿ ਸ਼ਾਇਦ ਭਗਤ ਬਾਣੀਕਾਰ ਮਹਲਾ ਬਾਣੀਕਾਰਾਂ ਤੋਂ ਪਿੱਛੇ ਜਾਂ ਪੱਛੜੇ ਹਨ। ਅਜਿਹਾ ਗਲਤ ਪ੍ਰਭਾਵ ਲੈਣ ਦੀ ਬਜਾਏ ਸਾਨੂੰ ਗੁਰੂ ਅਰਜਨ ਸਾਹਿਬ ਦੀ ਸੰਪਾਦਕੀ ਤਕਨੀਕ ਦੀ ਰਮਜ਼ ਨੂੰ ਸਮਝਣਾ ਚਾਹੀਦਾ ਹੈ।

ਵਰਤਮਾਨ ਸਮੇਂ ਵਿਚ ਵੀ ਜਦੋਂ ਕੋਈ ਵਿਦਵਾਨ ਕੋਈ ਗਰੰਥ ਜਾਂ ਪੁਸਤਕ ਸੰਪਾਦਤ ਕਰਦਾ ਹੈ ਤਾਂ ਹਰੇਕ ਅਧਿਆਏ ਤੋਂ ਪਿੱਛੋਂ ਉਸ ਅਧਿਆਏ ਵਿਚ ਦਿਤੀ ਗਈ ਜਾਣਕਾਰੀ ਦੇ ਸਰੋਤਾਂ ਦੀ ਸੂਚੀ ਛਾਪੀ ਜਾਂਦੀ ਹੈ। ਜਾਂ ਉਸ ਵਿਸ਼ੇ ’ਤੇ ਪਹਿਲਾਂ ਹੋ ਚੁੱਕੀ ਖੋਜ ਜਾਂ ਉਸ ਨਾਲ ਸਬੰਧਤ ਪ੍ਰਕਾਸ਼ਤ ਹੋ ਚੁੱਕੀ ਸਮੱਗਰੀ ਦਾ ਵੇਰਵਾ ਦਿੱਤਾ ਜਾਂਦਾ ਹੈ। ਗੁਰੂ ਗਰੰਥ ਸਾਹਿਬ ਦੇ ਅਧਿਆਏ ਰਾਗਵਾਰ ਹਨ। ਹਰੇਕ ਰਾਗ ਵਿਚ ਮਹਲਿਆਂ ਦੀ ਬਾਣੀ ਦਰਜ ਕਰਨ ਉਪਰੰਤ ਉਹਨਾਂ ਤੋਂ ਪਹਿਲਾਂ ਹੋ ਚੁੱਕੇ ਭਗਤਾਂ ਦੀ ਹਵਾਲਾ ਜਾਂ ਸਰੋਤ ਬਾਣੀ ਦਾ ਕੇਵਲ ਵੇਰਵਾ ਦੇਣ ਦੀ ਬਜਾਏ ਗੁਰੂ ਸਾਹਿਬ ਨੇ ਉਹਨਾਂ ਦੀ ਪੂਰੀ ਟੈਕਸਟ ਪ੍ਰਕਾਸ਼ਤ ਕੀਤੀ ਹੈ। ਗੁਰਬਾਣੀ ਦੇ ਸ਼੍ਰੋਮਣੀ ਵਿਦਵਾਨ ਪ੍ਰੋ. ਸਾਹਿਬ ਸਿੰਘ ਨੇ ਮਹਲਿਆਂ ਅਤੇ ਭਗਤਾਂ ਦੀ ਬਾਣੀ ਦੇ ਮਿਲਦੇ ਜੁਲਦੇ ਭਾਵਾਂ ਵਾਲੇ ਪਦਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਜੋ ਇਕੋ ਰਾਗ ਵਿਚ ਹਨ। ਨਾਲ ਹੀ ਉਹਨਾਂ ਬੜੀ ਵਿਦਵਤਾ ਅਤੇ ਸਲੀਕੇ ਨਾਲ ਇਹ ਗੱਲ ਸਥਾਪਿਤ ਕੀਤੀ ਹੈ ਕਿ ਗੁਰੂ ਸਾਹਿਬਾਨ ਵਲੋਂ ਕਿਸੇ ਰਾਗ ਵਿਚ ਬਾਣੀ ਉਚਾਰਨ ਸਮੇਂ ਉਸੇ ਰਾਗ ਵਿਚਲੀ ਭਗਤ ਬਾਣੀ ਉਸ ਖਿਆਲ ਅਤੇ ਤਕਨੀਕ ਦੇ ਮੂਲ ਸਰੋਤ ਦੇ ਤੌਰ ’ਤੇ ਉਹਨਾਂ ਸਨਮੁਖ ਮੌਜੂਦ ਸੀ। ਮਿਸਾਲ ਦੇ ਤੌਰ ’ਤੇ ਜੈਦੇਵ ਜੀ ਦਾ ਪਹਿਲਾ ਸ਼ਬਦ ਰਾਗ ਗੁਜਰੀ ਦੇ ਅਖੀਰ ’ਤੇ ਪੰਨਾ 526 ਦਰਜ ਹੈ:

*ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ॥*
*ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥*
*ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥*
*ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥ਰਹਾਉ॥*
*ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥*
*ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨਮਿਦੰ॥*
*ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ॥*
*ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥*
*ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥*
*ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥*
*ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ॥*
*ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ॥*

ਇਸ ਸ਼ਬਦ ਨਾਲ ਗੁਰੂ ਨਾਨਕ ਦੇ ਇਸੇ ਰਾਗ (ਰਾਗ ਗੂਜਰੀ) ਵਿਚਲੇ ਪੰਨਾ 505 ’ਤੇ ਦਰਜ ਹੇਠ ਲਿਖੇ ਸ਼ਬਦ ਦੀ ਬੋਲੀ, ਬਣਤਰ ਅਤੇ ਵਿਚਾਰ ਪੱਖੋਂ ਪੂਰੀ ਸਾਂਝ ਹੈ:

*ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ॥*
*ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ॥*

ਦੋਵੇਂ ਸ਼ਬਦ ਘਰ 4 ਵਿਚ ਹਨ। ਦੋਹਾਂ ਦੀ ਬੋਲੀ ਅਤੇ ਛੰਦ ਦੀ ਚਾਲ ਇਕੋ ਜਿਹੀ ਹੈ। ਦੋਹਾਂ ਵਿਚ ਬਹੁਤ ਸਾਰੇ ਲਫ਼ਜ਼ ਸਾਂਝੇ ਹਨ। ਪ੍ਰੋ. ਸਾਹਿਬ ਸਿੰਘ ਦਾ ਮੰਨਣਾ ਹੈ ਕਿ ਗੁਰੂ ਨਾਨਕ ਨੇ ਭਗਤ ਜੈਦੇਵ ਜੀ ਦੇ ਸ਼ਬਦ ਦਾ ਉਤਾਰਾ ਪ੍ਰਾਪਤ ਕਰਨ ਮਗਰੋਂ ਉਸੇ ਰੰਗ-ਢੰਗ ਦਾ ਸ਼ਬਦ ਆਪਣੇ ਵਲੋਂ ਵੀ ਉਚਾਰਨ ਕੀਤਾ। ਗੁਰੂ ਅਰਜਨ ਜੀ ਦੇ ਇਸੇ ਰਾਗ ਅਤੇ ਘਰ ਵਿਚ ਪੰਨਾ 508 ’ਤੇ ਦਰਜ ਹੇਠ ਲਿਖੇ ਸ਼ਬਦ ਦੀ ਵੀ ਜੈਦੇਵ ਜੀ ਦੇ ਸ਼ਬਦ ਨਾਲ ਸਾਂਝ ਪ੍ਰਤੱਖ ਹੈ:

*Original with;*
Jaswant Singh Zafar
*Digitized by;*
Panjab Digital Library

**ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ ॥**
**ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ ਸਫਲ ਸੁਆਮੀ ਸੇਵ ॥**

ਭਗਤ ਜੈਦੇਵ ਜੀ ਦੇ ਉਪਰੋਕਤ ਸ਼ਬਦ ਦੇ ਆਰੰਭ ਵਿਚ ਪਰਮਾਤਮਾ ਦੇ ਉਹਨਾਂ ਗੁਣਾ ਦਾ ਵਰਨਣ ਹੈ ਜਿਹਨਾਂ ਦੀ ਮਹਿਮਾ ਸਮੁੱਚੀ ਗੁਰਬਾਣੀ ਵਿਚ ਭਰਪੂਰ ਰੂਪ ਵਿਚ ਹੋਈ ਹੈ। ਕਈ ਗੁਣਾ ਦਾ ਬਖਾਨ ਤਾਂ ਗੁਰੂ ਗਰੰਥ ਸਾਹਿਬ ਦੇ ਆਰੰਭ ਵਿਚ ਦਰਜ ਮੂਲ ਮੰਤਰ ਵਿਚ ਹੀ ਹੋਇਆ ਹੈ, ਜਿਵੇਂ:

**ਪਰਮਾਦਿ = ਸੈਭੰ**

**ਜਨਮ ਜਰਾਧਿ = ਅਜੂਨੀ**

**ਸਮਬਿਹਅੰ ਮਰਣ ਭਇਅੰ = ਅਕਾਲ ਮੂਰਤਿ**

**ਸੁਕ੍ਰਿਤ ਕ੍ਰਿਤੰ = ਕਰਤਾ ਪੁਰਖ**

**ਭਵ ਭੂਤ ਭਾਵ ਸਮਬਿਅੰ ਪਰਮੰ = ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ**
**ਨਾਨਕ ਹੋਸੀ ਭੀ ਸਚੁ**



*Original with;*
Jaswant Singh Zafar
*Digitized by;*
Panjab Digital Library

ਜੈਦੇਵ ਜੀ ਦਾ ਦੂਸਰਾ ਸ਼ਬਦ ਗੁਰੂ ਗਰੰਥ ਦੇ ਪੰਨਾ 1106 'ਤੇ ਮਾਰੂ ਰਾਗ ਵਿਚ ਦਰਜ ਹੈ। ਇਸ ਸ਼ਬਦ ਦੀ ਆਰੰਭਕ ਪੰਕਤੀ ਤੋਂ ਗਿਆਤ ਹੁੰਦਾ ਹੈ ਕਿ ਜੈਦੇਵ ਜੀ ਨੂੰ ਯੋਗ ਕਿਰਿਆਵਾਂ ਦੀ ਪੂਰੀ ਜਾਣਕਾਰੀ ਸੀ। ਪਰ ਆਪ ਯੋਗ ਹਠ ਦੀ ਬਜਾਏ ਇਕ ਈਸ਼ਵਰੀ ਭਗਤੀ ਦੇ ਹਮਾਇਤੀ ਸਨ:

***ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥***
***ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥***
***ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥ਰਹਾਉ॥***
***ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥***
***ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥***

ਇਸ ਸ਼ਬਦ ਨਾਲ ਗੁਰੂ ਨਾਨਕ ਦਾ ਉਸੇ ਰਾਗ (ਮਾਰੂ) ਵਿਚਲਾ ਹੇਠ ਲਿਖਿਆ ਸ਼ਬਦ ਰਲਾ ਕੇ ਪੜ੍ਹਦੇ ਹਾਂ ਜੋ ਗੁਰੂ ਗਰੰਥ ਸਾਹਿਬ ਦੇ ਪੰਨਾ 991 'ਤੇ ਹੈ:

***ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥***
***ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥***
***ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥ਰਹਾਉ ॥***
***ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥***
***ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥***
***ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥***
***ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥***

ਦੋਵਾਂ ਸ਼ਬਦਾਂ ਦੇ ਛੰਦ ਦੀ ਚਾਲ ਇਕੋ ਜਿਹੀ ਹੈ। ਇਹਨਾਂ ਦੋਹਾਂ ਸ਼ਬਦਾਂ ਵਿਚ ਕਈ ਲਫ਼ਜ਼ ਤੇ ਖ਼ਿਆਲ ਸਾਂਝੇ ਹਨ, ਜਿਵੇਂ:

***ਚੰਦ ਸਤੁ = ਸੋਮ ਸਰੁ***
***ਸੂਰ ਸਤੁ = ਸੂਰ ਸਰੁ***
***ਚਲੁ = ਚਪਲ***
***ਅਪਿਉ ਪੀਆ = ਅਪਿਉ ਪੀਜੈ***
***ਮਨ = ਮਨੁ***
***ਦੁਬਿਧਾ ਦ੍ਰਿਸਟਿ = ਭਰਮਿ ਭੁਲਾ***
***ਅਚਲ ਚਲੁ ਥਪਿਆ = ਉਡੈ ਨਹਿ ਹੰਸੁ***
***ਆਦਿ ਗੁਣ ਆਦਿ ਵਖਾਣਿਆ = ਰਵੈ ਜੇ ਹਰਿ ਮਨੋ***

ਇਹਨਾਂ ਦੋਹਾਂ ਸ਼ਬਦਾਂ ਨੂੰ ਗਹੁ ਨਾਲ ਰਲਾ ਕੇ ਪੜ੍ਹੀਏ ਤਾਂ ਦੋਹਾਂ 'ਚ ਡੂੰਘੀ ਸਿਧਾਂਤਕ ਸਾਂਝ ਹੈ। ਸਪੱਸ਼ਟ ਹੈ ਕਿ ਇਹ ਸ਼ਬਦ ਉਚਾਰਨ ਵੇਲੇ ਗੁਰੂ ਨਾਨਕ ਦੇ ਸਾਹਮਣੇ ਭਗਤ ਜੈਦੇਵ ਜੀ ਦਾ ਦੂਸਰਾ ਸ਼ਬਦ ਮੌਜੂਦ ਸੀ।

ਸਿੱਖੀ ਨਾਲ ਸਬੰਧਤ ਪ੍ਰਵਚਨਾ ਵਿਚ 'ਅੰਮ੍ਰਿਤ' ਸ਼ਬਦ ਦਾ ਬਹੁਤ ਬੋਲ ਬਾਲਾ ਹੈ।ਗੁਰੂ ਗਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਸ਼ਬਦ 'ਅੰਮ੍ਰਿਤ', 'ਅੰਮ੍ਰਿਤੁ' ਜਾਂ 'ਅੰਮ੍ਰਿਤਿ' ਲਗਪਗ 750 ਵਾਰੀ ਦੁਹਰਾਇਆ ਗਿਆ ਹੈ। ਪਰ ਸਾਰੇ ਬਾਣੀਕਾਰਾਂ ਦੀ ਰਚਨਾ ਨੂੰ ਦੇਖੀਏ ਤਾਂ ਇਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਭਗਤ ਜੈਦੇਵ ਜੀ ਨੇ ਕੀਤੀ ਹੈ:

***ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥*** *(526, ਜੈਦੇਵ ਜੀ)*

*Original by;*
Jaswant Singh Zafar
*Digitized by;*
Panjab Digital Library

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਬਹੁਤ ਵਾਰ ਪਰਮਾਤਮਾ ਦੇ ਨਾਮ ਨੂੰ ਅੰਮ੍ਰਿਤ ਦੱਸਿਆ ਹੈ। ਨਾਮ ਜਪਣ ਨੂੰ ਜਾਂ ਬਾਣੀ ਦੇ ਭਾਵ ਨੂੰ ਹਿਰਦੇ ਵਿਚ ਵਸਾਉਣ ਨੂੰ ਅੰਮ੍ਰਿਤ ਪੀਣਾ ਕਿਹਾ ਹੈ। ਇਸ ਪ੍ਰਥਾਏ ਗੁਰੂ ਅੰਗਦ ਸਾਹਿਬ ਦੀਆਂ ਚਾਰ ਪੰਕਤੀਆਂ ਹਨ, ਜਿਹਨਾਂ ਵਿਚ ਉਹਨਾਂ ਨੇ ਅੰਮ੍ਰਿਤ ਨੂੰ ਪਰਿਭਾਸ਼ਿਤ ਕੀਤਾ ਹੈ, ਅੰਮ੍ਰਿਤ ਨੂੰ ਪੀਣ ਦੀ ਵਿਧੀ ਦੱਸੀ ਹੈ ਅਤੇ ਅੰਮ੍ਰਿਤ ਪੀਣ ਵਾਲਿਆਂ ਦੀ ਯੋਗਤਾ ਅਤੇ ਅਵੱਸਥਾ ਦਾ ਵਰਨਣ ਕੀਤਾ ਹੈ:

***ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥***
***ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥***
***ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥***
***ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥*** *(1238, ਮ.2)*

ਅੰਮ੍ਰਿਤ ਛਕਣ ਜਾਂ ਛਕਾਉਣ ਸਬੰਧੀ ਗੁਰੂ ਰਾਮਦਾਸ ਜੀ ਦੀ ਵੀ ਇਕ ਪੰਕਤੀ ਦੇਖ ਸਕਦੇ ਹਾਂ ਜਿਸ ਮੁਤਾਬਕ ਗੁਰਬਾਣੀ ਦੇ ਭਾਵ ਨਾਲ ਮਨ ਨੂੰ ਆਨੰਦਤ ਕਰਨ ਨੂੰ ਅੰਮ੍ਰਿਤ ਛਕਣਾ ਕਿਹਾ ਹੈ:

***ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥*** *(449, ਮ.4)*

ਇੰਜ ਸਵਾਲ ਪੈਦਾ ਹੋ ਸਕਦਾ ਹੈ ਕਿ ਜੋ ਸਰਬ ਲੋਹ ਦੇ ਬਾਟੇ ਵਿਚ ਖੰਡੇ ਨਾਲ ਪਤਾਸੇ ਘੋਲ ਕੇ ਅੰਮ੍ਰਿਤ ਛਕਾਉਣ ਦੀ ਰੀਤ ਪ੍ਰਚੱਲਤ ਹੈ ਕੀ ਉਹ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਦੀ ਉਲੰਘਣਾ ਹੈ? ਐਸੀ ਗੱਲ ਨਹੀਂ ਹੈ, ਅਸਲ ਵਿਚ ਉਹ ਗੱਲ ਹੀ ਹੋਰ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੈਨਿਕ ਸ਼ਕਤੀ ਭਾਵ ਖਾਲਸਾਈ ਰੂਪ ਵਿਚ ਸੰਗਠਤ ਕਰਨ ਲਈ ਇਹ ਰੀਤ ਸ਼ੁਰੂ ਕੀਤੀ ਓਦੋਂ ਇਸ ਦਾ ਨਾਂ 'ਖੰਡੇ ਪਾਹੁਲ'



*Original with;*
Jaswant Singh Zafar
*Digitized by;*
Panjab Digital Library

ਜਾਂ 'ਪਾਹੁਲ ਖੰਡੇਧਾਰ' ਸੀ। ਹਾਲਾਂ ਕਿ ਗੁਰੂ ਸਾਹਿਬ ਦੇ ਸਮਕਾਲੀ ਅਤੇ ਹਜ਼ੂਰੀ ਵਿਦਵਾਨ ਭਾਈ ਨੰਦ ਲਾਲ ਜੀ ਦੁਆਰਾ ਰਚਿਤ 'ਰਹਿਤਨਾਮੇ', 'ਤਨਖਾਹਨਾਮੇ' ਅਤੇ 'ਸਾਖੀ ਰਹਿਤ ਕੀ' ਵਿਚ ਇਸ ਦਾ ਰਹਿਤ ਦੇ ਤੌਰ 'ਤੇ ਕੋਈ ਆਲੇਖ ਨਹੀਂ ਹੈ ਪਰ ਭਾਈ ਗੁਰਦਾਸ (ਦੂਜੇ) ਨੇ ਇਸ ਨੂੰ ਪਾਹੁਲ ਖੰਡੇਧਾਰ ਲਿਖਿਆ ਹੈ:

***ਪੀਵਹੁ ਪਾਹੁਲ ਖੰਡੇਧਾਰ ਹੋਵਹਿ ਜਨਮ ਸੁਹੇਲਾ।*** *(ਭਾਈ ਗੁਰਦਾਸ ਦੂਜਾ)*

ਕਈ ਪੁਰਾਤਨ ਰਹਿਤਨਾਮਿਆਂ, ਤਨਖਾਹਨਾਮਿਆਂ ਅਤੇ ਹੋਰ ਦਸਤਾਵੇਜ਼ਾਂ ਵਿਚ ਵੀ ਇਸ ਰੀਤ ਨੂੰ 'ਪਾਹੁਲ' ਜਾਂ 'ਖੰਡੇ ਕੀ ਪਾਹੁਲ' ਹੀ ਲਿਖਿਆ ਹੋਇਆ ਹੈ। ਪਰ ਮਗਰੋਂ ਸ਼ਰਧਾ ਵੱਸ ਖੰਡੇ ਪਹੁਲ ਦੀ ਰੀਤ ਦਾ ਆਪਣੇ ਵਲੋਂ ਸੁੰਦਰ ਨਾਮ ਰੱਖਣ ਦੇ ਲਾਲਚ ਵਿਚ ਕਈਆਂ ਨੇ ਇਸ ਨੂੰ ਅੰਮ੍ਰਿਤ (ਛਕਣ) ਦਾ ਨਾਮ ਦੇ ਦਿੱਤਾ। ਇਸ ਦੀ ਪਹਿਲੀ ਦਸਤਾਵੇਜ਼ੀ ਉਦਾਹਰਣ ਉਹ ਰਹਿਤਨਾਮਾ ਹੈ ਜਿਸ ਨੂੰ ਕਿਹਾ ਤਾਂ ਭਾਈ ਦਯਾ ਸਿੰਘ ਵਾਲਾ ਜਾਂਦਾ ਹੈ ਪਰ ਇਸ ਦੀ ਪੜ੍ਹਤ ਤੋਂ ਸਹਿਜੇ ਪਤਾ ਲੱਗ ਜਾਂਦਾ ਹੈ ਕਿ ਇਹ ਬਹੁਤ ਬਾਅਦ ਵਿਚ ਲਿਖਿਆ ਗਿਆ। ਵਿਚਾਰ ਵਿਹੂਣੀ ਸ਼ਰਧਾ ਅਹਿਜੇ ਵਿਗਾੜਾਂ ਨੂੰ ਸੁਭਾਵਕ ਤੌਰ 'ਤੇ ਸਵੀਕਾਰ ਲੈਂਦੀ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੋਇਆ ਜਿਵੇਂ ਕੁਝ ਵਰ੍ਹੇ ਪਹਿਲਾਂ ਤੱਕ ਲਗਪਗ ਸਾਰੇ ਕਥਾਵਾਚਕ, ਵਿਆਖਿਆਕਾਰ ਜਾਂ ਪ੍ਰਚਾਰਕ ਗੁਰੂ ਗਰੰਥ ਸਾਹਿਬ ਦੇ ਸਫ਼ੇ ਨੂੰ 'ਪੰਨਾ' ਕਿਹਾ ਕਰਦੇ ਸਨ, ਫਿਰ ਸ਼ਰਧਾ ਨੇ ਪੰਨੇ ਲਈ ਨਵਾਂ ਸ਼ਬਦ 'ਅੰਕ' ਵਰਤਣਾ ਸ਼ੁਰੂ ਕਰ ਦਿੱਤਾ। ਹੁਣ ਅੰਕ ਨੂੰ 'ਅੰਗ' ਕਿਹਾ ਜਾਣ ਲੱਗਾ ਹੈ। ਹਾਲਾਂ ਕਿ ਸਫ਼ੇ ਨੂੰ 'ਅੰਗ' ਕਹਿਣਾ ਵਿਚਾਰਵਾਦੀ ਹੋਣ ਦੀ ਬਜਾਏ ਦੇਹਵਾਦੀ ਰੁਚੀ ਦਾ ਪ੍ਰਗਟਾਵਾ ਕਰਦਾ ਹੈ। ਉਂਜ ਕਹਿਣ ਨੂੰ ਅਸੀਂ ਸ਼ਬਦ-ਗੁਰੂ ਦੀ ਵਕਾਲਤ ਅਤੇ ਦੇਹਧਾਰੀ ਦੀ ਮੁਖ਼ਾਲਫਤ ਕਰਦੇ ਹਾਂ ਪਰ ਵਿਚਾਰ ਵਿਹੂਣੀ ਸ਼ਰਧਾ ਸਾਡੇ ਵਿਹਾਰ ਨੂੰ ਸ਼ਬਦ ਦੀ ਬਜਾਏ ਦੇਹ ਦੀ ਹਮਾਇਤੀ ਦਰਸਾਉਂਦੀ ਹੈ। ਸ਼ਾਇਦ ਇਸ ਰੁਚੀ ਨੂੰ ਸ਼ਰਧਾ ਕਹਿਣਾ ਵੀ ਠੀਕ ਨਹੀਂ ਸਗੋਂ ਇਹ ਸ਼ਰਧਾ ਦਾ ਪਾਖੰਡ ਹੈ। ਇਸ ਨਾਲ ਬੰਦੇ ਦਾ ਤਾਂ ਸਸਤੇ ਵਿਚ ਸਰ ਜਾਂਦਾ ਹੈ ਪਰ ਇਸ ਨਾਲ ਦੁਨੀਆਂ ਨੂੰ ਸਾਡੀਆਂ ਸਮੂਹਿਕ ਜਾਂ ਭਾਈਚਾਰਕ ਰਸਮਾਂ ਅਤੇ ਵਿਹਾਰ ਗੁਰੂ ਦੇ ਮਾਰਗ ਤੋਂ ਜਾਂ ਬੁਨਿਆਦੀ ਸਿਧਾਂਤ ਤੋਂ ਉਲਟ ਦਿਸ਼ਾ ਵਿਚ ਪ੍ਰਵਾਹਿਤ ਹੁੰਦੇ ਨਜ਼ਰ ਆਉਂਦੇ ਹਨ।

ਖ਼ੈਰ, ਜੈਦੇਵ ਜੀ ਦੇ ਦੋਵਾਂ ਸ਼ਬਦਾਂ ਦੀ ਚਰਚਾ ਨਾਲ ਜਿਥੇ ਸਾਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਮੁੱਖ ਮਨੋਰਥ ਦਾ ਪਤਾ ਲੱਗਦਾ ਹੈ ਉਥੇ ਗੁਰੂ ਅਰਜਨ ਸਾਹਿਬ ਦੇ ਸੰਪਾਦਕੀ ਵਿਧਾਨ ਦੀ ਇਕ ਹੋਰ ਪਰਤ ਖੁੱਲ੍ਹਦੀ ਹੈ। ਜੈਦੇਵ ਜੀ ਦੇ ਗੁਰਮਤਿ ਦੇ ਇਕ ਮੁਢਲੇ ਅਤੇ ਮਹੱਤਵਪੂਰਨ ਸਿਧਾਂਤਕਾਰ ਹੋਣ ਦੀ ਜਾਣਕਾਰੀ ਮਿਲਦੀ ਹੈ। ਨਾਲ ਦੀ ਨਾਲ, ਜੇ ਚਾਹੀਏ ਤਾਂ ਅਸੀਂ ਗੁਰਮਤਿ ਦੀ ਰੌਸ਼ਨੀ ਵਿਚ ਆਪਣੀ ਸਹੀ ਸਥਿਤੀ ਨੂੰ ਸਮਝਣ ਅਤੇ ਸੁਧਾਰਨ ਲਈ ਵੀ ਰੁਚਿਤ ਹੋ ਸਕਦੇ ਹਾਂ।

*Original with;*
Jaswant Singh Zafar
*Digitized by;*
Panjab Digital Library

## ॥ ਨਾਮਦੇਵ ਜੀ: ਸਤਿਗੁਰ ਬੁਧਿ ਸਿਖਲਾਈ ॥



*Original with;*
Jaswant Singh Zafar
*Digitized by;*
Panjab Digital Library



ਮਹਾਰਾਸ਼ਟਰ ਨਾਲ ਪੰਜਾਬ ਦੇ ਸਬੰਧ ਬੜੇ ਪੁਰਾਣੇ ਅਤੇ ਗਹਿਰੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਵਿਚਰਨ ਸਥਾਨ ਮੁੱਖ ਤੌਰ 'ਤੇ ਪੰਜਾਬ ਰਿਹਾ ਪਰ ਆਖਰੀ ਸਮੇਂ ਉਹ ਮਹਾਰਾਸ਼ਟਰ ਵਿਚ ਨੰਦੇੜ ਵਿਖੇ ਰਹੇ। ਇਸ ਤੋਂ ਉਲਟ, ਉਹਨਾਂ ਤੋਂ ਕਈ ਸਦੀਆਂ ਪਹਿਲਾਂ ਭਗਤ ਨਾਮਦੇਵ ਜੀ ਮਹਾਰਾਸ਼ਟਰ ਵਿਚ ਨਰਸੀ ਬਾਹਮਣੀ ਦੇ ਸਥਾਨ 'ਤੇ ਪੈਦਾ ਹੋਏ ਜੋ ਮਗਰਲੀ ਉਮਰੇ ਪੰਜਾਬ ਵਿਚ ਵਿਚਰੇ। ਆਪ ਦਾ ਚਲਾਣਾ ਪੰਜਾਬ ਦੇ ਜ਼ਿਲਾ ਗੁਰਦਾਸਪੁਰ ਵਿਚ ਘੁਮਾਣ ਦੇ ਸਥਾਨ 'ਤੇ ਹੋਇਆ ਜਿਥੇ ਉਹਨਾਂ ਦੀ ਯਾਦਗਾਰ ਸਥਾਪਿਤ ਹੈ। ਨਾਮਦੇਵ ਜੀ ਦੀ ਬਾਣੀ ਮੁੱਖ ਤੌਰ 'ਤੇ ਸਾਧ-ਭਾਖਾ ਜਾਂ ਸਧੁਕੜੀ ਬੋਲੀ ਵਿਚ ਹੈ ਪਰ ਇਸ ਵਿਚ ਮਰਾਠੀ ਅਤੇ ਪੰਜਾਬੀ ਸ਼ਬਦਾਂ ਦੇ ਨਾਲ-ਨਾਲ ਦੱਖਣ ਭਾਰਤੀ ਅਤੇ ਇਸਲਾਮਿਕ ਸ਼ਬਦਾਵਲੀ ਦਾ ਰੰਗ ਵੀ ਮੌਜੂਦ ਹੈ। ਉਹਨਾਂ ਦੀ ਬਾਣੀ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਆਪਣੇ ਸਮੇਂ ਦੀ ਰਾਜਸੀ ਅਤੇ ਧਾਰਮਿਕ ਸੱਤਾ ਨਾਲ ਸੰਵਾਦ ਰਚਾਏ, ਗੋਸ਼ਟਾਂ ਕੀਤੀਆਂ ਅਤੇ ਵਿਚਾਰਧਾਰਕ ਆਢਾ ਲਿਆ।

ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ ਪੰਜਾਬ ਨੂੰ ਗੁਰਾਂ ਦੇ ਨਾਂ 'ਤੇ ਵਸਦਾ ਕਿਹਾ ਹੈ, ਮਹਾਰਾਸ਼ਟਰ ਨੂੰ ਉਥੋਂ ਦੇ ਲੋਕ ਨਾਮਦੇਵ ਜੀ ਦੇ ਨਾਂ 'ਤੇ ਵਸਦਾ ਸਮਝਦੇ ਹਨ। ਪਰ ਬਹੁਤੇ ਮਰਾਠੀ ਲੋਕ ਇਸ ਗੌਰਵ ਤੋਂ ਨਾਵਾਕਿਫ਼ ਹਨ ਕਿ ਗੁਰਮਤਿ ਵਿਚਾਰਧਾਰਾ ਦੀ ਜਿਸ ਜ਼ਮੀਨ 'ਤੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਪੈਦਾ ਕੀਤੀ ਅਤੇ ਦੂਸਰੇ ਗੁਰੂ ਸਾਹਿਬਾਨ ਨੇ ਉਸ ਨੂੰ ਵਿਕਸਤ ਕੀਤਾ ਉਸ ਜ਼ਮੀਨ ਦੀ ਤਿਆਰੀ ਲਈ ਗੁਰੂ ਨਾਨਕ ਤੋਂ ਦੋ ਸਦੀਆਂ ਪਹਿਲਾਂ ਭਗਤ ਨਾਮਦੇਵ ਜੀ ਵਲੋਂ ਅਹਿਮ ਰੋਲ ਨਿਭਾਇਆ ਗਿਆ ਸੀ। ਗੁਰਮਤਿ ਵਿਚਾਰਧਾਰਾ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਉਹਨਾਂ ਨੇ ਦੂਰ-ਦੂਰ ਤੱਕ ਪਾਰ-ਖੇਤਰੀ ਭਰਮਣ ਕਰਦਿਆਂ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ। ਗੁਰੂ ਗਰੰਥ ਸਾਹਿਬ ਵਿਚ ਉਹਨਾਂ ਦੇ 18 ਰਾਗਾਂ ਵਿਚ 61 ਸ਼ਬਦ ਮੌਜੂਦ ਹਨ। ਇਹਨਾਂ ਦੇ ਆਧਾਰ 'ਤੇ ਉਹਨਾਂ ਨੂੰ ਭਗਤੀ ਲਹਿਰ ਦੇ ਮੋਢੀਆਂ ਵਿਚੋਂ ਸਭ ਤੋਂ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਕਬੀਰ ਜੀ ਅਤੇ ਰਵਿਦਾਸ ਜੀ ਦਾ ਯੋਗਦਾਨ ਵੀ ਬਹੁਤ ਵੱਡਾ ਹੈ ਪਰ ਨਾਮਦੇਵ ਜੀ ਉਹਨਾਂ ਤੋਂ ਵੀ ਕਾਫ਼ੀ ਸਮਾਂ ਪਹਿਲਾਂ ਹੋਏ ਅਤੇ ਵਿਚਰੇ ਜਿਨ੍ਹਾਂ ਗੁਰਮਤਿ ਵਿਚਾਰਧਾਰਾ ਦਾ ਬਾਨ੍ਹਣੂੰ ਬੰਨ੍ਹਿਆਂ। ਕਬੀਰ ਜੀ ਨੇ ਭਾਰਤ ਦੇ ਪੂਰਬੀ ਪਾਸੇ ਪੈਦਾ ਹੋਏ ਜੈਦੇਵ ਜੀ ਅਤੇ ਪੱਛਮੀ ਸਿਰੇ ਮਹਾਰਾਸ਼ਟਰ 'ਚ ਪੈਦਾ ਹੋਏ ਭਗਤ ਨਾਮਦੇਵ ਜੀ ਨੂੰ ਆਪਣੀ ਬਾਣੀ ਵਿਚ ਤਿੰਨ ਵਾਰ ਇਕੱਠਿਆਂ ਯਾਦ ਕੀਤਾ ਹੈ। ਇਹਨਾਂ ਮੁਢਲੇ ਬਾਣੀਕਾਰਾਂ ਅਤੇ ਵਿਚਾਰਧਾਰਕ ਪੁਰਖਿਆਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਹੈ:

Original by:
Jaswant Singh Zafar
Digitized by;
Panjab Digital Library

***ਗੁਰ ਪਰਸਾਦੀ ਜੈਦੇਉ ਨਾਮਾਂ ॥***
***ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥*** *(330, ਕਬੀਰ ਜੀ)*

***ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥*** *(856, ਕਬੀਰ ਜੀ)*

***ਕਲਿ ਜਾਗੇ ਨਾਮਾ ਜੈਦੇਵ ॥*** *(1194, ਕਬੀਰ ਜੀ)*

ਨਾਮਦੇਵ ਜੀ ਪਹਿਲੇ ਭਗਤ ਕਵੀ ਸਨ ਜਿਹਨਾਂ ਨੇ ਹਿੰਦੂ ਅਤੇ ਇਸਲਾਮੀ ਰਹੁ-ਰੀਤਾਂ ਨੂੰ ਰੱਦ ਕੇ ਦੋਨਾਂ ਤੋਂ ਸੁਤੰਤਰ ਗਿਆਨੀ ਮਨੁੱਖ ਦਾ ਮਾਡਲ ਪੇਸ਼ ਕੀਤਾ ਜੋ ਮਜ਼ਹਬੀ ਵਲਗਣਾਂ ਤੋਂ ਪਾਰ ਇੱਕ ਪਰਮਾਤਮਾ ਦੀ ਹਸਤੀ ਨੂੰ ਚਿਤਵ ਸਕੇ:

***ਹਿੰਦੂ ਅੰਨ੍ਹਾ ਤੁਰਕੂ ਕਾਣਾ ॥***
***ਦੁਹਾਂ ਤੇ ਗਿਆਨੀ ਸਿਆਣਾ ॥***
***ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥***
***ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥*** *(875)*

ਗੁਰੂ ਨਾਨਕ ਵਲੋਂ ਆਰੰਭੀ ਗਈ ਸਿੱਖ ਲਹਿਰ ਦਾ ਉਦੇਸ਼ ਅਤੇ ਸਾਰੀ ਜੱਦੋ-ਜਹਿਦ ਨਾਮਦੇਵ ਜੀ ਵਲੋਂ ਪ੍ਰਸਤੁਤ ਕੀਤੇ ਗਏ ਮਾਡਲ ਵਾਲੇ ਗਿਆਨੀ ਮਨੁੱਖ ਦੀ ਸਿਰਜਨਾ ਕਰਨ ਵੱਲ ਸੇਧਤ ਸੀ। ਅਜਿਹੇ ਗਿਆਨੀ ਮਨੁੱਖ ਦੀ ਧਾਰਮਿਕਤਾ ਕਿਸੇ ਧਾਰਮਿਕ ਸਥਾਨ ਦੇ ਕਰਮਕਾਂਡ ਜਾਂ ਮਰਿਯਾਦਾ ਦੀ ਮੁਥਾਜ਼ ਨਹੀਂ। ਅਜਿਹੀ ਧਾਰਮਿਕਤਾ ਲਈ ਨਾਮਦੇਵ ਜੀ ਨੇ ਮਨੁੱਖ ਦੇ ਮਨ ਦੀ ਸ਼ੁੱਧੀ ਨੂੰ ਸਭ ਤੋਂ ਲਾਜ਼ਮੀ ਮੰਨਿਆਂ:

***ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥*** *(485)*

ਨਾਮਦੇਵ ਜੀ ਵਲੋਂ ਚਿਤਰੇ ਗਏ ਗਿਆਨੀ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਲਈ ਤੀਰਥਾਂ ਦੇ ਭਰਮਣ ਜਾਂ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰਿਆਂ ਦੀ ਲੋੜ ਨਹੀਂ, ਸਗੋਂ ਆਤਮ ਸੰਜਮ ਚਾਹੀਦਾ ਹੈ:

***ਕਹਤ ਨਾਮਦੇਉ ਬਾਹਰਿ ਕਿਆ ਭਰਮਹੁ ਇਹ ਸੰਜਮ ਹਰਿ ਪਾਈਐ ॥*** *(693)*

ਭਗਤ ਨਾਮਦੇਵ ਜੀ ਅਨੁਸਾਰ ਸ਼ੁਭ ਕਰਮਾਂ ਅਤੇ ਸ਼ੁਭ ਵਿਚਾਰਾਂ ਦੇ ਧਾਰਨੀ ਹੋ ਕੇ ਭਗਤੀ ਕਰਨਾ ਹੀ ਪਰਮਾਤਮਾ ਵੱਲ ਜਾਂਦਾ ਮਾਰਗ ਹੈ। ਇਸ ਮਾਰਗ ਨੂੰ ਭਗਤ ਨਾਮਦੇਵ ਜੀ ਨੇ ਗੁਰਮਤਿ ਵਿਚਾਰਧਾਰਾ ਦਾ ਨਾਮ ਦਿੱਤਾ:

***ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥***
***ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥*** *(718)*

***ਗੁਰਮਤਿ ਰਾਮ ਨਾਮ ਗਹੁ ਮੀਤਾ ॥***
***ਪ੍ਰਣਵੈ ਨਾਮਾ ਇਉ ਕਹੈ ਗੀਤਾ ॥*** *(874)*

ਗੁਰਮਤਿ ਵਿਚਾਰਧਾਰਾ ਦੇ ਸੰਚਾਰ, ਪ੍ਰਸਾਰ ਅਤੇ ਵਿਕਾਸ ਲਈ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਤੋਂ ਮਗਰੋਂ ਦੂਸਰੇ ਗੁਰੂ ਸਹਿਬਾਨ ਨੇ ਬਹੁਤ ਪ੍ਰਭਾਵਸ਼ਾਲੀ ਸਿੱਖ ਲਹਿਰ ਖੜ੍ਹੀ ਕੀਤੀ। ਇਸ ਵਿਚਾਰਧਾਰਾ ਦੇ ਤਹਿਤ ਭਗਤ ਨਾਮਦੇਵ ਜੀ ਨੇ ਜੋਗ ਮੱਤ ਵਿਚ ਦੱਸੀ ਜਾਂਦੀ ਹੱਠ ਸਾਧਨਾ ਨੂੰ ਅਰਥਹੀਣ ਕਿਹਾ। ਉਹਨਾਂ ਅਨੁਸਾਰ ਗੁਰਮਤਿ ਵਿਚ ਮੂਰਤੀ ਪੂਜਾ ਲਈ ਕੋਈ ਸਥਾਨ ਨਹੀਂ ਹੈ। ਉਹ ਬਹੁਤ ਪ੍ਰਭਾਵਸ਼ਾਲੀ ਤਰਕ ਅਤੇ ਦਲੀਲ ਨਾਲ ਸਮਝਾਉਂਦੇ ਰਹੇ:

***ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥***

Original with;
Jaswant Singh Zafar
Digitized by;
Panjab Digital Library



Original with;
Jaswant Singh Zafar
Digitized by;
Panjab Digital Library

***ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥*** *(525)*

ਭਗਤ ਨਾਮਦੇਵ ਜੀ ਨੇ ਮੂਰਤੀ ਪੂਜਾ ਤੋਂ ਇਲਾਵਾ ਹੋਰ ਨਿਰਾਰਥਕ ਧਰਮ ਕਾਂਡਾਂ ਜਿਵੇਂ ਤੀਰਥ ਭਰਮਣ, ਇਸ਼ਨਾਨ ਆਦਿ ਅਤੇ ਫੋਕਟ ਚਿੰਨ੍ਹਾਂ ਉੱਤੇ ਕਟਾਖਸ਼ ਕੀਤਾ। ਉਹਨਾਂ ਨੇ ਸ਼ਿਵ, ਪਾਰਵਤੀ, ਭੈਰੋਂ, ਸੀਤਲਾ, ਭਵਾਨੀ ਆਦਿ ਦੇਵੀ ਦੇਵਤਿਆਂ ਦੀ ਪੂਜਾ ਅਤੇ ਅਰਾਧਨਾ ਦਾ ਵੀ ਖੰਡਨ ਕੀਤਾ:

***ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥***
***ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥***
***ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥***
***ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥*** *(874)*

ਇਹਨਾਂ ਸਾਰੇ ਦੇਵੀ ਦੇਵਤਿਆਂ ਦੀ ਬਜਾਏ ਆਪ ਇਕ ਈਸ਼ਵਰ ਦੇ ਵਿਸ਼ਵਾਸੀ ਅਤੇ ਉਸ ਦੀ ਅਰਾਧਨਾ ਦੇ ਮੁਦੱਈ ਅਤੇ ਪ੍ਰਚਾਰਕ ਸਨ ਜੋ ਪੂਰੀ ਸ੍ਰਿਸ਼ਟੀ ਵਿਚ ਵਿਆਪਕ ਹੈ:

***ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥*** *(485)*

***ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥*** *(485)*

***ਸਭ ਰਾਮੁ ਏਕੁ ਕਰਿ ਜਾਨਿਆ ॥*** *(657)*

***ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥*** *(693)*

***ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥*** *(727)*

***ਹਉ ਤਉ ਏਕੁ ਰਮਈਆ ਲੈਹਉ ॥*** *(874)*

ਇਸ ਇਕ ਪਰਮਾਤਮਾ ਨੂੰ ਉਨ੍ਹਾਂ ਆਪਣੀ ਬਾਣੀ ਵਿਚ ਲਗਪਗ 40 ਨਾਵਾਂ ਨਾਲ ਯਾਦ ਕੀਤਾ ਹੈ, ਜਿਵੇਂ ਦੇਵਾ, ਸੁਆਮੀ, ਪ੍ਰਭੁ, ਮੁਰਾਰੀ, ਕਰੀਮਾਂ, ਰਹੀਮਾਂ, ਅਲਾਹ, ਗਨੀ, ਗੋਪਾਲ, ਸ੍ਰੀ ਰੰਗ, ਪਾਤਿਸਾਹ, ਅਸਪਤਿ, ਗਜਪਤਿ, ਨਰਿੰਦ, ਮੀਰ, ਮੁਕੰਦ, ਗੋਬਿੰਦ, ਸਿਆਮ, ਰਾਮ, ਕੇਸਵ, ਮਾਧੋ, ਬੀਠਲ, ਰਾਮਈਆ, ਹਰਿ, ਹਰੀ, ਠਾਕੁਰ, ਜਗਜੀਵਨ, ਨਾਰਾਇਣ, ਨਿਰੰਕਾਰ, ਸਾਵਲੀਆ, ਨਰਹਰੀ, ਕਲੰਦਰ, ਸਾਹਿਬ, ਭਗਵਾਨ, ਈਸ਼ਰ, ਜਗਤਗੁਰੂ, ਗੋਸਾਈ, ਪੁਰਖੋਤਮ ਆਦਿ। ਇਹ ਇਕ ਪਰਮਾਤਮਾ ਸ੍ਰਿਸ਼ਟੀ ਦੀ ਮੂਲ ਸ਼ਕਤੀ ਹੈ ਜੋ ਸਵੈ ਪ੍ਰਕਾਸ਼ਮਾਨ ਹੈ, ਉਸ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ। ਆਪ ਹੀ ਪੂਰੀ ਸ੍ਰਿਸ਼ਟੀ ਨੂੰ ਸਾਜਣ ਅਤੇ ਸੰਚਾਲਿਤ ਕਰਨ ਵਾਲਾ ਹੈ:

***ਹਮਰੋ ਕਰਤਾ ਰਾਮੁ ਸਨੇਹੀ ॥*** *(692)*

***ਆਪ ਹੀ ਕਰਤਾ ਬੀਠੁਲੁ ਦੇਉ ॥*** *(1351)*

***ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥*** *(1351)*

***ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥*** *(1351)*

ਪਰਮਾਤਮਾ ਹਰ ਤਰ੍ਹਾਂ ਦੇ ਡਰ ਤੋਂ ਰਹਿਤ ਹੈ, ਉਹ ਨਿਰਭਉ ਹੈ। ਉਸ ਨਾਲ ਜੁੜਨ ਵਾਲੇ ਵਿਚ ਵੀ ਇਹ ਗੁਣ ਸੁਭਾਵਿਕ ਆਉਂਦਾ ਹੈ:

***ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥*** *(1165)*

Original with
Jaswant Singh Zafar
Digitized by;
Panjab Digital Library

*ਸਭੋ ਹੁਕਮੁ ਹੁਕਮੁ ਹੈ ਆਪੇ **ਨਿਰਭਉ** ਸਮਤੁ ਬੀਚਾਰੀ ॥* (1351)

*ਪ੍ਰਣਵੈ ਨਾਮਾ **ਐਸੋ** ਹਰੀ ॥ ਜਾਸੁ ਜਪਤ **ਭੈ** ਅਪਦਾ **ਟਰੀ** ॥* (874)

ਗੁਰੂ ਦੀ ਕਿਰਪਾ ਨਾਲ ਉਸ ਨੂੰ ਜਾਣਿਆਂ, ਸਮਝਿਆ ਅਤੇ ਪਾਇਆ ਜਾ ਸਕਦਾ ਹੈ:

***ਗੁਰ ਪਰਸਾਦੀ** ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥* (657)

ਭਗਤ ਨਾਮਦੇਵ ਜੀ ਦੁਆਰਾ ਪਰਮਾਤਮਾ ਦੀ ਹੋਂਦ, ਉਸਦੇ ਸੁਭਾਅ ਅਤੇ ਉਸ ਨਾਲ ਮਿਲਾਪ ਸਬੰਧੀ ਸਥਾਪਿਤ ਕੀਤੇ ਗਏ ਉਪਰੋਕਤ ਸਾਰੇ ਸੰਕਲਪਾਂ ਦਾ ਤੱਤ ਸਾਰ ਗੁਰੂ ਸਾਹਿਬ ਨੇ ਆਦਿ ਗਰੰਥ ਸਾਹਿਬ ਦੇ ਆਰੰਭ ਵਿੱਚ ਮੂਲ ਮੰਤਰ ਦੇ ਰੂਪ ਵਿਚ ਦਰਜ ਕੀਤਾ:

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਗੁਰਮਤਿ ਦੇ ਮੁਢਲੇ ਬਾਣੀਕਾਰ ਹੋਣ ਕਰਕੇ ਭਗਤ ਨਾਮਦੇਵ ਦੀ ਬਾਣੀ ਵਿਚ ਆਈ ਬਹੁਤ ਸਾਰੀ ਸ਼ਬਦਾਵਲੀ ਬਾਅਦ ਵਿਚ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣ ਗਈ, ਜਿਵੇਂ ਗੁਰਮਤਿ, ਗੁਰੂ, ਸਤਿਗੁਰ, ਬਾਣੀ, ਸਾਧ ਸੰਗਤ, ਸਿਮਰਨ, ਪ੍ਰਸਾਦ, ਅੰਮ੍ਰਿਤ, ਅੰਮ੍ਰਿਤਸਰ, ਜੋਤੀ ਜੋਤ ਸਮਾਉਣਾ ਆਦਿ:

*ਅਠਸਠਿ ਤੀਰਥ **ਗੁਰੂ** ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥*

***ਅੰਮ੍ਰਿਤ ਬਾਣੀ** ਘਟ ਤੇ ਉਚਰਉ ਆਤਮ ਕਉ ਸਮਝਾਵਉ ॥* (693)

*ਸਤਰਿ ਦੋਇ ਭਰੇ **ਅੰਮ੍ਰਿਤ ਸਰਿ** ਬਿਖੁ ਕਉ ਮਾਰਿ ਕਢਾਵਉ ॥* (693)

***ਜੋਤੀ ਜੋਤਿ ਸਮਾਨੀ** ॥ ਮੈ **ਗੁਰ ਪਰਸਾਦੀ** ਜਾਨੀ ॥* (657)

*ਨਾਮਦੇਇ **ਸਿਮਰਨੁ** ਕਰਿ ਜਾਨਾਂ ॥ ਜਗਜੀਵਨ ਸਿਉ ਜੀਉ ਸਮਾਨਾਂ ॥* (858)

*ਨਾਮਾ ਪ੍ਰਣਵੈ ਪਰਮ ਤਤੁ ਹੈ **ਸਤਿਗੁਰ** ਹੋਇ ਲਖਾਇਆ ॥* (973)

ਨਾਮਦੇਵ ਜੀ ਨੇ ਆਤਮਿਕ, ਮਾਨਸਿਕ ਅਤੇ ਵਿਹਾਰਕ ਸ਼ੁੱਧਤਾ ਅਤੇ ਉੱਚਤਾ ਦੀ ਪ੍ਰਾਪਤੀ ਲਈ ਸਾਧ ਸੰਗਤ ਦੇ ਮਹੱਤਵ ਨੂੰ ਵਡਿਆਇਆ। ਉਹਨਾਂ ਤੋਂ ਮਗਰੋਂ ਇਸ ਵਿਚਾਰ ਦੀ ਕਬੀਰ ਜੀ ਨੇ ਵੀ ਪ੍ਰੋੜਤਾ ਕੀਤੀ:

ਨਾਮਦੇਵ ਜੀ: *ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥*
*ਸਾਧਸੰਗਤਿ ਕਬਹੂ ਨਹੀ ਕਰੈ ॥* (1252)

ਕਬੀਰ ਜੀ: *ਸਾਧੂ ਸੰਗਤਿ ਦੀਓ ਰਲਾਇ ॥*
*ਪੰਚ ਦੂਤ ਤੇ ਲੀਓ ਛਡਾਇ ॥* (331)

ਗੁਰਮਤਿ ਵਿਚਾਰਧਾਰਾ ਤਹਿਤ ਨਾਮਦੇਵ ਜੀ ਨੇ ਸਾਧ ਸੰਗਤ ਉਸੇ ਨੂੰ ਪ੍ਰਵਾਨਿਆਂ ਜਿਸ ਵਿਚ ਹਰਿ ਨਾਮ ਜਪਿਆ ਅਤੇ ਹਰਿ ਜਸ ਗਾਇਆ ਜਾਂਦਾ ਹੈ, ਜਿਥੇ ਗੁਰੂ ਦੇ ਉਪਦੇਸ਼ ਨੂੰ ਸੁਣਿਆਂ, ਵਿਚਾਰਿਆ ਅਤੇ ਵਡਿਆਇਆ ਜਾਂਦਾ ਹੈ:

*ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥*
*ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥* (1105)

Original with;
Jaswant Singh Zafar
Digitized by;
Panjab Digital Library

ਉਹਨਾਂ ਦੀ ਬਾਣੀ ਵਿਚ ਗੁਰੂ ਅਤੇ ਗੁਰੂ ਦੇ ਉਪਦੇਸ਼ ਦੀ ਅਜਿਹੀ ਮਹਿਮਾ ਅਤੇ ਮਹਾਨਤਾ ਬਾਬਤ ਵਾਰ-

ਵਾਰ ਜ਼ਿਕਰ ਆਉਂਦਾ ਹੈ:

***ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥***
***ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥*** *(485)*

***ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥*** *(525)*

***ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥*** *(873)*

***ਨਾਮਦੇਉ ਨਾਰਾਇਨੁ ਪਾਇਆ ॥ ਗੁਰੁ ਭੇਟਤ ਅਲਖੁ ਲਖਾਇਆ ॥*** *(874)*

ਗੁਰੂ ਦੀ ਏਨੀ ਮਹਾਨਤਾ ਅਤੇ ਸਮਰੱਥਾ ਉਸ ਦੇ ਸਰੀਰ, ਪਹਿਰਾਵੇ, ਦਿਖਾਵੇ, ਸ਼ਾਨੋ-ਸ਼ੌਕਤ, ਕੌਤਕ ਜਾਂ ਕਰਾਮਾਤ ਕਾਰਨ ਨਹੀਂ ਸਗੋਂ ਗੁਰੂ ਦੇ ਸ਼ਬਦ ਕਾਰਨ ਹੈ। ਜਾਂ ਕਹਿ ਲਈਏ ਕਿ ਗੁਰੂ ਆਪਣੇ ਸ਼ਬਦ ਕਾਰਨ ਗੁਰੂ ਹੈ। ਇਸ ਤਰ੍ਹਾਂ ਗੁਰਮਤਿ ਅੰਦਰ ਗੁਰ ਕੇ ਸ਼ਬਦ ਦੀ ਮਹਿਮਾ ਨੂੰ ਸਭ ਤੋਂ ਪਹਿਲਾਂ ਭਗਤ ਨਾਮਦੇਵ ਜੀ ਨੇ ਸਥਾਪਿਤ ਕੀਤਾ:

***ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥*** *(1351)*

ਨਾਮਦੇਵ ਜੀ ਤੋਂ ਬਾਅਦ ਭਗਤ ਰਾਮਾਨੰਦ ਜੀ ਨੇ ਵੀ ਗੁਰ ਕੇ ਸ਼ਬਦ ਦੀ ਵਡਿਆਈ ਕੀਤੀ:

***ਰਾਮਾਨੰਦ ਸੁਆਮੀ ਰਮਤ ਬ੍ਰਹਮ ॥***
***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** *(1195, ਰਾਮਾਨੰਦ ਜੀ)*

ਫਿਰ ਰਾਮਾਨੰਦ ਜੀ ਦੇ ਪਰਮ ਸਿਖ ਕਬੀਰ ਸਾਹਿਬ ਨੇ ਗੁਰ ਕੇ ਸ਼ਬਦ ਦੀ ਵਾਰ-ਵਾਰ ਮਹਿਮਾ ਕੀਤੀ:

***ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥***
***ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥*** *(334, ਕਬੀਰ ਜੀ)*

***ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥***
***ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥*** *(335, ਕਬੀਰ ਜੀ)*

***ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥***
***ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥*** *(969, ਕਬੀਰ ਜੀ)*

ਕਬੀਰ ਸਾਹਿਬ ਤੋਂ ਮਗਰੋਂ ਤਾਂ ਸਾਰੇ ਬਾਣੀਕਾਰਾਂ ਦੀ ਰਚਨਾ ਵਿਚ ਅਤੇ ਲਗਪਗ ਸਾਰੇ ਰਾਗਾਂ ਦੀ ਬਾਣੀ ਵਿਚ 'ਗੁਰ ਕੇ ਸ਼ਬਦ' ਦੀ ਸੋਭਾ ਦੀ ਗੂੰਜਾਰ ਪੈ ਗਈ ਜਾਂ ਕਹਿ ਲਈਏ ਕਿ 'ਗੁਰ ਕੇ ਸ਼ਬਦ' ਦੀ ਮਹਿਮਾਂ ਦੀ ਇਕ ਤਰ੍ਹਾਂ ਨਾਲ ਝੜੀ ਹੀ ਲੱਗ ਗਈ। ਹੇਠਾਂ ਤਾਂ ਕੁਝ ਚੋਣਵੀਆਂ ਉਦਾਹਰਣਾਂ ਹੀ ਹਨ:

***ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥*** *(17, ਮ.1)*

***ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥*** *(55, ਮ.1)*

***ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥*** *(61, ਮ.1)*

***ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥*** *(355, ਮ.1)*

***ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥*** *(1023, ਮ.1)*

*Original with:*
Jaswant Singh Zafar
*Digitized by;*
Panjab Digital Library

ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥ *(1290, ਮ.1)*

ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥ *(1331, ਮ.1)*

ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥ *(1345, ਮ.1)*

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ *(466, ਮ.2)*

ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥ *(31, ਮ.3)*

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ *(35, ਮ.3)*

ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥ *(35, ਮ.3)*

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ *(83, ਮ.3)*

ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥ *(113, ਮ.3)*

ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥ *(117, ਮ.3)*

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥ *(120, ਮ.3)*

ਸਤਸੰਗਤਿ ਮਿਲਿ ਸਭ ਸੋਝੀ ਪਾਏ ॥
ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥ *(364, ਮ.3)*

ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥
ਗੁਰ ਕਾ ਸਬਦੁ ਸਹਜਿ ਵੀਚਾਰੁ ॥ *(364, ਮ.3)*

ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ ॥ *(591, ਮ.3)*

ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ *(593, ਮ.3)*

ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ *(850, ਮ.3)*

ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥ *(1051, ਮ.3)*

ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥ *(1060, ਮ.3)*

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ
ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥ *(835, ਮ.4)*

ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥ *(46, ਮ.5)*

ਤਿਸ ਕੀ ਟੇਕ ਮਨੈ ਮਹਿ ਰਾਖੁ ॥ ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥ *(178, ਮ.5)*

ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥ *(187, ਮ.5)*

ਗੁਰ ਕਾ ਸਬਦੁ ਰਾਖੁ ਮਨ ਮਾਹਿ ॥ ਨਾਮੁ ਸਿਮਰਿ ਚਿੰਤਾ ਸਭ ਜਾਹਿ ॥ *(192, ਮ.5)*

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ *(236, ਮ.5)*

*Original work;*
Jaswant Singh Zafar
*Digitized by;*
Panjab Digital Library

*ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥* (282, ਮ.5)

*ਏਕਾ ਓਟ ਗਹੁ ਹਾਂ ॥ ਗੁਰ ਕਾ ਸਬਦੁ ਕਹੁ ਹਾਂ ॥* (410, ਮ.5)

*ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥* (623, ਮ.5)

*ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥* (626, ਮ.5)

*ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ ਸਗਲ ਮਨੋਰਥ ਪੂਰਨ ਆਸੀਨਾ ॥* (804, ਮ.5)

*ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥* (864, ਮ.5)

*ਗੁਰ ਕਾ ਸਬਦੁ ਜਾਪਿ ਮਨ ਸੁਖਾ ॥ ਈਹਾ ਊਹਾ ਤੇਰੋ ਊਜਲ ਮੁਖਾ ॥* (889, ਮ.5)

*ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ॥ ਤਾ ਤੇਰਾ ਹੋਇ ਨਿਰਮਲ ਜੀਉ ॥* (891, ਮ.5)

*ਗੁਰ ਕਾ ਸਬਦੁ ਸਤਿ ਕਰਿ ਮਾਨੁ ॥ ਗੁਰ ਬਚਨੀ ਸਮਸਰਿ ਸੁਖ ਦੂਖ ॥* (897, ਮ.5)

ਭਗਤ ਨਾਮਦੇਵ ਜੀ ਵਲੋਂ ਸਭ ਤੋਂ ਪਹਿਲਾਂ ਉਚਾਰੀ ਗਈ 'ਗੁਰ ਕੇ ਸ਼ਬਦ' ਦੀ ਇਸ ਮਹਿਮਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਰ 'ਤੇ ਪਹੁੰਚਾ ਦਿੱਤਾ ਜਦ ਆਪ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਸ੍ਰੀ ਆਦਿ ਗਰੰਥ ਵਿਚ ਸੰਕਲਿਤ ਕਰਨ ਉਪਰੰਤ ਇਸ ਨੂੰ ਬਕਾਇਦਾ ਗੁਰੂ ਵਜੋਂ ਸਥਾਪਿਤ ਕਰ ਦਿੱਤਾ ਭਾਵ ਗੁਰ ਕੇ ਸ਼ਬਦ ਨੂੰ ਸ਼ਬਦ-ਗੁਰੂ ਬਣਾ ਦਿੱਤਾ।

ਗੁਰਮਤਿ ਦੇ ਮੁਢਲੇ ਸਿਧਾਂਤਕਾਰ ਹੋਣ ਕਾਰਨ ਨਾਮਦੇਵ ਜੀ ਦੀ ਬਾਣੀ ਦਾ ਉਹਨਾਂ ਤੋਂ ਮਗਰਲੇ ਗੁਰਮਤਿ ਦੇ ਬਾਣੀਕਾਰਾਂ ਦੀ ਰਚਨਾ ਅਤੇ ਵਿਹਾਰ 'ਤੇ ਪ੍ਰਭਾਵ ਪੈਣਾ ਬੜਾ ਸੁਭਾਵਕ ਸੀ। ਰਚਨਾ ਦੇ ਪੱਧਰ 'ਤੇ ਕਈ ਉਘੜਵੀਆਂ ਮਿਸਾਲਾਂ ਹਨ:

ਨਾਮਦੇਵ ਜੀ: *ਰਾਮ ਕੋਇ ਨ ਕਿਸ ਹੀ ਕੇਰਾ ॥ ਜੈਸੇ ਤਰਵਰਿ ਪੰਖਿ ਬਸੇਰਾ ॥* (973)

ਰਵਿਦਾਸ ਜੀ: *ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥* (659)

ਨਾਮਦੇਵ ਜੀ: *ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥*
*ਤਨੁ ਮਨੁ ਰਾਮ ਪਿਆਰੇ ਜੋਗੁ ॥* (1164)

ਕਬੀਰ ਜੀ: *ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥*
*ਨਿੰਦਾ ਜਨ ਕਉ ਖਰੀ ਪਿਆਰੀ ॥* (339)

ਨਾਮਦੇਵ ਜੀ: *ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥*
*ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥* (973)

ਬੇਣੀ ਜੀ: *ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥*
*ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥*
*ਸੰਤਹੁ ਤਹਾ ਨਿਰੰਜਨ ਰਾਮੁ ਹੈ ॥* (974)

ਗੁਰੂ ਨਾਨਕ: *ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥*
*ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥* (944)

*Original with;*
Jaswant Singh Zafar
*Digitized by;*
Panjab Digital Library

ਨਾਮਦੇਵ ਜੀ: **ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥** *(485)*

ਗੁਰੂ ਨਾਨਕ: **ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥** *(1126)*

ਗੁਰੂ ਰਾਮਦਾਸ: **ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥** *(348)*

ਗੁਰੂ ਅਰਜਨ: **ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥** *(48)*

ਨਾਮਦੇਵ ਜੀ: **ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥**
**ਚਰਨ ਕਮਲ ਮੇਰੇ ਹੀਅਰੇ ਬਸੈਂ ॥** *(1195)*

ਗੁਰੂ ਅਮਰਦਾਸ: **ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥**
**ਸਾਚੁ ਨਾਮੁ ਮੇਰੈ ਹਿਰਦੈ ਵਸੈ ॥** *(1170)*

ਗੁਰੂ ਅਰਜਨ ਸਾਹਿਬ ਭਗਤ ਨਾਮਦੇਵ ਜੀ ਦੀ ਕਾਵਿ ਸ਼ੈਲੀ ਤੋਂ ਕਿੰਨੇ ਜ਼ਿਆਦਾ ਪ੍ਰਭਾਵਿਤ ਅਤੇ ਪ੍ਰੇਰਤ ਸਨ ਇਸ ਦਾ ਅਨੁਮਾਨ ਗੁਰੂ ਸਾਹਿਬ ਦੇ ਪੰਨਾ 270 'ਤੇ ਅੰਕਿਤ 'ਜਹਿ ਪ੍ਰਸਾਦਿ' ਅਤੇ ਭਗਤ ਜੀ ਦੇ ਪੰਨਾ 1166 'ਤੇ ਅੰਕਿਤ 'ਜਉ ਗੁਰਦੇਵ' ਵਾਲੇ ਸ਼ਬਦਾਂ ਨੂੰ ਇਕੱਠੇ ਪੜ੍ਹਨ ਨਾਲ ਹੋ ਜਾਂਦਾ ਹੈ:

ਨਾਮਦੇਵ ਜੀ: **ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥ ਜਉ ਗੁਰਦੇਉ ਤ ਅਕਥ ਕਹਾਨੀ ॥**
**ਜਉ ਗੁਰਦੇਉ ਤ ਅੰਮ੍ਰਿਤ ਦੇਹ ॥ ਜਉ ਗੁਰਦੇਉ ਨਾਮੁ ਜਪਿ ਲੇਹਿ ॥** *(1166)*

ਗੁਰੂ ਅਰਜਨ: **ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥**
**ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥ ਨਾਨਕ ਤਾ ਕੀ ਭਗਤਿ ਕਰੇਹ ॥** *(270)*

ਇਕ ਉਦਾਹਰਣ ਹੋਰ ਦੇਖ ਸਕਦੇ ਹਾਂ:

ਨਾਮਦੇਵ ਜੀ: **ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥**
**ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥** *(1166)*

ਗੁਰੂ ਅਰਜਨ: **ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥**
**ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥** *(1137)*

ਵਿਚਾਰਧਾਰਕ, ਰੂਪਕ ਅਤੇ ਹੋਰ ਸਮਾਨਤਾਵਾਂ ਦੇ ਬਾਵਜੂਦ ਭਗਤ ਜੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਇਕ ਅੰਤਰ ਜ਼ਰੂਰ ਹੈ। ਉਹ ਇਹ ਕਿ ਲਗਪਗ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਜੀਵ ਦੇ ਪਰਮਾਤਮਾ ਪ੍ਰਤੀ ਪਿਆਰ ਅਤੇ ਸ਼ਰਧਾ ਨੂੰ ਬਿਆਨਦਿਆਂ ਪ੍ਰਭੂ ਨੂੰ ਹਮੇਸ਼ਾ ਪਤੀ, ਮਾਲਕ ਜਾਂ ਮਰਦ ਕਿਹਾ ਗਿਆ ਅਤੇ ਭਗਤ ਨੂੰ ਉਸਦੀ ਸੇਜ ਦਾ ਆਨੰਦ ਮਾਨਣਾ ਚਾਹੁੰਣ ਵਾਲੀ ਇਸਤਰੀ, ਸੁਹਾਗਣ, ਪਤਨੀ ਜਾਂ ਦਾਸੀ ਕਿਹਾ ਗਿਆ ਹੈ। ਪਰ ਇਸ ਤੋਂ ਉਲਟ ਭਗਤ ਜੀ ਨੇ ਆਪਣੇ ਦਿਲ ਵਿਚ ਈਸ਼ਵਰ ਪ੍ਰਤੀ ਤੜਪ, ਲਗਨ, ਖਿੱਚ ਅਤੇ ਲਗਾਓ ਦੀ ਤੀਬਰਤਾ ਨੂੰ ਵਰਨਣ ਕਰਦਿਆਂ ਆਪਣੇ ਆਪ ਨੂੰ ਤਿੰਨ ਥਾਈਂ ਉਸ ਬੇਹਬਲ ਮਰਦ ਵਰਗਾ ਕਿਹਾ ਜਿਸ ਨੂੰ ਕਿਸੇ ਇਸਤਰੀ ਦਾ ਸੰਗ ਮਾਨਣ ਦੀ ਤੇਜ਼ ਲਲਕ ਜਾਂ ਕਾਮੁਕ ਖਿੱਚ ਹੁੰਦੀ ਹੈ:

**ਜਿਉ ਬਿਖਈ ਹੇਰੈ ਪਰ ਨਾਰੀ ॥ ਕਉਡਾ ਡਾਰਤ ਹਿਰੈ ਜੁਆਰੀ ॥**
**ਜਹ ਜਹ ਦੇਖਉ ਤਹ ਤਹ ਰਾਮਾ ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥** *(873)*

**ਜੈਸੇ ਬਿਖੈ ਹੇਤ ਪਰ ਨਾਰੀ ॥ ਐਸੇ ਨਾਮੇ ਪ੍ਰੀਤਿ ਮੁਰਾਰੀ ॥** *(874)*

**ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ ਪ੍ਰੀਤਿ ਮੁਰਾਰੀ ॥** *(1164)*

Original with;
Jaswant Singh Zafar
Digitized by;
Panjab Digital Library



ਰੂਪਕ ਪੱਖੋਂ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਉਹਨਾਂ ਤੋਂ ਮਗਰਲੇ ਗੁਰਮਤਿ ਬਾਣੀਕਾਰਾਂ ਨਾਲੋਂ ਵਧੇਰੇ ਵੰਨ-ਸੁਵੰਨਤਾ ਹੈ। ਹੋਰ ਲਗਪਗ ਸਾਰੀ ਬਾਣੀ ਮੁੱਖ ਤੌਰ 'ਤੇ ਕਾਫ਼ੀਏ ਰਦੀਫ਼ ਦੇ ਅਨੁਸਾਸ਼ਨ ਵਿਚ ਹੈ। ਪਰ ਭਗਤ ਜੀ ਨੇ ਕਾਫ਼ੀਆ-ਰਦੀਫ਼ ਰਹਿਤ ਅਜ਼ਾਦ ਨਜ਼ਮ ਵਰਗੀ ਬਾਣੀ ਦੀ ਵੀ ਰਚਨਾ ਕੀਤੀ:

**ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥**
**ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥** *(875)*

ਉਹਨਾਂ ਨੇ ਬਹੁਤ ਛੋਟੀ ਬਹਿਰ ਦੇ ਸ਼ਬਦਾਂ ਦੀ ਵੀ ਰਚਨਾ ਕੀਤੀ, ਜਿਹਨਾਂ ਦੀ ਸੰਗੀਤਕਤਾ ਕਮਾਲ ਦੀ ਹੈ:

**ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥** *(873)*

ਉਹਨਾਂ ਦੀ ਬਾਣੀ ਅੰਦਰ ਨਾਟਕੀ ਸੰਵਾਦ ਵਾਰ-ਵਾਰ ਆਉਂਦੇ ਹਨ, ਜੋ ਰਚਨਾ ਨੂੰ ਰੌਚਿਕਤਾ ਭਰਪੂਰ ਬਣਾਉਂਦੇ ਹਨ। ਇਕ ਉਦਾਹਰਣ ਹੈ:

**ਤੂ ਕੁਨੁ ਰੇ ॥ ਮੈ ਜੀ ਨਾਮਾ ॥ ਹੋ ਜੀ ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥** *(694)*

ਕਿਧਰੇ ਤਿੰਨ ਛੰਦੇ ਸ਼ਬਦਾਂ ਦੀ ਤਾਲ ਅਤੇ ਨ੍ਰਿਤ ਦਾ ਪ੍ਰਭਾਵ ਮਾਨਣਯੋਗ ਹੈ:

**ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥**
**ਬ੍ਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥** *(718)*

ਉਹਨਾਂ ਦੀ ਕਿਰਤ ਨਾਲ ਸਬੰਧਤ ਲਗਪਗ ਸਾਰੀ ਸ਼ਬਦਾਵਲੀ ਉਹਨਾਂ ਦੀ ਬਾਣੀ ਵਿਚ ਬਿੰਬਾਂ ਅਤੇ

Original with;
Jaswant Singh Zafar
Digitized by;
Panjab Digital Library

ਦਿਸ਼ਟਾਤਾਂ ਦੇ ਰੂਪ ਵਿਚ ਪ੍ਰਗਟ ਹੋਈ ਹੈ ਜਿਵੇਂ ਸੂਈ, ਧਾਗਾ, ਕੈਂਚੀ, ਗਜ, ਕੱਪੜਾ, ਸਿਊਣਾ, ਕੱਟਣਾ, ਨਾਪਣਾ ਆਦਿ। ਇਹ ਸ਼ਬਦਾਵਲੀ ਕਿਰਤ ਦੇ ਗੌਰਵ ਨੂੰ ਉਜਾਗਰ ਕਰਦੀ ਹੈ। ਕਿਰਤ ਨੂੰ ਗੁਰਮਤਿ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਵਡਿਆਉਂਦੀ ਹੈ:

***ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥***
***ਮਪਿ ਮਪਿ ਕਾਟਉ ਜਮ ਕੀ ਫਾਸੀ ॥***
***ਕਹਾ ਕਰਉ ਜਾਤੀ ਕਹ ਕਰਉ ਪਾਤੀ ॥***
***ਰਾਮ ਕੋ ਨਾਮੁ ਜਪਉ ਦਿਨ ਰਾਤੀ ॥ਰਹਾਉ ॥***
***ਰਾਂਗਨਿ ਰਾਂਗਉ ਸੀਵਨਿ ਸੀਵਉ ॥***
***ਰਾਮ ਨਾਮ ਬਿਨੁ ਘਰੀਅ ਨ ਜੀਵਉ ॥***
***ਭਗਤਿ ਕਰਉ ਹਰਿ ਕੇ ਗੁਨ ਗਾਵਉ ॥***
***ਆਠ ਪਹਰ ਅਪਨਾ ਖਸਮੁ ਧਿਆਵਉ ॥***
***ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥***
***ਨਾਮੇ ਕਾ ਚਿਤੁ ਹਰਿ ਸਉ ਲਾਗਾ ॥*** *(485)*

ਆਪਣੇ ਇਕ ਸ਼ਬਦ ਦੀਆਂ ਆਖਰੀ ਸਤਰਾਂ ਵਿਚ ਨਾਮਦੇਵ ਜੀ ਨੇ ਭਗਤ ਤ੍ਰਿਲੋਚਨ ਜੀ ਨੂੰ ਸੰਬੋਧਤ ਹੋ ਕੇ ਗੱਲ ਕੀਤੀ ਹੈ:

***ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥***
***ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥*** *(972)*

ਇਸ ਤੋਂ ਸਪਸ਼ਟ ਹੈ ਕਿ ਭਗਤ ਤ੍ਰਿਲੋਚਨ ਜੀ ਉਹਨਾਂ ਦੇ ਸਮਕਾਲੀ ਸਨ, ਉਹਨਾਂ ਦੇ ਗੂੜ੍ਹੇ ਮਿੱਤਰ ਅਤੇ ਨਿਕਟਵਰਤੀ ਸਨ, ਸਹਿਚਿੰਤਕ ਅਤੇ ਗੁਰਮਤਿ ਵਿਚਾਰਧਾਰਾ ਦਾ ਆਧਾਰ ਤਿਆਰ ਕਰਨ ਵਿਚ ਉਹਨਾਂ ਦੇ ਸਹਿਯੋਗੀ ਸਨ। ਉਹਨਾਂ ਦੀ ਰਚਨਾ ਵੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਿਲ ਹੈ ਜਿਸ ਬਾਰੇ ਅਸੀਂ ਅਗਲੇ ਅਧਿਆਏ ਵਿਚ ਚਰਚਾ ਕਰਾਂਗੇ।

*Original with;*
Jaswant Singh Zafar
*Digitized by;*
Panjab Digital Library

# ॥ ਕਹੈ ਤਿਲੋਚਨੁ ਮੀਤ ॥



*Original with;*
Jaswant Singh Zafar
*Digitized by;*
Panjab Digital Library



ਭਗਤ ਤ੍ਰਿਲੋਚਨ ਦਾ ਜਨਮ 1267 ਈ. ਅਰਥਾਤ ਗੁਰੂ ਨਾਨਕ ਸਾਹਿਬ ਤੋਂ ਤਕਰੀਬਨ ਦੋ ਸਦੀਆਂ ਪਹਿਲਾਂ ਦਾ ਹੈ। ਉਹ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ ਅਤੇ ਭਗਤ ਨਾਮਦੇਵ ਜੀ ਵਾਂਗ ਉਹ ਵੀ ਮਹਾਰਾਸ਼ਟਰ ਦੇ ਰਹਿਣ ਵਾਲੇ ਸਨ। ਉਹਨਾਂ ਦੀ ਬਾਣੀ ਵਿਚ ਪਰਮਾਤਮਾ ਨੂੰ ਉਹਨਾਂ ਕਈ ਨਾਵਾਂ ਨਾਲ ਯਾਦ ਕੀਤਾ ਗਿਆ ਹੈ ਜੋ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਵੀ ਹਨ, ਜਿਵੇਂ ਰਾਮਈਆ, ਬੀਠੁਲਾ, ਨਾਰਾਇਣਾ ਆਦਿ। ਦੋਨੋਂ ਅਧਿਆਤਕ ਮੰਡਲ ਦੇ ਮਿਲਦੇ ਜੁਲਦੇ ਪੱਧਰ 'ਤੇ ਵਿਚਰਦੇ ਸਨ, ਜਿਸ ਕਰਕੇ ਦੋਨਾਂ ਵਿਚ ਗਹਿਰੀ ਮਿੱਤਰਤਾਈ ਅਤੇ ਨੇੜਤਾ ਸੀ। ਇਕ ਦੂਜੇ ਦੇ ਸ਼ੁਭ ਚਿੰਤਕ ਸਨ। ਕਬੀਰ ਸਾਹਿਬ ਨੇ ਗੁਰਮਤਿ ਦੇ 'ਕਿਰਤ ਕਰੋ, ਨਾਮ ਜਪੋ' ਦੇ ਬੁਨਿਆਦੀ ਸਿਧਾਂਤ ਨੂੰ ਦੋ ਸਲੋਕਾਂ ਵਿਚ ਇਹਨਾਂ ਦੋਨਾਂ ਭਗਤ ਮਿੱਤਰਾਂ ਦੇ ਸੰਵਾਦ ਦੇ ਰੂਪ ਵਿਚ ਬਿਆਨਿਆਂ ਹੈ, ਜਿਸ ਤੋਂ ਉਹਨਾਂ ਦੀ ਨੇੜਤਾ ਅਤੇ ਇਕ ਦੂਸਰੇ ਪ੍ਰਤੀ ਫ਼ਿਕਰਮੰਦੀ ਦਾ ਵੀ ਪਤਾ ਲਗਦਾ ਹੈ:

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥***
***ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥***
***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*** *(1376, ਕਬੀਰ ਜੀ)*

ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕਬੀਰ ਜੀ ਨੂੰ ਇਹਨਾਂ ਭਗਤ ਮਿੱਤਰਾਂ ਦੇ ਜੀਵਨ, ਰਚਨਾ ਅਤੇ ਵਿਚਾਰਧਾਰਾ ਦੀ ਪੂਰੀ ਜਾਣਕਾਰੀ ਸੀ। ਕੇਵਲ ਜਾਣਕਾਰੀ ਹੀ ਨਹੀਂ ਸੀ ਸਗੋਂ ਉਹਨਾਂ ਦੀ ਵਿਚਾਰਧਾਰਾ ਦੀ ਕਬੀਰ ਜੀ ਨੇ ਬੜੇ ਜ਼ੋਰਦਾਰ ਢੰਗ ਨਾਲ ਪ੍ਰੋੜ੍ਹਤਾ ਕੀਤੀ ਅਤੇ ਪ੍ਰਚਾਰਿਆ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦੇ ਚਾਰ ਸ਼ਬਦ ਦਰਜ ਹਨ। ਇਕ ਸ਼ਬਦ ਸਿਰੀ ਰਾਗ ਵਿਚ ਪੰਨਾ 92 'ਤੇ, ਦੋ ਸ਼ਬਦ ਗੂਜਰੀ ਰਾਗ ਵਿਚ ਪੰਨਾ 525 ਅਤੇ 526 'ਤੇ ਅਤੇ ਚੌਥਾ ਸ਼ਬਦ ਧਨਾਸਰੀ ਰਾਗ ਵਿਚ ਪੰਨਾ 695 'ਤੇ ਦਰਜ ਹੈ। ਇਹਨਾਂ ਚਾਰਾਂ ਸ਼ਬਦਾਂ ਦੀ ਅੰਤਲੀ ਸਤਰ ਵਿਚ 'ਬਦਤਿ ਤ੍ਰਿਲੋਚਨ' ਆਉਂਦਾ ਹੈ। ਸੰਸਕ੍ਰਿਤ ਦੇ ਸ਼ਬਦ 'ਬਦਤਿ' ਦਾ ਭਾਵ ਹੈ ਕਹਿਣਾ, ਆਖਣਾ ਜਾਂ ਬੋਲਣਾ। ਜਿਵੇਂ ਬਾਕੀ ਸਾਰੇ ਬਾਣੀਕਾਰਾਂ ਨੇ ਅੰਤਲੀ ਸਤਰ ਵਿਚ ਕਹਿ ਰਵਿਦਾਸ, ਕਹੈ ਕਬੀਰੁ, ਕਹੁ ਨਾਨਕ ਆਦਿ ਲਿਖਿਆ ਹੈ ਉਸੇ ਤਰ੍ਹਾਂ ਭਗਤ ਤ੍ਰਿਲੋਚਨ ਜੀ ਨੇ 'ਬਦਤਿ ਤ੍ਰਿਲੋਚਨ' ਲਿਖਿਆ ਹੈ। ਨਾਮਦੇਵ ਜੀ ਵਾਂਗ ਭਗਤ ਤ੍ਰਿਲੋਚਨ ਜੀ ਨੇ ਵੀ ਕਾਫ਼ੀਏ ਰਦੀਫ਼ ਦੀ ਬੰਦਿਸ਼ ਰਹਿਤ ਕਈ ਪੰਕਤੀਆਂ ਲਿਖੀਆਂ ਹਨ ਜਿਹਨਾਂ ਦੀ ਸੰਗੀਤਕਤਾ

Original with;
Jaswant Singh Zafar
Digitized by;
Panjab Digital Library

ਕਮਾਲ ਦੀ ਹੈ।

ਪਹਿਲੇ ਸ਼ਬਦ ਵਿਚ ਉਹਨਾਂ ਮਨੁੱਖੀ ਮਨ 'ਤੇ ਮਾਇਆ ਦੇ ਦੁਰਪ੍ਰਭਾਵ ਦਾ ਵਰਨਣ ਕੀਤਾ ਹੈ। ਇਸ ਦੀ ਪਹਿਲੀ ਸਤਰ ਵਿਚ ਭਗਤ ਜੀ ਆਖਦੇ ਹਨ ਕਿ ਮਾਇਆ ਦੇ ਮੋਹ ਵਿਚ ਗਰੱਸੇ ਬੰਦੇ ਨੂੰ ਆਪਣਾ ਮਰਨਾ ਤੱਕ ਯਾਦ ਨਹੀਂ ਰਹਿੰਦਾ। ਉਹਨਾਂ ਦੀ ਇਸ ਗੱਲ ਨੂੰ ਗੁਰੂ ਅਮਰਦਾਸ ਜੀ ਨੇ ਬੜਾ ਸੋਹਣਾ ਸੰਖੇਪਤਾ ਨਾਲ ਪੁਸ਼ਟ ਕੀਤਾ ਹੈ:

ਤ੍ਰਿਲੋਚਨ ਜੀ: ***ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥*** *(92)*

ਗੁਰੂ ਅਮਰਦਾਸ: ***ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥*** *(430)*

ਅਗਲੀਆਂ ਤਿੰਨ ਸਤਰਾਂ ਵਿਚ ਭਗਤ ਜੀ ਦਾ ਮੱਤ ਹੈ ਕਿ ਪਰਿਵਾਰਵਾਦੀ ਰੁਚੀਆਂ ਕਾਰਨ ਕਮਲਾ ਹੋਇਆ ਬੰਦਾ ਸੰਸਾਰਕ ਤਰੱਕੀ ਦਾ ਭਰਮ ਤਾਂ ਪਾਲ ਸਕਦਾ ਹੈ ਪਰ ਜਮਾਂ ਦੀ ਮਾਰ ਤੋਂ ਨਹੀਂ ਬਚ ਸਕਦਾ। ਮਰਾਠੀ ਅਤੇ ਸੰਸਕ੍ਰਿਤ ਦੀ ਰੰਗਤ ਵਾਲੇ ਇਸ ਸ਼ਬਦ ਦੇ ਭਾਵ ਨੂੰ ਸਾਡੇ ਲਈ ਸਮਝਣਾ ਥੋੜ੍ਹਾ ਮੁਸ਼ਕਿਲ ਹੈ। ਉਹਨਾਂ ਦੇ ਇਸ ਵਿਚਾਰ ਨੂੰ ਗੁਰੂ ਨਾਨਕ ਦੇ ਸ਼ਬਦ 'ਚੋਂ ਸਮਝਣਾ ਕੁਝ ਆਸਾਨ ਹੈ। ਗੁਰੂ ਰਾਮਦਾਸ ਜੀ ਨੇ ਇਸ ਵਿਚਾਰ ਨੂੰ ਹੋਰ ਵੀ ਸਰਲ ਤਰੀਕੇ ਨਾਲ ਸਮਝਾਇਆ ਹੈ:

ਤ੍ਰਿਲੋਚਨ ਜੀ: ***ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ ॥***
***ਦੂੜਾ ਆਇਓਹਿ ਜਮਹਿ ਤਣਾ ॥ ਤਿਨ ਆਗਲੜੈ ਮੈ ਰਹਣੁ ਨ ਜਾਇ ॥*** *(92)*

ਗੁਰੂ ਨਾਨਕ: ***ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥***
***ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥*** *(906)*

ਗੁਰੂ ਰਾਮਦਾਸ: ***ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥***
***ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥*** *(1422)*

ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਬਾਣੀਕਾਰਾਂ ਨੇ ਪਰਿਵਾਰਵਾਦੀ ਜਾਂ ਕੁਟੰਬਪਾਲਕ ਰੁਚੀਆਂ ਦੀ ਨਿਖੇਧੀ ਕੀਤੀ ਹੈ, ਪਰ ਇਸ ਦੇ ਬਾਵਜੂਦ ਸਾਡੇ ਭਾਈਚਾਰੇ ਵਿਚ ਇਹ ਰੁਚੀਆਂ ਪਿਛਲੇ ਸਮੇਂ ਦੌਰਾਨ ਬੇਸ਼ਰਮੀ ਦੀ ਹੱਦ ਤੱਕ ਵਧ ਗਈਆਂ ਹਨ। ਜਿਸ ਤੋਂ ਸੂਚਨਾ ਮਿਲਦੀ ਹੈ ਕਿ ਸਾਡਾ ਗੁਰੂ ਨਾਲੋਂ ਫ਼ਾਸਲਾ ਵੱਧ ਰਿਹਾ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰਬਾਣੀ ਨੂੰ ਗੁਰੂ ਕਹਿਣਾ ਜਾਂ ਮੰਨਣਾ ਹੋਰ ਗੱਲ ਹੈ ਅਤੇ ਗੁਰੂ ਦੀ ਮੰਨਣਾ ਹੋਰ ਗੱਲ।

ਭਗਤ ਜੀ ਅਗਲੀਆਂ ਤਿੰਨ ਸਤਰਾਂ ਵਿਚ ਆਖਦੇ ਹਨ ਕਿ ਕੋਈ ਵਿਰਲੇ ਵਡਭਾਗੇ ਹਨ ਜੋ ਪ੍ਰਮੇਸ਼ਰ ਦਾ ਮਿਲਾਪ ਅਤੇ ਸਾਥ ਮੰਗਦੇ ਹਨ, ਜੋ ਆਖਦੇ ਹਨ ਕਿ ਹੇ ਪਰਮਾਤਮਾ, ਮੇਰੀ ਬਾਂਹ ਫੜ ਕੇ ਮੈਨੂੰ ਇਸ ਹਨੇਰੇ 'ਚੋਂ ਬਾਹਰ ਕੱਢ ਲਓ। ਇਸ ਵਿਚਾਰ ਨੂੰ ਪੰਜਵੇਂ ਪਾਤਸ਼ਾਹ ਨੇ ਬੜੇ ਵੈਰਾਗਮਈ ਅੰਦਾਜ਼ ਵਿਚ ਦੁਹਰਾਇਆ ਹੈ:

ਤ੍ਰਿਲੋਚਨ ਜੀ: ***ਕੋਈ ਕੋਈ ਸਾਜਣੁ ਆਇ ਕਹੈ ॥ ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥***
***ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥*** *(92)*

ਗੁਰੂ ਅਰਜਨ: ***ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ ॥***
***ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ ॥*** *(848)*

ਇਸ ਤਰ੍ਹਾਂ ਇਸ ਸ਼ਬਦ ਦੀਆਂ ਸਾਰੀਆਂ ਪੰਕਤੀਆਂ ਰਾਹੀਂ ਪ੍ਰਗਟਾਏ ਗਏ ਵਿਚਾਰਾਂ ਦੀ ਧੁਨੀ ਉਹਨਾਂ ਤੋਂ ਮਗਰੋਂ ਰਚੀ ਗਈ ਗੁਰੂ ਸਹਿਬਾਨ ਦੀ ਬਾਣੀ ਵਿਚ ਸੁਣੀ ਜਾ ਸਕਦੀ ਹੈ। ਮਿਸਾਲ ਦੇ ਤੌਰ 'ਤੇ ਸ਼ਬਦ ਦੀਆਂ ਅਗਲੀਆਂ ਸਤਰਾਂ ਨੂੰ ਗੁਰੂ ਰਾਮਦਾਸ ਦੀਆਂ ਸਤਰਾਂ ਨਾਲ ਮੇਲ ਕੇ ਪੜ੍ਹ ਸਕਦੇ ਹਾਂ:

Original
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

ਤ੍ਰਿਲੋਚਨ ਜੀ: ***ਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ॥*** *(92)*

ਗੁਰੂ ਰਾਮਦਾਸ: ***ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ॥*** *(443)*

ਤ੍ਰਿਲੋਚਨ ਜੀ: ***ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ॥*** *(92)*

ਗੁਰੂ ਰਾਮਦਾਸ: ***ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥*** *(775)*

ਤ੍ਰਿਲੋਚਨ ਜੀ: ***ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ॥*** *(92)*

ਗੁਰੂ ਰਾਮਦਾਸ: ***ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ॥*** *(443)*

ਦੂਸਰੇ ਸ਼ਬਦ ਵਿਚ ਭਗਤ ਤ੍ਰਿਲੋਚਨ ਜੀ ਨੇ ਧਰਮ ਦੇ ਬਾਹਰੀ ਭੇਖ ਦਾ ਜ਼ੋਰਦਾਰ ਖੰਡਨ ਕੀਤਾ ਹੈ। ਉਹਨਾਂ ਮੁਤਾਬਕ ਧਰਮ ਦਾ ਸਬੰਧ ਹੁਲੀਏ, ਪਹਿਰਾਵੇ ਜਾਂ ਕਿਸੇ ਕਰਮਕਾਂਡ ਨਾਲ ਨਹੀਂ ਸਗੋਂ ਇਹ ਤਾਂ ਹਿਰਦੇ ਦੀ ਸ਼ੁੱਧੀ ਅਤੇ ਬ੍ਰਹਮ ਵਿਚਾਰ ਦਾ ਵਿਸ਼ਾ ਹੈ। ਉਹ ਭੇਖਧਾਰੀ ਉਦਾਸੀ ਅਤੇ ਸੰਨਿਆਸੀ ਨੂੰ ਸੰਬੋਧਨ ਕਰਦੇ ਆਖਦੇ ਹਨ:

***ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥***
***ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥*** *(525)*

ਇਹ ਸ਼ਬਦ ਇਸ ਕਰਕੇ ਬਹੁਤ ਮਹੱਤਵਪੂਰਨ ਹੈ ਕਿ ਧਰਮ ਦੇ ਭੇਖ ਦੇ ਖੰਡਨ ਵਾਲੇ ਵਿਚਾਰ ਦੇ ਪ੍ਰਚਾਰ ਅਤੇ ਅਮਲ ਲਈ ਗੁਰਮਤਿ ਲਹਿਰ ਜਾਂ ਸਿੱਖ ਲਹਿਰ ਦੇ ਤਹਿਤ ਲਗਾਤਾਰ ਮੁਹਿੰਮ ਚਲਦੀ ਰਹੀ। ਅਜਿਹੀ ਦਿਖਾਵੇ ਦੀ ਧਾਰਮਿਕਤਾ ਦੇ ਖਿਲਾਫ਼ ਕਬੀਰ ਸਾਹਿਬ ਨੇ ਖ਼ੂਬ ਕਰੜਾਈ ਨਾਲ ਲਿਖਿਆ। ਇਸ ਸਬੰਧੀ ਗੁਰੂ ਗਰੰਥ ਸਾਹਿਬ ਦੇ ਪੰਨਾ 1003, 1012 ਅਤੇ 1013 'ਤੇ ਗੁਰੂ ਨਾਨਕ ਅਤੇ ਗੁਰੂ ਅਰਜਨ ਸਾਹਿਬ ਦੇ ਮਾਰੂ ਰਾਗ ਵਿਚ ਬੜੇ ਵਿਸਥਾਰ ਨਾਲ ਲਿਖੇ ਲੰਮੇ ਸ਼ਬਦ ਮਿਲਦੇ ਹਨ। ਸਾਨੂੰ ਆਪਣੇ ਭੇਖ ਕਰਕੇ ਕਿਸੇ ਧਰਮ ਵਿਸ਼ੇਸ਼ ਨਾਲ ਸਬੰਧਤ ਹੋਣ ਦੀ ਤਸੱਲੀ ਪਾਲ਼ ਕੇ ਗੁਜ਼ਰ ਬਸਰ ਨਹੀਂ ਕਰ ਲੈਣੀ ਚਾਹੀਦੀ। ਕਬੀਰ ਜੀ ਅਤੇ ਗੁਰੂ ਨਾਨਕ ਸਾਹਿਬ ਨੇ ਸਭ ਧਰਮਾਂ ਦੇ ਭੇਖਾਂ ਨੂੰ ਰੱਦ ਕਰਦਿਆਂ ਇਸ ਦੀ ਥਾਂ 'ਤੇ ਚੰਗੇਰੇ ਆਚਾਰ, ਵਿਹਾਰ ਅਤੇ ਵਿਚਾਰ ਨੂੰ ਵਡਿਆਇਆ ਹੈ। ਪਰ ਸਾਡੀ ਸਮੱਸਿਆ ਇਹ ਹੈ ਕਿ ਅਸੀਂ ਦੂਸਰੇ ਦੇ ਪਹਿਰਾਵੇ ਜਾਂ ਦਿੱਖ ਨੂੰ ਤਾਂ ਭੇਖ ਕਹਿ ਕੇ ਸੌਖਿਆਂ ਛੁਟਿਆ ਲੈਂਦੇ ਹਾਂ ਪਰ ਆਪਣੇ ਭੇਖ ਨੂੰ ਪਵਿੱਤਰ ਬਾਣਾ ਕਹਿ ਕੇ ਵਡਿਆਉਂਦੇ ਹਾਂ। ਭਗਤ ਜੀ ਭੇਖੀ ਧਰਮ ਦੀ ਅਜਿਹੀ ਧਾਰਮਿਕਤਾ ਨੂੰ ਨਕਾਰਦੇ ਹਨ ਜੋ ਦੂਜਿਆਂ ਦੀ ਕਿਰਤ 'ਤੇ ਪਲਣ ਅਤੇ ਢਿੱਡ ਵਧਾਉਣ ਦਾ ਸਾਧਨ ਬਣਦੀ ਹੋਵੇ:

***ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥*** *(526)*

ਭਗਤ ਜੀ ਅਜਿਹੀ ਅਖੌਤੀ ਧਾਰਮਿਕਤਾ ਨੂੰ ਰੱਦ ਕਰਦੇ ਹੋਏ ਉਸ ਦੀ ਜਗ੍ਹਾ ਗੁਰਮਤਿ ਨੂੰ ਸਥਾਪਿਤ ਕਰਦੇ ਹਨ, ਬਾਹਰੀ ਦਿਖਾਵੇ ਦੀ ਬਜਾਏ ਤੱਤ (ਵਿਚਲੀ ਗੱਲ) ਨੂੰ ਸਮਝਣ 'ਤੇ ਜ਼ੋਰ ਦਿੰਦੇ ਹਨ। ਸਿੱਖ ਲਹਿਰ ਦੇ ਉਦੇਸ਼ਾਂ ਦੇ ਤਹਿਤ ਗੁਰੂ ਸਾਹਿਬਾਨ ਵਲੋਂ ਇਸ ਵਿਚਾਰ ਦੀ ਵਜਾਹਤ ਕੀਤੀ ਗਈ। ਮਿਸਾਲ ਦੇ ਤੌਰ 'ਤੇ ਦੇਖੋ ਭਗਤ ਜੀ ਦੀ ਸਤਰ ਦਾ ਗੁਰੂ ਅਮਰਦਾਸ ਜੀ ਕਿਵੇਂ ਸਮਰਥਨ ਕਰਦੇ ਹਨ:

ਤ੍ਰਿਲੋਚਨ ਜੀ: ***ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥*** *(526)*

ਗੁਰੂ ਅਮਰਦਾਸ: ***ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥*** *(852)*

ਗੁਰਮਤਿ ਵਿਚ ਪਰਮਾਤਮਾ ਦੀ ਯਾਦ ਵਿਚ ਜਿਉਣ ਨੂੰ ਅਸਲੀ ਧਾਰਮਿਕਤਾ ਕਿਹਾ ਗਿਆ। ਉਸ ਸਰਬ ਸ੍ਰਿਸ਼ਟੀ ਦੇ ਕਰਤੇ ਦੀ ਯਾਦ ਨਾਲ ਸਮੂਹ ਜੀਵਾਂ ਦੀ ਸਹਿਹੋਂਦ ਅਤੇ ਅੰਤਰ ਸਬੰਧਾਂ ਨੂੰ ਮਹਿਸੂਸਿਆ ਜਾ ਸਕਦਾ ਹੈ, ਸਰਬ ਕਲਿਆਣ ਨੂੰ ਕਿਆਸਿਆ ਜਾ ਸਕਦਾ ਹੈ। ਆਪਣੇ ਨਿੱਜੀ ਕਲਿਆਣ ਲਈ ਸੁਆਰਥੀ

*Original with;*
Jaswant Singh Zafar
*Digitized by;*
Panjab Digital Library

ਭਾਵ ਨਾਲ ਕੀਤੇ ਜਾਂਦੇ ਜਪ-ਤਪ ਤਾਂ ਫ਼ਜ਼ੂਲ ਪਾਣੀ ਰਿੜਕਣ ਬਰਾਬਰ ਹਨ:

***ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥***
***ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥*** *(526)*

ਭਗਤ ਜੀ ਕਮੰਡਲ ਜਾਂ ਗੜਵੇਧਾਰੀ ਚੋਗਿਆਂ ਵਾਲਿਆਂ ਅਤੇ ਉਹਨਾਂ ਦੇ ਤੀਰਥ ਭਰਮਣਾ 'ਤੇ ਪ੍ਰਸ਼ਨ ਚਿੰਨ ਲਗਾਉਂਦੇ ਹੋਏ ਇਹਨਾਂ ਦੇ ਫੋਕੇਪਨ ਨੂੰ ਉਘਾੜਦੇ ਹਨ:

***ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥*** *(526)*

ਇਸ ਸਤਰ ਨੂੰ ਪੜ੍ਹਦਿਆਂ ਸਾਡਾ ਧਿਆਨ ਅੱਜ-ਕੱਲ੍ਹ ਦੇ ਗੜਵਿਆਂ, ਕਮੰਡਲਾਂ ਅਤੇ ਰੇਸ਼ਮੀ ਚੋਲਿਆਂ ਵਾਲੇ ਆਪਣੇ ਆਪ ਨੂੰ 'ਮਹਾਂਪੁਰਸ਼' ਅਖਵਾਉਣ ਜਾਂ 'ਸੁਪਰਸਿੱਖ' ਸਮਝਣ ਵਾਲੇ ਅਣਗਿਣਤ ਕਲਾਕਾਰਾਂ ਵੱਲ ਜਾਂਦਾ ਹੈ, ਜੋ ਵਪਾਰਕ ਰੁਚੀਆਂ, ਸ਼ਾਨੋ ਸ਼ੌਕਤ ਦੀ ਭੁੱਖ ਅਤੇ ਰਾਜਸੀ ਪ੍ਰਭਾਵ ਦੀ ਇੱਛਾ ਨਾਲ ਭਰੇ ਦਿਖਾਈ ਦਿੰਦੇ ਹਨ। ਕਈ ਤਾਂ ਆਪਣੇ ਟਿਕਾਣੇ ਵਾਲੇ ਪਿੰਡ ਜਾਂ ਕਸਬੇ ਨਾਲ 'ਸਾਹਿਬ' ਲਗਾ ਕੇ ਆਪਣੇ ਅਵਤਾਰੀ ਹੋਣ ਦਾ ਐਲਾਨ ਵੀ ਕਰ ਲੈਂਦੇ ਹਨ। ਸਮਾਜ ਨਾਲ ਇਹਨਾਂ ਦਾ ਓਹੀ ਰਿਸ਼ਤਾ ਹੈ ਜੋ ਮਲ੍ਹੱਪਾਂ ਦਾ ਮਨੁੱਖੀ ਸਰੀਰ ਨਾਲ ਹੁੰਦਾ ਹੈ। ਭਗਤ ਤ੍ਰਿਲੋਚਨ ਜੀ ਦੀ ਉਪਰੋਕਤ ਸਤਰ ਵਾਂਗ ਗੁਰੂ ਨਾਨਕ ਸਾਹਿਬ ਦੀ ਇਹ ਸਤਰ ਵੀ ਇਹਨਾਂ 'ਤੇ ਬਰਾਬਰ ਢੁੱਕਦੀ ਹੈ:

***ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥*** *(1013, ਮ.1)*

ਸ਼ਬਦ ਦੇ ਅਖੀਰ ਵਿਚ ਭਗਤ ਜੀ ਐਲਾਨ ਕਰਦੇ ਹਨ ਕਿ ਧਰਮ ਦੇ ਮੂਲ ਤੱਤ ਨੂੰ ਜਾਣੇ ਸਮਝੇ ਬਿਨਾਂ ਕੀਤੀ ਜਾਂਦੀ ਅਤੇ ਦੇਖਣ ਨੂੰ ਧਾਰਮਿਕ ਜਾਪਦੀ ਸਾਰੀ ਸਰਗਰਮੀ ਕਿਸਾਨ ਦਾ ਬਿਨਾ ਦਾਣੇ ਵਾਲੇ ਕਣਕ ਦੇ ਨਾੜ ਜਾਂ ਲਾਂਗੇ ਨੂੰ ਗਾਹੁਣ ਵਰਗਾ ਫ਼ਜ਼ੂਲ ਕਰਮ ਹੈ:

***ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥*** *(526)*

ਬਗੈਰ ਦਾਣੇ ਵਾਲੀ ਪੱਕੀ ਕਣਕ ਨੂੰ ਗਾਹੁਣ ਵਾਲੇ ਇਸ ਦ੍ਰਿਸ਼ਟਾਂਤ ਦੀ ਗੁਰੂ ਅਰਜਨ ਸਾਹਿਬ ਨੇ ਬੜੀ ਖ਼ੂਬਸੂਰਤੀ ਨਾਲ ਕਈ ਥਾਈਂ ਵਰਤੋਂ ਕੀਤੀ ਹੈ:

***ਕਣ ਬਿਨਾ ਜੈਸੇ ਥੋਥਰ ਤੁਖਾ ॥ ਨਾਮ ਬਿਹੂਨ ਸੂਨੇ ਸੇ ਮੁਖਾ ॥*** *(192, ਮ.5)*

***ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ ॥***
***ਤਿਉ ਸਾਕਤ ਤੇ ਕੋ ਨ ਬਰਾਸਾਇਆ ॥*** *(1137, ਮ.5)*

***ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ ॥*** *(1207, ਮ.5)*

ਇੰਜ ਸਾਨੂੰ ਪਤਾ ਲਗਦਾ ਹੈ ਕਿ ਕਣਕ ਸ਼ਬਦ ਕਣ ਧਾਤੂ ਤੋਂ ਬਣਿਆ ਹੋਇਆ ਹੈ।

ਤੀਸਰੇ ਸ਼ਬਦ ਵਿਚ ਭਗਤ ਜੀ ਨੇ ਆਪਣੀ ਗੱਲ ਸਮਝਾਉਣ ਅਤੇ ਮਨਾਉਣ ਲਈ ਡਰਾਵਾ ਦੇਣ ਦੀ ਵਿਧੀ ਅਪਣਾਈ ਹੈ। ਆਪ ਕਹਿੰਦੇ ਹਨ ਕਿ ਜੋ ਮਨੁੱਖ ਆਪਣੇ ਅੰਤ (ਮੌਤ) ਸਮੇਂ ਧਨ-ਦੌਲਤ, ਇਸਤਰੀ, ਸੰਤਾਨ ਜਾਂ ਮਕਾਨ ਬਾਬਤ ਸੋਚਦਾ ਅਤੇ ਉਸ ਦੀ ਚਿੰਤਾ ਕਰਦਾ ਹੈ ਉਹ ਕ੍ਰਮਵਾਰ ਸੱਪ, ਵੇਸਵਾ, ਸੂਰ ਅਤੇ ਪ੍ਰੇਤ ਦੀ ਜੂਨੇ ਪੈਂਦਾ ਹੈ। ਇਸ ਡਰਾਵੇ ਦਾ ਉਦੇਸ਼ ਆਪ ਰਹਾਉ ਵਾਲੀ ਪੰਕਤੀ ਵਿਚ ਦਰਜ ਕਰਦੇ ਹਨ:

***ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ਰਹਾਉ॥*** *(526)*

ਜੇ ਮਨੁੱਖ ਹਮੇਸ਼ਾ ਲਈ ਪਰਮਾਤਮਾ ਦੀ ਯਾਦ ਵਿਚ ਜਿਊਣ ਦਾ ਆਦੀ ਹੋਵੇਗਾ ਤਾਂ ਹੀ ਉਸ ਨੂੰ ਅੰਤ

*Original with;*
Jaswant Singh Zafar
*Digitized by;*
Panjab Digital Library

ਸਮੇਂ ਪਰਮਾਤਮਾ ਯਾਦ ਹੋਵੇਗਾ ਅਤੇ ਤਾਂ ਹੀ ਮੋਕਸ਼ ਅਤੇ ਪ੍ਰਭੂ ਮਿਲਾਪ ਦਾ ਪਾਤਰ ਹੋ ਸਕੇਗਾ। ਸ਼ਬਦ ਇਸ ਵਿਚਾਰ ਨਾਲ ਹੀ ਸੰਪੂਰਨ ਹੁੰਦਾ ਹੈ:

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥*** *(526)*

ਤ੍ਰਿਲੋਚਨ ਜੀ ਤੋਂ ਮਗਰੋਂ ਕਬੀਰ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਸਮੂਹ ਬਾਣੀਕਾਰਾਂ ਨੇ ਭਾਵੇਂ ਬੁਰੀਆਂ ਸਮਝੀਆਂ ਜਾਂਦੀਆਂ ਜੂਨਾਂ 'ਚ ਪੈਣ ਦਾ ਭਗਤ ਤ੍ਰਿਲੋਚਨ ਜਿੰਨਾ ਡਰਾਵਾ ਤਾਂ ਨਹੀਂ ਦਿੱਤਾ ਫਿਰ ਵੀ ਲਗਪਗ ਸਭ ਨੇ ਧਨ-ਦੌਲਤ, ਸੰਤਾਨ, ਸੰਪਤੀ ਆਦਿਕ ਦੀ ਬਜਾਏ ਪ੍ਰਮੇਸ਼ਰ ਦੇ ਨਾਮ ਨਾਲ ਲਗਾਓ ਬਣਾਉਣ ਦਾ ਉਪਦੇਸ਼ ਕੀਤਾ:

***ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ॥***
***ਕਹਤ ਕਬੀਰੁ ਰਾਮ ਭਜੁ ਬਉਰੇ ਜਨੰੁ ਅਕਾਰਥ ਜਾਤ ॥*** *(1252, ਕਬੀਰ ਜੀ)*

***ਧਨੁ ਦਾਰਾ ਸੰਪਤਿ ਗ੍ਰੇਹ ॥***
***ਕਛੁ ਸੰਗਿ ਨ ਚਾਲੈ ਸਮਝ ਲੇਹ ॥***
***ਇਕ ਭਗਤਿ ਨਾਰਾਇਨ ਹੋਇ ਸੰਗਿ ॥***
***ਕਹੁ ਨਾਨਕ ਭਜੁ ਤਿਹ ਏਕ ਰੰਗਿ ॥*** *(1187, ਮ.9)*

ਚੌਥੇ ਸ਼ਬਦ ਵਿਚ ਭਗਤ ਤ੍ਰਿਲੋਚਨ ਜੀ ਨੇ ਮਨੁੱਖ ਨੂੰ ਆਪਣੇ ਕਰਮਾਂ ਕਰਕੇ ਆਪਣੀ ਹਸਤੀ ਅਤੇ ਹੋਣੀ ਦਾ ਕਰਤਾ ਹੋਣ ਦਾ ਜ਼ਿੰਮੇਵਾਰ ਕਿਹਾ ਹੈ। ਮਨੁੱਖ ਆਪਣੇ ਸ਼ੁਭ ਕਰਮਾਂ ਨਾਲ ਆਪਣੀ ਹਸਤੀ ਦੀ ਬੁਲੰਦੀ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੇ ਦੁਰਕਰਮਾਂ ਨਾਲ ਆਪਣੀ ਸ਼ਖ਼ਸੀਅਤ ਨੂੰ ਨਿਵਾਣਾ ਵੱਲ ਲਿਜਾ ਸਕਦਾ ਹੈ। ਸ਼ਬਦ ਦੀ ਰਹਾਉ ਵਾਲੀ ਪੰਕਤੀ ਵਿਚ ਸਪੱਸ਼ਟ ਲਿਖਦੇ ਹਨ ਕਿ ਆਪਣੇ ਚੰਗੇ ਜਾਂ ਮੰਦੇ ਕੰਮਾਂ ਅਤੇ ਕਰਨੀਆਂ ਕਰਕੇ ਮਨੁੱਖ ਆਨੰਦ ਜਾਂ ਕਲੇਸ਼ਾਂ ਦਾ ਭਾਗੀ ਬਣਦਾ ਹੈ:

***ਦੂਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ਰਹਾਉ॥*** *(695)*

ਸ਼ਬਦ ਅੰਦਰ ਭਗਤ ਤ੍ਰਿਲੋਚਨ ਜੀ ਭਾਰਤੀ ਮਿਥਿਹਾਸ ਦੇ ਕਈ ਪਾਤਰਾਂ ਦੀਆਂ ਉਦਾਹਰਣਾਂ ਨਾਲ ਸਮਝਾਉਂਦੇ ਹਨ ਕਿ ਕੇਵਲ ਉੱਚੇ ਘਰਾਣੇ ਜਾਂ ਉੱਚੀ ਕੁਲ ਵਿਚ ਪੈਦਾ ਹੋਣ ਨਾਲ ਸੋਭਾ ਨਹੀਂ ਮਿਲਦੀ। ਜੇ ਸਾਡੇ ਆਪਣੇ ਕਰਮ ਠੀਕ ਨਾ ਹੋਣ ਤਾਂ ਸਾਡੇ ਬੁਰੇ ਕਰਮਾਂ ਦੇ ਕਲੰਕਾਂ ਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਪੈਦਾ ਹੋਣ ਵਾਲੇ ਤੇਜੱਸਵੀ ਅਤੇ ਅਵਤਾਰੀ ਪੁਰਸ਼ ਵੀ ਮਿਟਾ ਨਹੀਂ ਸਕਦੇ। ਆਪਣੇ ਭਲੇ ਬੁਰੇ ਕਰਮਾਂ (ਕਿਸਮਤ) ਲਈ ਰੱਬ ਨੂੰ ਦੋਸ਼ ਦੇਣ ਦੀ ਬਜਾਏ ਆਪਣੇ ਕਰਮਾਂ (ਕੰਮਾਂ) ਦੀ ਖੁਦ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ:

***ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥*** *(695)*

ਵਧੇਰੇ ਜਗਿਆਸਾ ਵਾਲੇ ਪਾਠਕ ਇਸ ਪੂਰੇ ਸ਼ਬਦ ਦਾ ਪਾਠ ਆਪਣੀ ਰੁਚੀ ਅਨੁਸਾਰ ਲੱਭ ਕੇ ਕਰ ਸਕਦੇ ਹਨ। ਇਸ ਦੀ ਵਿਚਾਰ ਨੂੰ ਗੁਰੂ ਨਾਨਕ ਜੀ ਨੇ ਦੋ ਸਤਰਾਂ ਵਿਚ ਬਹੁਤ ਖੂਬਸੂਰਤੀ ਨਾਲ ਸਮੇਟਿਆ ਹੋਇਆ ਹੈ:

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*** *(433, ਮ.1)*

ਇਸ ਵਿਚਾਰ ਨੂੰ ਪੰਚਮ ਪਾਤਸ਼ਾਹ ਨੇ ਕਈ ਵਾਰ ਦੁਹਰਾ ਕੇ ਸਾਨੂੰ ਆਪਣੇ ਜੀਵਨ ਪ੍ਰਤੀ ਜ਼ਿੰਮੇਵਾਰੀ ਦ੍ਰਿੜ

*Original with;*
Jaswant Singh Zafar
*Digitized by;*
Panjab Digital Library

ਕਰਵਾਈ ਹੈ, ਆਪਣੇ ਆਪ ਪ੍ਰਤੀ ਜੁਆਬਦੇਹ ਬਣਾਇਆ ਹੈ, ਆਪਣੀਆਂ ਕਰਨੀਆਂ ਅਤੇ ਭਰਨੀਆਂ ਦਾ ਸਬੰਧ ਯਾਦ ਕਰਾਇਆ ਹੈ:

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥** *(134, ਮ.5)*

**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥** *(135, ਮ.5)*

**ਦਿਨੁ ਰੈਨਿ ਅਪਨਾ ਕੀਆ ਪਾਈ ॥ ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥** *(745, ਮ.5)*

**ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥** *(888, ਮ.5)*




*Original with;*
Jaswant Singh Zafar
*Digitized by;*
Panjab Digital Library

# ॥ ਰਾਮਾਨੰਦ ਜੀ: ਸਤਿਗੁਰੁ ਹੋਇ ਲਖਾਵੈ ॥



*Original with;*
Jaswant Singh Zafar
*Digitized by;*
Panjab Digital Library



ਆਮ ਤੌਰ ’ਤੇ ਅਸੀਂ ਉਹਨਾਂ ਗੱਲਾਂ ਦਾ ਹੀ ਵਿਰੋਧ ਕਰਦੇ ਹਾਂ ਜੋ ਸਾਡੇ ਲਈ ਲਾਹੇਵੰਦ ਨਾ ਹੋਣ। ਕੋਈ ਜਮਾਤ ਵੀ ਉਹਨਾਂ ਕਾਨੂੰਨਾਂ, ਨੀਤੀਆਂ ਜਾਂ ਫੈਸਲਿਆਂ ਦੀ ਮੁਖਾਲਫ਼ਤ ਕਰਦੀ ਹੈ ਜੋ ਉਸ ਦੇ ਜਮਾਤੀ ਹਿਤ ਵਿਚ ਨਾ ਹੋਣ। ਦੂਜੇ ਪਾਸੇ ਅਸੀਂ ਨਿੱਜੀ ਜਾਂ ਜਮਾਤੀ ਤੌਰ ’ਤੇ ਉਹਨਾਂ ਨੀਤੀਆਂ, ਰਿਵਾਜ਼ਾਂ ਜਾਂ ਵਿਵਸਥਾਵਾਂ ਨੂੰ ਬਦਲਣ ਲਈ ਕੋਈ ਮੁਹਿੰਮ ਨਹੀਂ ਚਲਾਉਂਦੇ ਜੋ ਸਾਡੇ ਅਤੇ ਸਾਡੀ ਜਮਾਤ ਲਈ ਲਾਭਕਾਰੀ ਹੋਣ ਭਾਵੇਂ ਉਹ ਸਮੁੱਚੇ ਸਮਾਜ ਜਾਂ ਮਨੁੱਖ ਜਾਤੀ ਦੇ ਭਲੇ ’ਚ ਨਾ ਹੋਣ। ਮਿਸਾਲ ਦੇ ਤੌਰ ’ਤੇ ਛੋਟੀਆਂ ਸਮਝੀਆਂ ਜਾਂਦੀਆਂ ਅਤੇ ਪੀੜਤ ਜਾਤੀਆਂ ਦੇ ਲੋਕਾਂ ਵਲੋਂ ਜਾਤ-ਪਾਤ ਦੀ ਵਿਵਸਥਾ ਦਾ ਵਿਰੋਧ ਕਰਨਾ ਆਮ ਅਤੇ ਸਧਾਰਨ ਗੱਲ ਹੈ, ਪਰ ਕਿਸੇ ਉੱਚੀ ਸਮਝੀ ਜਾਂਦੀ ਜਾਤੀ ਦੇ ਵਿਅਕਤੀ ਵਲੋਂ ਜਾਤ-ਪਾਤ ਵਿਰੁੱਧ ਮੁਹਿੰਮ ਛੇੜਨਾ ਅਸਧਾਰਨ ਅਤੇ ਵੱਡੀ ਗੱਲ ਹੈ। ਅਜਿਹੀ ਵੱਡੀ ਗੱਲ ਕੀਤੀ ਭਗਤ ਰਾਮਾਨੰਦ ਜੀ ਨੇ। ਆਪ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਪਰ ਉਹਨਾਂ ਨੇ ਚਿੰਤਨ ਅਤੇ ਸਰਗਰਮੀ ਦੇ ਪੱਧਰ ’ਤੇ ਜਾਤ-ਪਾਤ ਵਿਰੁੱਧ ਵੱਡੀ ਮੁਹਿੰਮ ਚਲਾਈ। ਗੁਰੂ ਸਾਹਿਬਾਨ ਨੇ ਵੀ ਕੁਲੀਨ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਦਬੇ ਕੁਚਲੇ ਲੋਕਾਂ ਦੇ ਉੱਥਾਨ ਲਈ ਪ੍ਰਚਾਰ, ਸੰਘਰਸ਼ ਅਤੇ ਕੁਰਬਾਨੀ ਕੀਤੀ।

ਭਗਤ ਰਾਮਾਨੰਦ ਦਾ ਪਿਛੋਕੜ ਦੱਖਣੀ ਭਾਰਤ ਦਾ ਸੀ ਪਰ ਉਹਨਾਂ ਨੇ ਕਾਸ਼ੀ ਨੂੰ ਆਪਣੀ ਸਰਗਰਮੀ ਦਾ ਕੇਂਦਰ ਬਣਾਇਆ। ਇਸ ਤਰ੍ਹਾਂ ਉਹਨਾਂ ਦਾ ਸਬੰਧ ਅਤੇ ਪ੍ਰਭਾਵ ਉੱਤਰੀ ਅਤੇ ਦੱਖਣੀ ਭਾਰਤ ਦੇ ਦੋਵਾਂ ਖਿੱਤਿਆਂ ਨਾਲ ਮੰਨਿਆਂ ਜਾਂਦਾ ਹੈ। ਉਹਨਾਂ ਦੁਆਰਾ ਜਾਤ-ਪਾਤ ਖਿਲਾਫ਼ ਚਲਾਈ ਗਈ ਮੁਹਿੰਮ ਦੀ ਵਿਆਪਕਤਾ ਅਤੇ ਉਹਨਾਂ ਦੀ ਸ਼ਖ਼ਸੀਅਤ ਦੀ ਬੁਲੰਦੀ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਰਾਜਿਆਂ ਅਤੇ ਬ੍ਰਾਹਮਣਾਂ ਤੋਂ ਲੈ ਕੇ ਛੋਟੀ ਤੋਂ ਛੋਟੀ ਜਾਤੀ ਦੇ ਕਿਰਤੀਆਂ ਤੱਕ ਆਪ ਦੇ ਸਿੱਖ ਬਣੇ। ਸਾਡੇ ਵਾਂਗੂੰ ਗੁਰੂ ਦੀ ਗੱਲ ਇੱਕ ਕੰਨੋਂ ਪਾਉਣ ਅਤੇ ਦੂਜੇ ਕੰਨੋਂ ਕੱਢਣ ਵਾਲੇ ਸਿੱਖ ਨਹੀਂ ਬਣੇ ਸਗੋਂ ਉਹ ਆਪਣੇ ਗੁਰੂ ਦੇ ਸ਼ਬਦ ਨੂੰ ਸੁਣਨ, ਸਮਝਣ, ਮਨ ’ਚ ਵਸਾਉਣ ਅਤੇ ਉਸ ਸ਼ਬਦ ਨੂੰ ਕਮਾਉਣ ਵਾਲੇ ਸਿੱਖ ਸਨ। ਸਾਡੇ ਵਰਗੇ ਸਿੱਖਾਂ ਬਾਬਤ ਤਾਂ ਕਬੀਰ ਸਾਹਿਬ ਨੇ ਕਿਹਾ ਹੋਇਆ ਹੀ ਹੈ ਕਿ ਸੱਚਾ ਸਤਿਗੁਰ ਕੀ ਕਰ ਸਕਦਾ ਹੈ ਜੇ ਸਿੱਖਾਂ ਨੇ ਉਸ ਦੀ ਗੱਲ ਹੀ ਨਹੀਂ ਸੁਣਨੀ ਮੰਨਣੀ:

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*** *(1372, ਕਬੀਰ ਜੀ)*

ਅੱਜ ਕੱਲ੍ਹ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਹੋ ਰਹੇ ਅਖੰਡ ਪਾਠ ਅਤੇ ਕੀਰਤਨ ਸਮਾਗਮ ਨਿਰੀਆਂ

Original with;
Jaswant Singh Zafar
Digitized by;
Panjab Digital Library

ਬਾਂਸ ਵਿਚ ਫੂਕਾਂ ਹੀ ਤਾਂ ਵੱਜ ਰਹੀਆਂ ਹਨ। ਪਰ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ, ਸੈਣ ਜੀ ਅਤੇ ਧੰਨਾ ਜੀ ਭਗਤ ਰਾਮਾਨੰਦ ਦੇ ਉਹਨਾਂ ਮਹਾਨ ਸਿੱਖਾਂ ਵਿਚੋਂ ਸਨ ਜਿਹਨਾਂ 'ਚੋਂ ਬਹੁਤੇ ਮੱਧਕਾਲੀਨ ਭਾਰਤੀ ਸਾਹਿਤ ਅਤੇ ਚਿੰਤਨ ਦੇ ਅਮਰ ਸਿਤਾਰਿਆਂ ਵਜੋਂ ਪ੍ਰਕਾਸ਼ਮਾਨ ਹੋਏ। ਇਹ ਗੱਲ ਭਗਤ ਰਾਮਾਨੰਦ ਜੀ ਦੀ ਬਹੁਤ ਵੱਡੀ ਵਡਿਆਈ ਨੂੰ ਸਥਾਪਿਤ ਕਰਦੀ ਹੈ ਕਿ ਉਹਨਾਂ ਦੇ ਇਹਨਾਂ ਪੰਜ ਸਿੱਖਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਹੈ।

ਭਗਤ ਰਾਮਾਨੰਦ ਜੀ ਗੁਰੂ ਗਰੰਥ ਸਾਹਿਬ ਦੇ ਪੰਨਾ 1195 'ਤੇ ਇੱਕ ਸ਼ਬਦ ਦਰਜ ਹੈ। ਇਸ ਸ਼ਬਦ ਵਿਚ ਆਪ ਨੇ ਧਰਮ ਅੰਦਰਲੇ ਕਰਮਕਾਂਡ ਨੂੰ ਰੱਦਿਆ ਅਤੇ ਉਸ ਦੀ ਜਗ੍ਹਾ ਭਗਤੀ ਮਾਰਗ ਨੂੰ ਪ੍ਰਚਾਰਿਆ। ਪੂਜਾ ਆਰਤੀ ਨੂੰ ਛੱਡ ਨਾਮ ਸਿਮਰਨ ਦਾ ਸੰਦੇਸ਼ ਦਿਤਾ। ਉਹਨਾਂ ਦੇ ਸ਼ਰਧਾਲੂ ਪੰਜਾਂ ਹੀ ਬਾਣੀਕਾਰਾਂ ਨੇ ਆਰਤੀ ਦੇ ਹਵਾਲੇ ਨਾਲ ਰਚੇ ਆਪਣੇ ਸ਼ਬਦਾਂ ਰਾਹੀਂ ਆਪਣੇ ਗੁਰੂ ਦੇ ਸੰਦੇਸ਼ ਨੂੰ ਅੱਗੇ ਤੋਰਿਆ:

***ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥*** *(694, ਰਵਿਦਾਸ ਜੀ)*

***ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥*** *(695, ਸੈਣ ਜੀ)*

***ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥*** *(695, ਪੀਪਾ ਜੀ)*

***ਗੋਪਾਲ ਤੇਰਾ ਆਰਤਾ ॥***
***ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥*** *(695, ਧੰਨਾ ਜੀ)*

***ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥*** *(1350, ਕਬੀਰ ਜੀ)*

ਇਹਨਾਂ ਸਾਰਿਆਂ ਨੇ ਆਪਣੀ ਬਾਣੀ ਵਿਚ ਆਪਣੇ ਸਤਿਗੁਰ ਰਾਮਾਨੰਦ ਦੀ ਮਹਿਮਾ ਕੀਤੀ ਹੈ। ਭਗਤ ਸੈਣ ਜੀ ਆਖਦੇ ਹਨ ਕਿ ਪ੍ਰਭੂ ਭਗਤੀ ਦਾ ਗੁਰ ਉਹਨਾਂ ਨੇ ਰਾਮਾਨੰਦ ਜੀ ਤੋਂ ਸਿੱਖਿਆ ਹੈ ਜਿਸ ਨਾਲ ਉਹਨਾਂ ਨੂੰ ਪਰਮਾਤਮਾ ਦੀ ਸਰਬ ਵਿਆਪਕਤਾ ਦਾ ਬੋਧ ਹੋਇਆ ਹੈ:

***ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥*** *(695, ਸੈਣ ਜੀ)*

ਭਗਤ ਪੀਪਾ ਜੀ ਆਖਦੇ ਹਨ ਕਿ ਉਹਨਾਂ ਨੂੰ ਪਰਮ ਤੱਤ ਦੀ ਸੋਝੀ ਆਪਣੇ ਸਤਿਗੁਰ ਤੋਂ ਪ੍ਰਾਪਤ ਹੋਈ ਹੈ:

***ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥*** *(695, ਪੀਪਾ ਜੀ)*

ਭਗਤ ਧੰਨਾ ਜੀ ਆਪਣੇ ਗੁਰੂ ਨੂੰ ਸੰਤ ਆਖਦੇ ਹਨ ਜਿਸ ਦੇ ਮਿਲਾਪ ਨਾਲ ਉਹਨਾਂ ਨੇ ਪ੍ਰਮੇਸ਼ਰ ਨੂੰ ਪਾਇਆ ਹੈ:

***ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥*** *(487, ਧੰਨਾ ਜੀ)*

ਕਬੀਰ ਸਾਹਿਬ ਵੀ ਆਪਣੇ ਗੁਰੂ ਨੂੰ ਸੰਤ ਆਖਦੇ ਹੋਏ ਉਹਨਾਂ ਨੂੰ ਪ੍ਰਮੇਸ਼ਰ ਸਮਾਨ ਮੰਨਦੇ ਹਨ:

***ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥***
***ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋੁ ॥*** *(793, ਕਬੀਰ ਜੀ)*

ਰਵਿਦਾਸ ਜੀ ਨੇ ਵੀ ਆਪਣੇ ਗੁਰੂ ਨੂੰ ਸੰਤ ਕਿਹਾ ਹੈ ਅਤੇ ਉਹਨਾਂ ਦੇ ਸਤਿਕਾਰ ਵਿਚ ਪੂਰੇ ਸ਼ਬਦ ਦੀ ਰਚਨਾ ਕੀਤੀ ਹੈ। ਉਹਨਾਂ ਨੇ ਵੀ ਇਸ ਸ਼ਬਦ ਵਿਚ ਗੁਰੂ ਨੂੰ ਪ੍ਰਮੇਸ਼ਰ ਸਮਾਨ ਕਿਹਾ ਹੈ। ਸ਼ਬਦ ਦੇ ਆਰੰਭ ਅਤੇ ਅਖੀਰ ਦੀਆਂ ਸਤਰਾਂ ਇਸ ਤਰ੍ਹਾਂ ਹਨ:

***ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥***

Original with
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

***ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥***

..............................

..............................

***ਰਵਿਦਾਸੁ ਭਾਣੈ ਜੋ ਜਾਣੈ ਸੋ ਜਾਣੁ॥***
***ਸੰਤ ਅਨੰਤਹਿ ਅੰਤਰੁ ਨਾਹੀ॥*** *(486, ਰਵਿਦਾਸ ਜੀ)*

ਇਸ ਤਰ੍ਹਾਂ ਧੰਨਾ ਜੀ, ਕਬੀਰ ਜੀ ਅਤੇ ਰਵਿਦਾਸ ਜੀ ਨੇ ਸੰਤ ਸ਼ਬਦ ਆਪਣੇ ਗੁਰੂ ਲਈ ਵਰਤਿਆ ਹੈ। ਪਰ ਪੰਜਾਬ ਵਿਚ ਖਾਸ ਕਰ ਸਿੱਖੀ ਭੇਸ ਵਿਚ ਹਜ਼ਾਰਾਂ ਲੋਕ ਆਪਣੇ ਆਪ ਨੂੰ ਸੰਤ ਅਖਵਾਉਣ ਲੱਗੇ ਹਨ। ਇੰਜ ਕਰਕੇ ਉਹ ਆਪਣੇ ਰੱਬ ਬਰਾਬਰ ਹੋਣ ਦਾ ਪ੍ਰਮਾਣ ਪੱਤਰ ਆਪ ਹੀ ਜਾਰੀ ਕਰ ਲੈਂਦੇ ਹਨ। ਕਿਉਂਕਿ ਗੁਰਬਾਣੀ ਮੁਤਾਬਕ 'ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ', ਇਸ ਲਈ ਉਹਨਾਂ ਨੂੰ ਆਪਣੇ ਕਰਮਾਂ-ਕੁਕਰਮਾਂ ਬਾਰੇ ਹਰ ਤਰ੍ਹਾਂ ਦੀ ਆਲੋਚਨਾ ਤੋਂ ਪੱਕੀ ਛੋਟ ਮਿਲ ਜਾਂਦੀ ਹੈ। ਬਹੁਤਿਆਂ ਦੀ ਯੋਗਤਾ ਸਿਰਫ਼ ਗੋਲ ਪੱਗ, ਲੰਮਾ ਚੋਗਾ, ਸਿੱਧੀਆਂ ਧਾਰਨਾ ਦੀਆਂ ਇਕ ਦੋ ਤਰਜ਼ਾਂ ਲਈ ਵਾਜੇ ਦੀਆਂ ਸੁਰਾਂ ਦੀ ਤਰਤੀਬ ਨੂੰ ਰੱਟਾ, ਮਨਘੜਤ ਬਾਤਾਂ ਨੂੰ ਚਟਕਾਰੇ ਲਾ ਕੇ ਸੁਣਾਉਣ ਦਾ ਵੱਲ, ਨਾਲ ਦੋ ਕੁ ਢੋਲਕੀਆਂ ਵਾਲੇ ਅਤੇ ਚਾਰ ਪੰਜ ਬਾਹਾਂ ਉੱਚੀਆਂ ਕਰ-ਕਰ ਚਿਮਟੇ ਖੜਕਾਉਣ ਵਾਲੇ। ਮੌਜਾਂ ਹੀ ਮੌਜਾਂ। ਬੀਬੀਆਂ ਨੂੰ ਹੋਰ ਕਿਸੇ ਬਾਣੀ ਦੀ ਬਜਾਏ ਸੁਖਮਨੀ ਸਾਹਿਬ ਦਾ ਰਟਣ ਕਰਨ ਦੀ ਬਹੁਤ ਤਾਕੀਦ ਕਰਦੇ ਹਨ। ਕਿਉਂਕਿ ਕਬੀਰ ਜੀ ਅਤੇ ਰਵਿਦਾਸ ਜੀ ਵਲੋਂ ਕੀਤੀ ਕਈ ਸੰਤ (ਗੁਰੂ) ਦੀ ਸੋਭਾ ਵਡਿਆਈ ਨੂੰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਹੋਰ ਵਧੇਰੇ ਵਿਸਥਾਰ ਨਾਲ ਬਿਆਨਿਆਂ ਹੈ। ਇਸ ਨੂੰ ਪੜ੍ਹਨ ਨਾਲ ਲੋਕਾਈ ਅੰਦਰ ਇਹਨਾਂ ਸਵੈ-ਸਜੇ ਸੰਤਾਂ ਪ੍ਰਤੀ ਸ਼ਰਧਾ ਅਤੇ ਸ਼ਰਧਾਲੂਆਂ ਦੀ ਗਿਣਤੀ ਵਧਦੀ ਹੈ। ਦੀਵਾਨਾਂ 'ਚ ਭਾਰੀ ਗਿਣਤੀ 'ਚ ਸੰਗਤਾਂ ਜੁੜਦੀਆਂ ਹਨ, ਸਿੱਖੀ ਸੇਵਕੀ ਦਾ ਕੋਈ ਅੰਤ ਨਹੀਂ ਰਹਿੰਦਾ। ਅਜਿਹੇ ਸੰਤਾਂ ਦੀ ਸਿੱਖੀ ਸੇਵਕੀ ਦੇ ਵਾਧੇ ਸਬੰਧੀ ਕਬੀਰ ਜੀ ਨੇ ਖ਼ੂਬ ਕਿਹਾ ਹੈ:

**ਪੰਜਾਬ ਵਿਚ ਖਾਸ ਕਰ ਸਿੱਖੀ ਭੇਸ ਵਿਚ ਹਜ਼ਾਰਾਂ ਲੋਕ ਆਪਣੇ ਆਪ ਨੂੰ ਸੰਤ ਅਖਵਾਉਣ ਲੱਗੇ ਹਨ। ਇੰਜ ਕਰਕੇ ਉਹ ਆਪਣੇ ਰੱਬ ਬਰਾਬਰ ਹੋਣ ਦਾ ਪ੍ਰਮਾਣ ਪੱਤਰ ਆਪ ਹੀ ਜਾਰੀ ਕਰ ਲੈਂਦੇ ਹਨ। ਕਿਉਂਕਿ ਗੁਰਬਾਣੀ ਮੁਤਾਬਕ 'ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ', ਇਸ ਲਈ ਉਹਨਾਂ ਨੂੰ ਆਪਣੇ ਕਰਮਾਂ-ਕੁਕਰਮਾਂ ਬਾਰੇ ਹਰ ਤਰ੍ਹਾਂ ਦੀ ਆਲੋਚਨਾ ਤੋਂ ਪੱਕੀ ਛੋਟ ਮਿਲ ਜਾਂਦੀ ਹੈ।**

***ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥***
***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥*** *(1369, ਕਬੀਰ ਜੀ)*

ਕਹਿਣ ਤੋਂ ਭਾਵ ਏਨਾ ਹੈ ਕਿ ਗੁਰਬਾਣੀ ਵਿਚ ਸਤਿਗੁਰੂ ਜਾਂ ਸੰਤ ਤਾਂ ਰਾਮਾਨੰਦ ਜੀ ਜੈਸੀਆਂ ਪਵਿੱਤਰ ਜੋਤਾਂ ਨੂੰ ਕਿਹਾ ਗਿਆ ਹੈ ਜਿਹਨਾਂ ਦੀ ਛੋਹ ਨਾਲ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ, ਸੈਣ ਜੀ ਅਤੇ ਧੰਨਾ ਜੀ ਵਰਗੀਆਂ ਅਮਰ ਜੋਤਾਂ ਜਗੀਆਂ। ਮਹਿੰਗੀਆ ਕਾਰਾਂ, ਰਾਜਸੀ ਵਿਹਾਰਾਂ, ਦੌਲਤ ਦੇ ਅੰਬਾਰਾਂ, ਉੱਚੇ ਮਹਿਲ ਮਿਨਾਰਾਂ ਅਤੇ ਚੇਲਿਆਂ ਦੀਆਂ ਧਾੜਾਂ ਦੀ ਲਾਲਸਾ ਦਾ ਸੰਤਗਿਰੀ ਨਾਲ ਕੋਈ ਸਬੰਧ ਨਹੀਂ ਹੋ ਸਕਦਾ। ਜੇ ਕਿਸੇ ਨੂੰ ਸੰਤ (ਗੁਰੂ) ਅਖਵਾਉਣ ਦਾ ਬਹੁਤਾ ਚਾਅ ਹੋਵੇ ਤਾਂ ਏਨੀ ਕੁ ਸਵੈ ਪੜਚੋਲ ਜ਼ਰੂਰ ਕਰ ਲੈਣੀ ਚਾਹੀਦੀ ਹੈ ਕੀ ਉਹਨਾਂ ਦੀ ਸੋਹਬਤ ਵਿਚ ਕਬੀਰ ਜੀ, ਰਵਿਦਾਸ ਜੀ, ਪੀਪਾ ਜੀ ਆਦਿ ਜੈਸੀਆਂ ਸ਼ਖ਼ਸੀਅਤਾਂ ਘੜਨ ਦੀ ਸਮਰੱਥਾ ਹੈ? ਜਾਂ ਉਹਨਾਂ ਦੀ ਆਪਣੀ ਸ਼ਖ਼ਸੀਅਤ ਵਿਚ ਇਹਨਾਂ ਮਹਾਂ ਪੁਰਖਾਂ ਜੈਸੀ ਜੋਤ ਅਤੇ ਯੋਗਤਾ ਦਾ ਝਲਕਾਰਾ ਹੈ? ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਇਹ ਸਥਾਪਿਤ ਕਰ ਚੁੱਕੇ ਹਨ ਕਿ ਗੁਰੂ ਵਿਚ ਸਧਾਰਨ ਮਨੁੱਖ ਨੂੰ ਪਲਾਂ ਛਿਨਾਂ ਵਿਚ ਦੇਵਤਾ ਕਰਨ ਦੀ ਸਮਰੱਥਾ ਹੁੰਦੀ ਹੈ। ਹੱਡ ਮਾਸ ਦੇ ਬੰਦੇ ਨੂੰ ਪੂਰੀ ਸ੍ਰਿਸ਼ਟੀ ਦੀ ਮਾਲਕੀ ਦਾ ਅਹਿਸਾਸ ਕਰਾਉਣ ਦਾ ਗੁਰ ਹੁੰਦਾ ਹੈ:

*Original*
Jaswant Singh Zafar
*Digitized by;*
Panjab Digital Library




*Original with;*
Jaswant Singh Zafar
*Digitized by;*
Panjab Digital Library

***ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥***
***ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥*** *(873, ਨਾਮਦੇਵ ਜੀ)*

ਅਜਿਹੇ ਸੱਚੇ ਗੁਰੂ ਕੋਲ ਸਿੱਖ ਦੇ ਸਾਰੇ ਭਰਮਾਂ ਭੁਲੇਖਿਆਂ ਨੂੰ ਦੂਰ ਕਰਨ ਦੀ ਜੁਗਤ ਹੁੰਦੀ ਹੈ। ਗੁਰੂ ਦੀ ਇਸ ਸਮਰੱਥਾ ਕਾਰਨ ਰਾਮਾਨੰਦ ਜੀ ਗੁਰੂ ਪ੍ਰਤੀ ਬਲਿਹਾਰਤਾ ਪ੍ਰਗਟ ਕਰਦੇ ਹਨ:

***ਸਤਿਗੁਰ ਮੈ ਬਲਿਹਾਰੀ ਤੋਰ ॥***
***ਜਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥*** *(1195, ਰਾਮਾਨੰਦ ਜੀ)*

ਗੁਰੂ ਦੀ ਵੱਡੀ ਸਮਰੱਥਾ ਅਤੇ ਕਰਨੀ ਦੀ ਇਸ ਮਹਿਮਾ ਨੂੰ ਗੁਰੂ ਨਾਨਕ ਅਤੇ ਉਹਨਾਂ ਤੋਂ ਮਗਰਲੇ ਸਾਰੇ ਬਾਣੀਕਾਰਾਂ ਨੇ ਵੀ ਵਾਰ-ਵਾਰ ਗਾਇਆ ਹੈ। ਕੁਝ ਚੋਣਵੀਆਂ ਉਦਾਹਰਣਾਂ ਹਨ:

***ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥*** *(413, ਮ.1)*

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*** *(462, ਮ.1)*

***ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥*** *(490, ਮ.3)*

***ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ ॥*** *(560, ਮ.3)*

***ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥*** *(725, ਮ.4)*

***ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥*** *(1423, ਮ.4)*

***ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥*** *(191, ਮ.5)*

***ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ ॥*** *(396, ਮ.5)*

ਗੁਰੂ ਦੀ ਏਨੀ ਮਹਾਨਤਾ ਅਤੇ ਸਮਰੱਥਾ ਉਸ ਦੇ ਸਰੀਰ, ਪਹਿਰਾਵੇ, ਦਿਖਾਵੇ, ਸ਼ਾਨੋ-ਸ਼ੌਕਤ, ਕੌਤਕ ਜਾਂ ਕਰਾਮਾਤ ਕਾਰਨ ਨਹੀਂ ਸਗੋਂ ਗੁਰੂ ਦੇ ਸ਼ਬਦ ਕਾਰਨ ਹੈ। ਜਾਂ ਕਹਿ ਲਈਏ ਕਿ ਗੁਰੂ ਆਪਣੇ ਸ਼ਬਦ ਕਾਰਨ ਗੁਰੂ ਹੈ। ਗੁਰਮਤਿ ਅੰਦਰ ਗੁਰ ਕੇ ਸ਼ਬਦ ਦੀ ਮਹਿਮਾ ਨੂੰ ਸਥਾਪਿਤ ਕਰਨ ਵਿਚ ਭਗਤ ਰਾਮਾਨੰਦ ਜੀ ਦਾ ਮਹੱਤਵਪੂਰਨ ਯੋਗਦਾਨ ਹੈ:

***ਰਾਮਾਨੰਦ ਸੁਆਮੀ ਰਮਤ ਬ੍ਰਹਮ ॥***

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** *(1195, ਰਾਮਾਨੰਦ ਜੀ)*

***ਰਾਮਾਨੰਦ ਜੀ ਦੇ ਪਰਮ ਸਿੱਖ ਕਬੀਰ ਸਾਹਿਬ ਨੇ ਗੁਰ ਕੇ ਸ਼ਬਦ ਦੀ ਵਾਰ-ਵਾਰ ਮਹਿਮਾ ਕੀਤੀ:***

***ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥***

***ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥*** *(334, ਕਬੀਰ ਜੀ)*

***ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥***

***ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥*** *(335, ਕਬੀਰ ਜੀ)*

***ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥***

***ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥*** *(969, ਕਬੀਰ ਜੀ)*

Original with;
Jaswant Singh
Digitized by;
Panjab Digital Library

ਕਬੀਰ ਸਾਹਿਬ ਤੋਂ ਮਗਰੋਂ ਤਾਂ ਸਾਰੇ ਬਾਣੀਕਾਰਾਂ ਦੀ ਰਚਨਾ ਵਿਚ ਅਤੇ ਲਗਪਗ ਸਾਰੇ ਰਾਗਾਂ ਦੀ ਬਾਣੀ ਵਿਚ 'ਗੁਰ ਕੇ ਸ਼ਬਦ' ਦੀ ਸੋਭਾ ਦੀ ਗੂੰਜਾਰ ਪੈ ਗਈ ਜਾਂ ਕਹਿ ਲਈਏ ਕਿ 'ਗੁਰ ਕੇ ਸ਼ਬਦ' ਦੀ ਮਹਿਮਾਂ ਦੀ ਇਕ ਤਰ੍ਹਾਂ ਨਾਲ ਝੜੀ ਹੀ ਲੱਗ ਗਈ। ਇਸ ਦਾ ਵਿਸਥਾਰ ਅਸੀਂ ਨਾਮਦੇਵ ਜੀ ਨਾਲ ਸਬੰਧਤ ਅਧਿਆਏ ਵਿਚ ਦੇਖ ਚੁੱਕੇ ਹਾਂ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਵਿਚ 'ਗੁਰ ਸ਼ਬਦ' ਦੇ ਸੰਕਲਪ ਅਤੇ ਇਸ ਦੀ ਵਡਿਆਈ ਨੂੰ ਸਥਾਪਿਤ ਕਰਨ ਵਿਚ ਸੁਆਮੀ ਰਾਮਾਨੰਦ ਜੀ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਗੁਰਮਤਿ ਵਿਚਾਰਧਾਰਾ ਨੂੰ ਵੱਡਾ ਹੁਲਾਰਾ ਦੇਣ ਵਿਚ ਉਹਨਾਂ ਦਾ ਕਾਰਜ ਲਾਸਾਨੀ ਹੈ।

*Original with;*
Jaswant Singh Zafar
*Digitized by;*
Panjab Digital Library

॥ ਕਹਿ ਰਵਿਦਾਸ ਨਿਦਾਨਿ ਦਿਵਾਨੇ ॥



*Original with;*
Jaswant Singh Zafar
*Digitized by;*
Panjab Digital Library



ਸਿੱਖ ਲਹਿਰ ਸੁਤੰਤਰਤਾ, ਸਮਾਜਕ ਨਿਆਂ ਅਤੇ ਨਿਮਨ ਵਰਗ ਦੇ ਉੱਥਾਨ ਅਤੇ ਬਰਾਬਰੀ ਦੇ ਹੋਕੇ ਨਾਲ ਪੂਰੇ ਪੂਰਬੀ ਅਰਧ ਗੋਲੇ ’ਤੇ ਇਕ ਦਮ ਉਭਰੀ ਸੀ ਜੋ ਪੂਰੀ ਮਨੁੱਖਤਾ ਨੂੰ ਹਰ ਤਰ੍ਹਾਂ ਨਾਲ ਬੁਲੰਦੀਆਂ ’ਤੇ ਪਹੁੰਚਾਉਣ ਵਾਲੀ ਲੀਡਰਸ਼ਿਪ ਪ੍ਰਦਾਨ ਕਰਨ ਦੀਆਂ ਸੰਭਾਵਨਾਵਾਂ ਨਾਲ ਓਤਪੋਤ ਸੀ। ਇਸ ਨੇ ਸੰਸਾਰ ਭਰ ਦੇ ਦਲਿਤਾਂ, ਦਮਿਤਾਂ ਅਤੇ ਸ਼ੋਸ਼ਤ ਲੋਕਾਂ ਦਾ ਝੰਡਾ ਬਣਨਾ ਸੀ। ਕਮਜ਼ੋਰ ਬੰਦੇ, ਭਾਈਚਾਰੇ ਜਾਂ ਦੇਸ਼ ਨੂੰ ਡਰਾਉਣ ਵਾਲੇ ਹਰ ਜਾਬਰ ਅਤੇ ਸਾਮਰਾਜੀਏ ਲਈ ਖ਼ੌਫ ਬਣਨਾ ਸੀ। ਪਰ ਵਿਹਾਰਕ ਰੂਪ ਵਿਚ ਅਜਿਹਾ ਹੋ ਨਹੀਂ ਸਕਿਆ। ਇਸ ਲਈ ਹੁਣ ਦਿਖਾਵੇ ਦੀ ਸ਼ਾਨ ਦੀ ਬਜਾਏ ਅੰਦਰੋਂ ਮੁੱਕਦੀ ਜਾਂਦੀ ਸੱਤਿਆ ਵੱਲ ਧਿਆਨ ਦੇਣ ਦੀ ਲੋੜ ਪੈ ਗਈ ਹੈ। ਅੱਜ-ਕੱਲ੍ਹ ਅਸੀਂ ਸਿੱਖੀ ਦੀ ਹਸਤੀ ਦੀ ਅਜਿਹੀ ਚੰਗੇਰੀ ਅਤੇ ਸਰਬੋਤਮ ਪਛਾਣ ਸਥਾਪਿਤ ਕਰਨ ਦੀ ਬਜਾਏ ਕੇਵਲ ‘ਵੱਖਰੀ ਪਛਾਣ’ ਦਾ ਫ਼ਿਕਰ ਕਰਨ ਜੋਗੇ ਰਹਿ ਗਏ ਹਾਂ। ਚਿੰਤਨ ਗੋਚਰੀ ਗੱਲ ਇਹ ਹੈ ਕਿ ਅਸੀਂ ਕਿਧਰੇ ਕੇਸਾਂ ਅਤੇ ਪੱਗਾਂ ਦੇ ਦਿਖਾਵੇ ਨਾਲ ਹੀ ਗੁਜ਼ਰ ਬਸਰ ਅਤੇ ਸਬਰ ਕਰਨ ਜੋਗੇ ਨਾ ਰਹਿ ਜਾਈਏ। ਸੰਸਾਰ ਪੱਧਰ ’ਤੇ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਦੀ ਸ਼ਕਤੀਸ਼ਾਲੀ ਲਹਿਰ ਬਣਨ ਦੀ ਬਜਾਏ ਇਕ ਹਾਸੋਹੀਣਾ ਫਿਰਕਾ ਨਾ ਬਣ ਕੇ ਰਹਿ ਜਾਈਏ। ਅਸਲ ਵਿਚ ਅਸੀਂ ਆਪਣੀਆਂ ਵਿਚਾਰਧਾਰਕ ਜੜ੍ਹਾਂ ਜਾਂ ਸਰੋਤਾਂ ਨਾਲੋਂ ਨਿਖੇੜਾ ਕਰਕੇ ਆਪਣਾ ਬਹੁਤ ਨੁਕਸਾਨ ਕਰ ਲਿਆ ਹੈ, ਸਿੱਖੀ ਦੀ ਮੂਲ ਤਾਸੀਰ ਗੁਆਈ ਜਾ ਰਹੇ ਹਾਂ। ਇਸ ਸਥਿਤੀ ਨੂੰ ਉਲਟਾਉਣ ਦੀ ਲੋੜ ਹੈ। ਇਸ ਬਦਲਾਓ ਲਈ ਰਵਿਦਾਸ ਜੀ ਵਰਗੇ ਸਿਧਾਂਤਕਾਰਾਂ ਅਤੇ ਚਿੰਤਕਾਂ ਦੀ ਰਚਨਾ ਨੂੰ ਸਮੁੱਚੇ ਭਾਈਚਾਰੇ ਦੇ ਵਿਰਾਸਤੀ ਗੌਰਵ ਦੇ ਰੂਪ ਵਿਚ ਸਥਾਪਿਤ ਕਰਨ ਦੀ ਲੋੜ ਹੈ। ਆਓ, ਉਹਨਾਂ ਦੀ ਬਾਣੀ ਨੂੰ ਸਿੱਖੀ ਦੀਆਂ ਵਿਚਾਰਧਾਰਕ ਜੜ੍ਹਾਂ ਦੇ ਰੂਪ ਵਿਚ ਪਛਾਨਣ ਅਤੇ ਵਿਚਾਰਨ ਦਾ ਯਤਨ ਕਰੀਏ।

ਗੁਰੂ ਨਾਨਕ ਸਾਹਿਬ ਨੇ ਲੰਮੀਆਂ ਵਾਟਾਂ ਮਾਰ ਕੇ ਗੁਰਮਤਿ ਗਿਆਨ ਪ੍ਰਕਾਸ਼ ਦੇ ਸਰੋਤਾਂ ਦੀ ਪਛਾਣ ਕਰਕੇ ਵੱਖ-ਵੱਖ ਬਾਣੀਕਾਰਾਂ ਦੀ ਬਾਣੀ ਦੇ ਰੂਪ ਵਿਚ ਇਸ ਗਿਆਨ ਪ੍ਰਕਾਸ਼ ਨੂੰ ਕਰੜੀ ਮਿਹਨਤ ਨਾਲ ਇਕੱਠਾ ਕੀਤਾ। ਉਹਨਾਂ ਤੋਂ ਤਕਰੀਬਨ ਪੌਣੀ ਕੁ ਸਦੀ ਪਹਿਲਾਂ ਪੈਦਾ ਹੋਏ ਰਵਿਦਾਸ ਜੀ ਦੀ ਬਾਣੀ ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦਾ ਮਹੱਤਵਪੂਰਨ ਖ਼ਜਾਨਾ ਸੀ। ਇਸ ਬਾਣੀ ਨੂੰ ਗੁਰੂ ਨਾਨਕ ਨੇ ਬਹੁਤ ਆਦਰ ਨਾਲ ਸੰਭਾਲ ਕੇ ਹੋਰ ਬਾਣੀਕਾਰਾਂ ਅਤੇ ਆਪਣੀ ਬਾਣੀ ਸਹਿਤ ਪੋਥੀ ਸਾਹਿਬ ਦੇ ਰੂਪ ਵਿਚ ਆਪਣੇ ਉੱਤਰਾਧਿਕਾਰੀ ਭਾਈ ਲਹਿਣੇ ਨੂੰ ਗੁਰਿਆਈ ਦੇ ਰੂਪ ਵਿਚ ਸੌਂਪਿਆ। ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ

Original with;
Jaswant Singh Zafar
Digitized by;
Panjab Digital Library

ਦੁਆਰਾ ਲੱਭੀ ਅਤੇ ਖੋਜੀ ਗਈ ਇਸ ਬਾਣੀ ਨੂੰ 'ਸੱਚ' ਕਿਹਾ:

***ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥***
***ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥*** *(514, ਮ.3)*

ਇਸ ਤੋਂ ਬਾਅਦ ਹੋਰ ਬਾਣੀਕਾਰਾਂ ਦੀ ਰਚਨਾ ਸ਼ਾਮਿਲ ਹੋਣ ਨਾਲ ਇਸ ਪੋਥੀ ਸਾਹਿਬ ਨੇ ਗੁਰੂ ਅਰਜਨ ਦੇਵ ਤੱਕ ਪਹੁੰਚ ਕੇ ਆਦਿ ਗਰੰਥ ਸਾਹਿਬ ਦਾ ਰੂਪ ਧਾਰਨ ਕੀਤਾ। ਗੁਰੂ ਰਾਮਦਾਸ ਜੀ ਨੇ ਇਸ ਬਾਣੀ ਨੂੰ ਅੰਮ੍ਰਿਤ ਕਹਿ ਕੇ ਵਡਿਆਇਆ:

***ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ***
***ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥*** *(538, ਮ.4)*

ਜੇ ਅਸੀਂ ਗੁਰੂ ਗਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨੂੰ ਸੱਚੀ ਬਾਣੀ ਮੰਨਦੇ ਹਾਂ ਤਾਂ ਗੁਰੂ ਅਮਰਦਾਸ ਜੀ ਮੁਤਾਬਕ ਰਵਿਦਾਸ ਜੀ ਸਮੇਤ ਇਹ ਸਾਰੇ ਬਾਣੀਕਾਰ ਸਾਡੇ ਸਤਿਗੁਰੂ ਹਨ:

***ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥*** *(920, ਮ.3)*

ਜੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਹੈ ਤਾਂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪੈਦਾ ਹੋਏ ਰਵਿਦਾਸ ਜੀ ਦੀ ਬਾਣੀ ਤਾਂ ਸਾਡੀ ਆਦਿ ਗੁਰੂ ਹੈ। ਗੁਰੂ ਗਰੰਥ ਸਾਹਿਬ ਦੇ ਪੰਨਾ 1192 'ਤੇ ਗੁਰੂ ਅਰਜਨ ਸਾਹਿਬ ਦਾ ਬਸੰਤ ਰਾਗ ਵਿਚ ਸ਼ਬਦ ਹੈ ਜਿਸ ਵਿਚ ਉਹ ਗੁਰੂ ਨਾਨਕ ਦੇਵ ਜੀ ਨੂੰ ਬਾਲਮੀਕ ਜੀ ਅਤੇ ਧਰੂ ਭਗਤ ਤੋਂ ਚਲੀ ਆ ਰਹੀ ਭਗਤੀ ਪਰੰਪਰਾ ਦੀ ਕਹਾਣੀ ਦੇ ਪ੍ਰਵਾਹ ਦੀ ਲਗਾਤਾਰਤਾ ਵਜੋਂ ਦੇਖਦੇ ਅਤੇ ਧਿਆਉਂਦੇ ਹਨ। ਸ਼ਬਦ ਵਿਚ ਇਹਨਾਂ ਸਮੂਹ ਸੰਤਾਂ ਭਗਤਾਂ ਨੂੰ ਨਮੋ ਕੀਤਾ ਗਿਆ ਹੈ। ਸ਼ਬਦ ਇਸ ਤਰ੍ਹਾਂ ਸ਼ੁਰੂ ਕੀਤਾ ਗਿਆ ਹੈ:

***ਸੁਣਿ ਸਾਖੀ ਮਨ ਜਪਿ ਪਿਆਰ ॥***
***ਅਜਾਮਲੁ ਉਧਰਿਆ ਕਹਿ ਏਕ ਬਾਰ ॥***
***ਬਾਲਮੀਕੈ ਹੋਆ ਸਾਧਸੰਗੁ ॥***
***ਧ੍ਰੂ ਕਉ ਮਿਲਿਆ ਹਰਿ ਨਿਸੰਗ ॥*** *(1192, ਮ.5)*

**ਅਸੀਂ ਸਿੱਖੀ ਦੀ ਹਸਤੀ ਦੀ ਅਜਿਹੀ ਚੰਗੇਰੀ ਅਤੇ ਸਰਬੋਤਮ ਪਛਾਣ ਸਥਾਪਿਤ ਕਰਨ ਦੀ ਬਜਾਏ ਕੇਵਲ 'ਵੱਖਰੀ ਪਛਾਣ' ਦਾ ਫ਼ਿਕਰ ਕਰਨ ਜੋਗੇ ਰਹਿ ਗਏ ਹਾਂ। ਚਿੰਤਨ ਗੋਚਰੀ ਗੱਲ ਇਹ ਹੈ ਕਿ ਅਸੀਂ ਕਿਧਰੇ ਕੇਸਾਂ ਅਤੇ ਪੱਗਾਂ ਦੇ ਦਿਖਾਵੇ ਨਾਲ ਹੀ ਗੁਜ਼ਰ ਬਸਰ ਅਤੇ ਸਬਰ ਕਰਨ ਜੋਗੇ ਨਾ ਰਹਿ ਜਾਈਏ। ਸੰਸਾਰ ਪੱਧਰ ਤੇ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਦੀ ਸ਼ਕਤੀਸ਼ਾਲੀ ਲਹਿਰ ਬਣਨ ਦੀ ਬਜਾਏ ਇਕ ਹਾਸੋਹੀਣਾ ਫਿਰਕਾ ਨਾ ਬਣ ਕੇ ਰਹਿ ਜਾਈਏ।**

ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ:

***ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥***
***ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥*** *(1192, ਮ.5)*

ਜਿਸ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਕਤੀਸ਼ਾਲੀ ਲਹਿਰ ਵਿਚ ਤਬਦੀਲ ਕੀਤਾ, ਰਵਿਦਾਸ ਜੀ ਨੂੰ ਇਸ ਸ਼ਬਦ ਰਾਹੀਂ ਉਸ ਪਰੰਪਰਾ ਦਾ ਮਹੱਤਵਪੂਰਨ ਪੜਾਅ ਜਾਂ ਮੀਲ ਪੱਥਰ ਤਸਲੀਮ ਕੀਤਾ ਗਿਆ। ਗੁਰੂ ਗਰੰਥ ਸਾਹਿਬ ਦੇ ਪੰਨਾ 1207 'ਤੇ ਸਾਰੰਗ ਰਾਗ ਵਿਚ ਦਰਜ ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹਨ ਅਤੇ ਆਪਣੇ ਪ੍ਰੇਰਨਾ ਸਰੋਤ ਮੰਨਦੇ ਹਨ। ਇਸ ਤੋਂ ਵੀ ਵਧਕੇ, ਇਹਨਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਦੇ ਹਨ ਅਤੇ ਖ਼ੁਦ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਆਖਦੇ ਹਨ:

Original with;
Jaswant Singh Zafar
Digitized by;
Panjab Digital Library

***ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ॥***
***ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥***
***ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ॥***
***ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ॥*** *(1207, ਮ.5)*

ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਵੀ ਗੁਰੂ ਗਰੰਥ ਸਾਹਿਬ ਦੇ ਪੰਨਾ 835 'ਤੇ ਬਿਲਾਵਲ ਰਾਗ ਵਿਚ ਦਰਜ ਸ਼ਬਦ ਰਾਹੀਂ ਰਵਿਦਾਸ ਜੀ ਅਤੇ ਹੋਰ ਸੰਤਾਂ ਭਗਤਾਂ ਦੀ ਜ਼ਾਤ (ਸ਼ਖ਼ਸੀਅਤ) ਨੂੰ ਸਭ ਜਾਤਾਂ ਤੋਂ ਸ੍ਰੇਸ਼ਠ ਕਹਿ ਕੇ ਵਡਿਆਉਂਦੇ ਹਨ:

***ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ॥***
***ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ॥***

***ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥*** *(835, ਮ.4)*

ਭੱਟ ਕਲ ਜੀ ਨੇ ਆਪਣੇ ਸਵੱਈਆਂ ਵਿਚ ਇਹਨਾਂ ਆਦਿ ਬਾਣੀਕਾਰਾਂ ਜਾਂ ਆਦਿ ਗੁਰੂਆਂ ਵਿਚ ਰਵਿਦਾਸ ਜੀ ਦਾ ਉਚੇਚਾ ਜ਼ਿਕਰ ਕੀਤਾ ਹੈ:

***ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥***
***ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥*** *(1390, ਕਲ)*

ਇਸ ਤਰ੍ਹਾਂ ਹੋਰ ਬਾਣੀਕਾਰਾਂ ਦੀ ਰਚਨਾ ਵਿਚ ਰਵਿਦਾਸ ਜੀ ਦਾ ਆਦਰ ਭਰਿਆ ਜ਼ਿਕਰ ਉਹਨਾਂ ਦੀ ਗੁਰਮਤਿ ਅੰਦਰ ਵੱਡੀ ਵਡਿਆਈ ਨੂੰ ਸਥਾਪਿਤ ਕਰਦਾ ਹੈ। ਗੁਰੂ ਗਰੰਥ ਸਾਹਿਬ ਵਿਚ ਆਪ ਜੀ ਦੇ ਸ੍ਰੀਰਾਗੁ ਵਿਚ 1, ਗਉੜੀ ਵਿਚ 2, ਗਉੜੀ ਬੈਰਾਗਣਿ ਵਿਚ 2, ਗਉੜੀ ਪੂਰਬੀ ਵਿਚ 1, ਆਸਾ ਰਾਗ ਵਿਚ 6, ਗੂਜਰੀ ਵਿਚ 1, ਸੋਰਠਿ ਵਿਚ 7, ਧਨਾਸਰੀ ਵਿਚ 3, ਜੈਤਸਰੀ ਵਿਚ 1, ਸੂਹੀ ਵਿਚ 3, ਬਿਲਾਵਲੁ ਵਿਚ 2, ਗੋਂਡ ਵਿਚ 2, ਰਾਮਕਲੀ ਵਿਚ 1, ਮਾਰੂ ਵਿਚ 2, ਕੇਦਾਰਾ ਵਿਚ 1, ਭੈਰਉ ਵਿਚ 1, ਬਸੰਤੁ ਵਿਚ 1 ਅਤੇ ਮਲਾਰ ਰਾਗ ਵਿਚ 3 ਸ਼ਬਦ ਮੌਜੂਦ ਹਨ। ਇਸ ਤਰ੍ਹਾਂ 18 ਰਾਗਾਂ ਵਿਚ ਉਹਨਾਂ ਦੇ ਕੁਲ 40 ਸ਼ਬਦ ਹਨ। ਪਰੰਤੂ ਉਹਨਾਂ ਦੇ ਬੋਲਾਂ, ਵਿਚਾਰਾਂ ਅਤੇ ਉਹਨਾਂ ਪ੍ਰਤੀ ਆਦਰ ਦੇ ਭਾਵ ਦੀ ਗੂੰਜ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਥਾਂ ਫੈਲੀ ਹੋਈ ਮਿਲਦੀ ਹੈ। ਗੁਰੂ ਸਾਹਿਬਾਨ ਦੇ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਆਤਮਿਕ ਨੇੜਤਾ ਕਾਰਨ ਉਹਨਾਂ ਦੀ ਬਾਣੀ ਵਿਚ ਰਵਿਦਾਸ ਜੀ ਦੇ ਬੋਲ ਆਪ ਮੁਹਾਰੇ ਆਣ ਮਿਲਦੇ ਹਨ। ਮਿਸਾਲ ਦੇ ਤੌਰ ਤੇ:

**ਗੁਰੂ ਅਰਜਨ ਸਾਹਿਬ ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹਨ ਅਤੇ ਆਪਣੇ ਪ੍ਰੇਰਨਾ ਸਰੋਤ ਮੰਨਦੇ ਹਨ। ਇਸ ਤੋਂ ਵੀ ਵਧਕੇ, ਇਹਨਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਦੇ ਹਨ ਅਤੇ ਖ਼ੁਦ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਆਖਦੇ ਹਨ।**

ਰਵਿਦਾਸ ਜੀ: ***ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥*** *(659)*
ਗੁਰੂ ਨਾਨਕ: ***ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ॥*** *(412)*

ਰਵਿਦਾਸ ਜੀ: ***ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥*** *(973)*
ਗੁਰੂ ਅਰਜਨ: ***ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥*** *(379)*

ਗੁਰੂ ਨਾਨਕ ਦੇਵ ਜੀ ਤੋਂ ਮਗਰਲੇ ਬਾਣੀਕਾਰ ਗੁਰੂਆਂ ਨੇ ਨਾਨਕ-ਮਾਰਗ ਦੇ ਪਾਂਧੀ ਹੋਣ ਕਰਕੇ ਆਪਣੇ ਆਪ ਨੂੰ ਬਾਣੀ ਵਿਚ 'ਨਾਨਕ' ਹੀ ਲਿਖਿਆ। ਕਬੀਰ ਸਾਹਿਬ ਦੇ ਗੁਰੂ ਗਰੰਥ ਸਾਹਿਬ ਵਿਚ ਦਰਜ

Original with;
Jaswant Singh Zafar
Digitized by;
Panjab Digital Library

ਸਲੋਕਾਂ ਵਿਚ ਕਈ ਥਾਈਂ ਜੋ ਸਲੋਕ 'ਮਹਲਾ ਪੰਜਵਾਂ' ਲਿਖ ਕੇ ਆਉਂਦੇ ਹਨ ਉਹਨਾਂ ਵਿਚ ਗੁਰੂ ਅਰਜਨ ਸਾਹਿਬ ਨੇ ਆਪਣੇ ਨਾਂ ਲਈ ਨਾਨਕ ਦੀ ਬਜਾਏ 'ਕਬੀਰ' ਵਰਤਿਆ ਹੈ। ਇਸ ਗੱਲ ਨੂੰ ਭਗਤੀ ਲਹਿਰ ਦਾ ਵਿਚਾਰਧਾਰਕ ਪ੍ਰਵਾਹ ਜਾਂ ਲਗਾਤਾਰਤਾ ਕਹਿ ਸਕਦੇ ਹਾਂ। ਕਬੀਰ ਸਾਹਿਬ ਨੇ ਆਪਣੇ ਇਕ ਸਲੋਕ ਵਿਚ ਰਵਿਦਾਸ ਜੀ ਦੇ ਚਿੰਤਨ ਨੂੰ ਸਤਿ ਕਿਹਾ ਹੈ:

***ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥***
***ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥*** *(1377, ਕਬੀਰ ਜੀ)*

ਇਸ ਸਲੋਕ ਵਿਚ ਰਵੀਦਾਸ ਜੀ ਦਾ ਨਾਂ ਆਇਆ ਹੋਣ ਕਰਕੇ ਕਬੀਰ ਸਾਹਿਬ ਰਚਨਾਕਾਰ ਦੇ ਤੌਰ 'ਤੇ ਆਪਣਾ ਨਾਮ 'ਕਬੀਰ' ਨਹੀਂ ਵਰਤਦੇ। ਉਹ ਆਪਣੀ ਸ਼ਖ਼ਸੀਅਤ ਦੀ ਬੁਲੰਦੀ ਪਿੱਛੇ ਰਵਿਦਾਸ ਜੀ ਦੀ ਹੋਂਦ ਦੇ ਮਹੱਤਵ ਨੂੰ ਪਛਾਣਦੇ ਸਨ। ਜਾਂ ਕਹਿ ਸਕਦੇ ਹਾਂ ਕਿ ਕਬੀਰ ਜੀ ਰਵਿਦਾਸ ਜੀ ਦੇ ਬੋਲਾਂ ਨੂੰ 'ਸਤਿ' ਕਰਕੇ ਜਾਣਦੇ ਸਨ। ਇਸ ਕਰਕੇ ਅਸੀਂ ਦੇਖ ਸਕਦੇ ਹਾਂ ਕਿ ਉਹਨਾਂ ਦੀ ਬਾਣੀ ਵਿਚ ਰਵਿਦਾਸ ਜੀ ਦੇ ਬੋਲ ਕਿਵੇਂ ਘੁਲੇ ਮਿਲੇ ਪਏ ਹਨ, ਸੋਚ ਮੰਡਲਾਂ ਵਿਚ ਰਵਿਦਾਸ ਜੀ ਕਿਵੇਂ ਛਾਏ ਹੋਏ ਹਨ। ਕਈ ਵਾਰ ਤਾਂ ਉਹਨਾਂ ਵਿਚੋਂ ਰਵਿਦਾਸ ਜੀ ਹੂਬਹੂ ਬੋਲਦੇ ਹਨ:

ਰਵਿਦਾਸ ਜੀ: ***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*** *(657)*

ਕਬੀਰ ਜੀ: ***ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥*** *(339)*

ਇਸ ਤਰ੍ਹਾਂ ਕਬੀਰ ਜੀ ਆਪਣੇ ਗੁਰਭਾਈ ਰਵਿਦਾਸ ਜੀ ਪ੍ਰਤੀ ਜਿਥੇ ਸਤਿਕਾਰ ਪ੍ਰਗਟ ਕਰਦੇ ਹਨ ਉਥੇ ਉਹਨਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਵੀ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਕਈ ਥਾਈਂ ਅਸੀਂ ਰਵਿਦਾਸ ਜੀ ਦੀਆਂ ਰਮਜ਼ਾਂ ਦਾ ਖੁਲਾਸਾ ਵੀ ਦੇਖ ਸਕਦੇ ਹਾਂ:

ਰਵਿਦਾਸ ਜੀ: ***ਸੰਤ ਅਨੰਤਹਿ ਅੰਤਰੁ ਨਾਹੀ ॥*** *(486)*

ਕਬੀਰ ਜੀ: ***ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥*** *(1372)*

ਇਸ ਤੋਂ ਇਹ ਪੱਕਾ ਨਿਰਣਾ ਕਰਨਾ ਤਾਂ ਉਚਿਤ ਨਹੀਂ ਹੋਵੇਗਾ ਕਿ ਰਵਿਦਾਸ ਜੀ ਕਬੀਰ ਸਾਹਿਬ ਤੋਂ ਵਡੇਰੀ ਉਮਰ ਦੇ ਸਨ। ਉਹਨਾਂ ਦੀ ਜਨਮ ਮਿਤੀ ਜਾਂ ਸਾਲ ਸਬੰਧੀ ਕੋਈ ਪੱਕੀ ਸੂਚਨਾ ਨਹੀਂ ਹੈ। ਵੱਖ-ਵੱਖ ਥਾਈਂ ਚੌਦਵੀਂ ਸਦੀ ਦੇ ਦੂਸਰੇ ਅੱਧ ਤੋਂ ਪੰਦਰਵੀਂ ਸਦੀ ਦੇ ਆਰੰਭ ਤੱਕ ਦੇ ਅਲੱਗ-ਅਲੱਗ ਸਾਲ ਰਵਿਦਾਸ ਜੀ ਦੇ ਜਨਮ ਵਰ੍ਹੇ ਵਜੋਂ ਦਰਜ ਹਨ। ਇਹਨਾਂ ਮੁਤਾਬਕ ਉਹ ਭਗਤ ਨਾਮਦੇਵ ਜੀ ਨਾਲੋਂ ਲਗਪਗ ਸਦੀ-ਸਵਾ ਸਦੀ ਮਗਰੋਂ ਅਤੇ ਗੁਰੂ ਨਾਨਕ ਦੇਵ ਜੀ ਤੋਂ ਲਗਪਗ ਸਦੀਪੌਣੀ ਸਦੀ ਪਹਿਲਾਂ ਪੈਦਾ ਹੋਏ ਹਨ। ਕੁਝ ਵਰ੍ਹਿਆਂ ਦੇ ਫਰਕ ਨਾਲ ਉਹਨਾਂ ਦਾ ਜੀਵਨ ਕਾਲ ਕਬੀਰ ਜੀ ਦੇ ਜੀਵਨ ਕਾਲ ਨਾਲ ਮਿਲਦਾ ਜੁਲਦਾ ਹੈ। ਆਪਣੀ ਬਾਣੀ ਵਿਚ ਕਈ ਥਾਈਂ ਰਵਿਦਾਸ ਜੀ ਨੇ ਕਬੀਰ ਜੀ ਪ੍ਰਤੀ ਜੋ ਸਤਿਕਾਰ ਪ੍ਰਗਟ ਕੀਤਾ ਹੈ ਉਸ ਤੋਂ ਕਬੀਰ ਜੀ ਦੇ ਉਹਨਾਂ ਤੋਂ ਵਡੇਰੇ ਹੋਣ ਦਾ ਭੁਲੇਖਾ ਵੀ ਪੈਂਦਾ ਹੈ। ਕਬੀਰ ਜੀ ਦੀ ਬਾਣੀ ਵਿਚ ਖਾਸਾ ਕਰਾਰਾਪਨ ਹੈ ਅਤੇ ਰਵਿਦਾਸ ਜੀ ਦੀ ਬਾਣੀ ਵਿਚ ਮਿਠਾਸ ਅਤੇ ਹਲੀਮੀ ਵਧੇਰੇ ਹੈ। ਇਸ ਦੇ ਬਾਵਜੂਦ ਦੋਵਾਂ ਨੂੰ ਜਿੰਨਾਂ ਵਖਰਿਆਉਣ ਦੀ ਕੋਸ਼ਿਸ਼ ਕਰਦੇ ਹਾਂ ਇਹ ਓਨੇ ਹੀ ਵੱਧ ਉਹ ਇਕ ਦੂਸਰੇ ਦੇ ਅੰਦਰੋਂ ਮਿਲਦੇ ਹਨ।

ਗੁਰੂ ਸਹਿਬਾਨ ਦਾ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਸ਼ਰਧਾ ਉਹਨਾਂ ਨਾਲ ਜੁੜੀਆਂ ਹੋਈਆਂ ਅਖੌਤੀ ਕਰਾਮਾਤਾਂ ਦੀਆਂ ਕਹਾਣੀਆਂ ਕਾਰਨ ਨਹੀਂ ਸਗੋਂ ਉਹਨਾਂ ਦੀ ਪ੍ਰੇਮ, ਭਗਤੀ, ਸ਼ੁਭਚਿੰਤਨ ਅਤੇ ਵੈਰਾਗ ਨਾਲ ਭਰਪੂਰ ਸ਼ਖ਼ਸੀਅਤ ਕਾਰਨ ਹੈ, ਉਨ੍ਹਾਂ ਦੀ ਬਾਣੀ ਦੀ ਉੱਚਤਾ ਕਾਰਨ ਹੈ। ਸੰਖੇਪਤਾ ਇਸ ਬਾਣੀ ਦਾ ਉਘੜਵਾਂ ਗੁਣ ਹੈ। ਗੁਰੂ ਸਾਹਿਬਾਨ ਨੇ ਉਹਨਾਂ ਦੇ ਥੋੜ੍ਹੇ ਲਫਜ਼ਾਂ 'ਚੋਂ ਬਹੁਤਾ ਸੁਣਿਆਂ। ਇਸੇ ਕਰਕੇ ਉਹਨਾਂ ਨੇ ਕਈ ਥਾਈਂ ਆਪਣੀ ਬਾਣੀ ਰਾਹੀਂ ਰਵਿਦਾਸ ਜੀ ਦੁਆਰਾ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਖੁਲਾਸਾ ਕੀਤਾ ਹੈ।

Original with;
Jaswant Singh Zafar
Digitized by;
Panjab Digital Library



Original with;
Jaswant Singh Zafar
Digitized by;
Panjab Digital Library

ਉਹਨਾਂ ਦੀ ਬਾਣੀ ਨੂੰ ਬਖਾਨਿਆਂ ਅਤੇ ਵਿਸਥਾਰਿਆ ਹੈ। ਉਦਾਹਰਣ ਦੇ ਤੌਰ 'ਤੇ ਗੁਰੂ ਗਰੰਥ ਸਾਹਿਬ ਦੇ ਪੰਨਾ 794 ਉਤਲੇ ਸ਼ਬਦ ਵਿਚ ਰਵਿਦਾਸ ਜੀ ਨੇ ਮਨੁੱਖ ਦੇ ਅੰਤ ਸਮੇਂ ਦਾ ਥੋੜ੍ਹੇ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਪੰਨਾ 634 'ਤੇ ਦਰਜ ਸ਼ਬਦ ਰਾਹੀਂ ਰਵਿਦਾਸ ਜੀ ਦੇ ਇਸ ਸ਼ਬਦ ਦੀ ਸੰਖੇਪਤਾ ਨੂੰ ਖੋਲ੍ਹ ਕੇ ਵਿਸਥਾਰ ਨਾਲ ਸਮਝਾਇਆ ਹੈ। ਦੋਨਾਂ ਸ਼ਬਦਾਂ ਦੀਆਂ ਦੋ-ਦੋ ਸਤਰਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

ਰਵਿਦਾਸ ਜੀ: ***ਘਰ ਕੀ ਨਾਰਿ ਉਰਹਿ ਤਨ ਲਾਗੀ ॥***
***ਉਹ ਤਉ ਭੂਤੁ ਭੂਤੁ ਕਰਿ ਭਾਗੀ ॥***

ਗੁਰੂ ਤੇਗ ਬਹਾਦਰ: ***ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥***
***ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥***

ਇਸ ਤਰ੍ਹਾਂ ਅਸੀਂ ਗੁਰੂ ਗਰੰਥ ਸਾਹਿਬ ਵਿਚ ਰਵਿਦਾਸ ਜੀ ਦੇ ਬੋਲਾਂ, ਵਿਚਾਰਾਂ, ਸੰਕਲਪਾਂ ਅਤੇ ਸਰੋਕਾਰਾਂ ਦੇ ਬੀਜਾਂ, ਬੂਟਿਆਂ ਅਤੇ ਬਿਰਖਾਂ ਦੇ ਦਰਸ਼ਨ ਕਰ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਹਰੇਕ ਬਾਣੀ ਦੇ ਅੱਗੇ ਪਰਮਾਤਮਾ ਦੇ ਸੰਕਲਪ ਦਾ ਤੱਤ ਸਾਰ ਪੇਸ਼ ਕਰਨ ਵਾਲਾ ਜੋ ਪੂਰਾ ਜਾਂ ਸੰਖੇਪ ਮੂਲ ਮੰਤਰ ਦਰਜ ਕੀਤਾ ਗਿਆ ਹੈ ਉਸ ਮੂਲ ਮੰਤਰ ਦੇ ਅਨੇਕਾਂ ਬੀਜ ਰਵਿਦਾਸ ਜੀ ਦੀ ਬਾਣੀ ਵਿਚ ਸੌਖਿਆਂ ਹੀ ਦਿਸ ਸਕਦੇ ਹਨ:

*ਸੋਈ ਬਸਿ ਰਸਿ ਮਨ ਮਿਲੇ ਗੁਨ* ***ਨਿਰਗੁਨ ਏਕ*** *ਬਿਚਾਰ ॥ (346)*

***ਸਰਬੇ ਏਕੁ*** *ਅਨੇਕੈ ਸੁਆਮੀ ਸਭ ਘਟ ਭੋੁਗਵੈ* ***ਸੋਈ*** *॥ (657)*

*ਕਹਿ ਰਵਿਦਾਸ ਸਭੈ ਜਗੁ ਲੂਟਿਆ ॥*
*ਹਮ ਤਉ* ***ਏਕ ਰਾਮੁ*** *ਕਹਿ ਛੂਟਿਆ ॥ (794)*

***ਏਕੁ ਮੁਕੰਦੁ*** *ਕਰੈ ਉਪਕਾਰੁ ॥*
*ਹਮਰਾ ਕਹਾ ਕਰੈ ਸੰਸਾਰੁ ॥ (875)*

***ਏਕ ਹੀ ਏਕ*** *ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ॥ (1293)*

*ਕਹੈ ਰਵਿਦਾਸੁ ਨਾਮੁ ਤੇਰੋ ਆਰਤੀ* ***ਸਤਿ ਨਾਮੁ*** *ਹੈ ਹਰਿ ਭੋਗ ਤੁਹਾਰੇ ॥ (694)*

*ਮਨ ਕਾ ਸੁਭਾਉ ਸਭੁ ਕੋਈ ਕਰੈ ॥*
*ਕਰਤਾ ਹੋਇ ਸੁ* ***ਅਨਭੈ*** *ਰਹੈ ॥ (1167)*

*ਜਨ ਰਵਿਦਾਸ ਰਾਮ ਰੰਗਿ ਰਾਤਾ ॥*
*ਇਉ* ***ਗੁਰ ਪਰਸਾਦਿ*** *ਨਰਕ ਨਹੀ ਜਾਤਾ ॥ (487)*

*ਤਨੁ ਮਨੁ ਅਰਪਉ ਪੂਜ ਚਰਾਵਉ ॥*
***ਗੁਰ ਪਰਸਾਦਿ ਨਿਰੰਜਨੁ ਪਾਵਉ*** *॥ (525)*

ਇਸ ਤਰ੍ਹਾਂ ਰਵਿਦਾਸ ਜੀ ਆਪਣੇ ਵਿਚਾਰਾਂ ਅਤੇ ਚਿੰਤਨ ਰਾਹੀਂ ਸਿੱਖ ਧਰਮ ਦਾ ਵਿਚਾਰਧਾਰਕ ਆਧਾਰ ਤਿਆਰ ਕਰਨ ਵਿਚ ਅਹਿਮ ਹਿੱਸਾ ਪਾਉਂਦੇ ਹਨ। ਉਪਰੋਕਤ ਸ਼ਬਦਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਆਈ ਹੋਰ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣੀ। ਜਿਵੇਂ ਗੁਰੂ, ਸਤਿਗੁਰੂ, ਸੰਗਤ, ਸਾਧਸੰਗਤ, ਸੰਤ, ਸਿਮਰਨ, ਅੰਮ੍ਰਿਤ, ਪੰਥ ਆਦਿ:

*Original with;*
Jaswant Singh Zafar
*Digitized by;*
Panjab Digital Library

रविदास जी



*Original with;*
Jaswant Singh Zafar
*Digitized by;*
Panjab Digital Library

***ਪਰਮ ਪਰਸ* ਗੁਰੂ *ਭੇਟੀਐ ਪੂਰਬ ਲਿਖਤ ਲਿਲਾਟ ॥*** *(346)*

***ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ* ਗੁਰ *ਗਿਆਨ ॥*** *(486)*

*ਮਾਧਉ* ***ਸਤਸੰਗਤਿ*** *ਸਰਨਿ ਤੁਮ੍ਾਰੀ ॥*
*ਹਮ ਅਉਗਨ ਤੁਮ੍ ਉਪਕਾਰੀ ॥* *(486)*

***ਸਤਸੰਗਤਿ*** *ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥* *(486)*

*ਸੰਤ ਤੁਝੀ ਤਨੁ* ***ਸੰਗਤਿ*** *ਪ੍ਰਾਨ ॥*
***ਸਤਿਗੁਰ*** *ਗਿਆਨ ਜਾਨੈ ਸੰਤ ਦੇਵਾ ਦੇਵ ॥* *(486)*

*ਤੁਮ ਕਹੀਅਤ ਹੌ ਜਗਤ* ***ਗੁਰ*** *ਸੁਆਮੀ ॥*
*ਹਮ ਕਹੀਅਤ ਕਲਿਜੁਗ ਕੇ ਕਾਮੀ ॥* *(710)*

***ਸਾਧਸੰਗਤਿ*** *ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥* *(694)*

*ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥*
***ਸਾਧਸੰਗਤਿ*** *ਪਾਈ ਪਰਮ ਗਤੇ ॥* *(1293)*

*ਚਿਤ* ***ਸਿਮਰਨੁ*** *ਕਰਉ ਨੈਨ ਅਵਿਲੋਕਨੋ*
*ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥*
*ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ*
*ਧਰਉ ਰਸਨ* ***ਅੰਮ੍ਰਿਤ*** *ਰਾਮ ਨਾਮ ਭਾਖਉ ॥* *(694)*

*ਪੁਰ ਸਲਾਤ ਕਾ* ***ਪੰਥੁ*** *ਦੁਹੇਲਾ ॥*
*ਸੰਗਿ ਨ ਸਾਥੀ ਗਵਨੁ ਇਕੇਲਾ ॥* *(793)*

*ਜਨੂੰ ਸਿਰਾਨੋ* ***ਪੰਥੁ*** *ਨ ਸਵਾਰਾ ॥*
*ਸਾਂਝ ਪਰੀ ਦਹ ਦਿਸ ਅੰਧਿਆਰਾ ॥* *(793)*

ਰਵਿਦਾਸ ਜੀ ਦੀ ਰਚਨਾ ਵਿਚ ਉਹਨਾਂ ਦੀ ਕਿਰਤ ਅਤੇ ਕਾਰ-ਵਿਹਾਰ ਨਾਲ ਜੁੜੀ ਸ਼ਬਦਾਵਲੀ ਕਈ ਥਾਈਂ ਸਾਹਮਣੇ ਆਉਂਦੀ ਹੈ: ਜਿਵੇਂ ਢੋਰ, ਜੁੱਤੀ, ਰੰਬੀ, ਆਰ, ਧਾਗਾ, ਤੋਪਾ, ਗੰਢ ਆਦਿ। ਇਹ ਸ਼ਬਦਾਵਲੀ ਉਨ੍ਹਾਂ ਦੀ ਰਚਨਾ ਦੀ ਉਹਨਾਂ ਦੀ ਸ਼ਖ਼ਸੀਅਤ ਅਤੇ ਅਨੁਭਵ ਨਾਲ ਇਕਸੁਰਤਾ ਦੀ ਲਿਖਾਇਕ ਹੈ। ਅਧੁਨਿਕ ਸਮੇਂ ਵਿਚ ਪ੍ਰਗਤੀਵਾਦੀ ਅਖਵਾਉਣ ਵਾਲੇ ਲੋਕਾਂ ਨੇ ਕਿਰਤੀ ਨੂੰ ਕਿਰਤ ਦੇ ਗੌਰਵ ਅਤੇ ਆਨੰਦ ਤੋਂ ਵਿਛੁੰਨਣ ਦੀ ਬੜੀ ਸਰਗਰਮ ਅਤੇ ਅਸਰਦਾਰ ਭੂਮਿਕਾ ਨਿਭਾਈ ਹੈ। ਕਿਰਤ ਤੋਂ ਕਿਰਤੀ ਦਾ ਮੋਹ ਭੰਗ ਕਰਨ ਵਾਲੇ ਪਾਠ ਪੜ੍ਹਾਏ ਗਏ। ਪਰ ਰਵਿਦਾਸ ਜੀ ਕਿਰਤ ਦੇ ਗੌਰਵ ਅਤੇ ਆਨੰਦ ਦੇ ਨਾਲ-ਨਾਲ ਕਿਰਤੀ ਦੇ ਸਵੈ-ਸਨਮਾਨ ਨੂੰ ਉਜਾਗਰ ਕਰਦੇ ਹਨ, ਕਿਰਤ ਨਾਲ ਜੋੜੀ ਹੋਈ ਗਿਲਾਨੀ ਨੂੰ ਹੂੰਝਦੇ ਪੂੰਝਦੇ ਹਨ ਅਤੇ ਦੂਸਰਿਆਂ ਦੀ ਕਿਰਤ ਦੇ ਸਿਰ ’ਤੇ ਪਲਣ ਵਾਲੇ ਅਖੌਤੀ ਉੱਚ ਵਰਗ ਨੂੰ ਸ਼ਰਮਿੰਦਗੀ ਦਾ ਗੱਫਾ ਪਰੋਸਦੇ ਹਨ। ਸਿੱਖ ਵਿਚਾਰਧਾਰਾ ਦੀਆਂ ਨੀਹਾਂ ਵਿਚ ਪਈ ਰਵਿਦਾਸ ਜੀ ਵਰਗੇ ਕਿਰਤੀਆਂ ਦੀਆਂ ਸ਼ਖ਼ਸੀਅਤਾਂ ਦੀ ਸ਼ਕਤੀ ਅਤੇ ਵਿਚਾਰਾਂ ਦੀ ਰੌਸ਼ਨੀ ਸੰਯੁਕਤ ਹੋ ਕੇ ਸਿੱਖ ਧਰਮ ਦਾ ਬੁਨਿਆਦੀ ਅਸੂਲ ‘ਕਿਰਤ ਕਰਨਾ’ ਬਣਦੀ ਹੈ। ਰਵਿਦਾਸ ਜੀ ਨੇ ਲਗਪਗ ਹਰੇਕ ਸ਼ਬਦ ਦੇ ਅੰਤ ਵਿਚ ਆਪਣੇ ਨਾਂ ਦੇ ਨਾਲ ਆਪਣੀ ਨੀਵੀਂ ਸਮਝੀ ਜਾਂਦੀ ਜਾਤ ਦਾ ਨਾਂ ਦਰਜ ਕਰਕੇ ਜਨਮ ਆਧਾਰਤ ਊਚ-ਨੀਚ ਵਾਲੇ ਜਾਤੀ ਪ੍ਰਬੰਧ ਦੀ ਨਿਮਰਤਾ

*Original with:*
Jaswant Singh Zafar
*Digitized by;*
Panjab Digital Library

ਦੀ ਜੁਗਤ ਨਾਲ ਖਿੱਲੀ ਉਡਾਈ ਹੈ। ਉਹਨਾਂ ਦੇ ਜਾਤ-ਪਾਤ ਵਿਰੋਧੀ ਵਿਚਾਰਾਂ ਨੂੰ ਅਗਾਂਹ ਤੋਰਦੇ ਹੋਏ ਗੁਰੂ ਸਾਹਿਬਾਨ ਨੇ ਸਾਂਝੇ ਲੰਗਰਾਂ ਅਤੇ ਸਰੋਵਰਾਂ ਦੀ ਰਚਨਾ ਕਰਕੇ ਬਰਾਬਰੀ ਨੂੰ ਵਿਹਾਰਕ ਅਤੇ ਸਮਾਜਕ ਤੌਰ 'ਤੇ ਵਿਸਥਾਰ ਪ੍ਰਦਾਨ ਕਰਨ ਦਾ ਮਹਾਨ ਕਾਰਜ ਕੀਤਾ।

'ਕਿਰਤ ਕਰਨਾ' ਤੋਂ ਬਾਅਦ 'ਨਾਮ ਜਪਣਾ' ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਸਾਰੇ ਬਾਣੀਕਾਰਾਂ ਵਲੋਂ ਧਰਮ ਦੇ ਨਾਂ 'ਤੇ ਹੋਣ ਵਾਲੇ ਕਰਮ ਕਾਂਡਾਂ ਨੂੰ ਰੱਦਿਆ ਗਿਆ। ਇਹਨਾਂ ਦੀ ਬਜਾਏ ਪ੍ਰੇਮ ਭਗਤੀ ਜਾਂ 'ਨਾਮ ਜਪਨ' ਦੇ ਮਹੱਤਵ ਨੂੰ ਸਥਾਪਿਤ ਕੀਤਾ ਗਿਆ। ਇਹਨਾਂ ਕਰਮ ਕਾਂਡਾਂ ਵਿਚੋਂ ਮੂਰਤੀਆਂ ਅੱਗੇ ਦੀਵੇ ਬਾਲ ਕੇ ਕੀਤੀ ਜਾਂਦੀ ਆਰਤੀ ਸਭ ਤੋਂ ਆਕਰਸ਼ਕ ਕਰਮ ਕਾਂਡ ਸੀ। ਇਸ ਕਰਮ ਕਾਂਡ ਸਬੰਧੀ ਕਈ ਬਾਣੀਕਾਰਾਂ ਦੀਆਂ ਰਚਨਾਵਾਂ ਸਾਡੇ ਸਾਹਮਣੇ ਹਨ, ਜਿਹਨਾਂ ਵਿਚ ਇਸ ਰਸਮ ਪੂਰਤੀ ਦੀ ਬਜਾਏ ਸਮੁੱਚੀ ਸ੍ਰਿਸ਼ਟੀ ਦੇ ਕਰਤਾ ਦੀ ਬਲਿਹਾਰਤਾ ਨੂੰ ਧਿਆਉਣ ਦੀ ਗੱਲ ਕੀਤੀ ਗਈ। ਇਸ ਸਬੰਧੀ ਜੋ ਰਚਨਾ ਰਵਿਦਾਸ ਜੀ ਦੀ ਬਾਣੀ ਵਿਚ ਪ੍ਰਗਟ ਹੋਈ ਉਸ ਵਿਚ ਆਰਤੀ ਦੀ ਸਾਰੀ ਸਮੱਗਰੀ ਨੂੰ ਪਿਛਾਂਹ ਕਰਕੇ ਉਸ ਦੀ ਜਗ੍ਹਾ 'ਨਾਮੁ' ਨੂੰ ਵਡਿਆਇਆ ਗਿਆ ਹੈ:

**ਰਵਿਦਾਸ ਜੀ ਲਈ ਭਗਤੀ ਜਾਂ ਧਰਮ ਨਿੱਜੀ ਪ੍ਰਾਪਤੀ, ਖੁਸ਼ੀ ਜਾਂ ਮੁਕਤੀ ਲਈ ਨਹੀਂ, ਸਗੋਂ ਉਹ ਨਿਆਂ ਅਤੇ ਬਰਾਬਰੀ ਆਧਾਰਤ ਸਮਾਜ ਅਤੇ ਸੰਸਾਰ ਦਾ ਸੁਪਨਾ ਦੇਖਦੇ ਸਨ, ਜਿਥੇ ਹਰ ਕੋਈ ਖੁਸ਼ੀ, ਖੁਸ਼ਹਾਲੀ, ਸੁਤੰਤਰਤਾ ਅਤੇ ਮੁਹੱਬਤ ਭਰੇ ਜੀਵਨ ਦਾ ਭਾਗੀ ਬਣ ਸਕੇ। ਤਕੜੇ ਦੇ ਰੋਹਬ, ਜ਼ੁਲਮ ਅਤੇ ਸ਼ੋਸ਼ਣ ਦਾ ਕੋਈ ਸ਼ਿਕਾਰ ਨਾ ਹੋਵੇ।**

***ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥***
***ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥***
***ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥*** *(694)*

ਆਰਤੀ ਦੇ ਹਵਾਲੇ ਨਾਲ ਕਬੀਰ ਜੀ, ਸੈਨ ਜੀ, ਪੀਪਾ ਜੀ ਅਤੇ ਧੰਨਾ ਜੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਆਰਤੀ ਸਬੰਧੀ ਸ਼ਾਹਕਾਰ ਰਚਨਾ ਕੀਤੀ:

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥***
***ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥***
***ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥*** *(13, ਮ.1)*

ਰਵਿਦਾਸ ਜੀ ਲਈ ਭਗਤੀ ਜਾਂ ਧਰਮ ਨਿੱਜੀ ਪ੍ਰਾਪਤੀ, ਖੁਸ਼ੀ ਜਾਂ ਮੁਕਤੀ ਲਈ ਨਹੀਂ ਸਗੋਂ ਉਹ ਨਿਆਂ ਅਤੇ ਬਰਾਬਰੀ ਆਧਾਰਤ ਸਮਾਜ ਅਤੇ ਸੰਸਾਰ ਦਾ ਸੁਪਨਾ ਦੇਖਦੇ ਸਨ, ਜਿਥੇ ਹਰ ਕੋਈ ਖੁਸ਼ੀ, ਖੁਸ਼ਹਾਲੀ, ਸੁਤੰਤਰਤਾ ਅਤੇ ਮੁਹੱਬਤ ਭਰੇ ਜੀਵਨ ਦਾ ਭਾਗੀ ਬਣ ਸਕੇ। ਤਕੜੇ ਦੇ ਰੋਹਬ, ਜ਼ੁਲਮ ਅਤੇ ਸ਼ੋਸ਼ਣ ਦਾ ਕੋਈ ਸ਼ਿਕਾਰ ਨਾ ਹੋਵੇ:

***ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥***
***ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥***
***ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥***
***ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥***
***ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥***
***ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥***
***ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥*** *(345, ਰਵਿਦਾਸ ਜੀ)*

Original
Jaswant Singh Zafar
Digitized by;
Panjab Digital Library

ਇਹ ਸੁਪਨਾ ਗੁਰੂ ਸਾਹਿਬਾਨ ਦੁਆਰਾ ਖੜ੍ਹੀ ਕੀਤੀ ਗਈ ਸਿੱਖ ਲਹਿਰ ਦੇ ਏਜੰਡੇ ਦਾ ਕੇਂਦਰੀ ਨੁਕਤਾ ਬਣਿਆਂ। ਸਿੱਖੀ ਦੇ ਪ੍ਰਚਾਰ ਦਾ ਭਾਵ ਇਸ ਸੁਪਨੇ ਨੂੰ ਜਨ-ਜਨ ਦੇ ਖ਼ੂਨ ਵਿਚ ਉਤਾਰਨਾ ਸੀ ਅਤੇ ਖਾਲਸਾ ਪੰਥ ਦੀ ਸਾਜਨਾ ਇਸ ਸੁਪਨੇ ਦੀ ਪੂਰਤੀ ਲਈ ਇਨਕਲਾਬੀ ਪ੍ਰਤਿਬੱਧਤਾ ਦਾ ਐਲਾਨ-ਨਾਮਾ ਸੀ। ਜਿਸ ਰਵਿਦਾਸ ਜੀ ਪ੍ਰਤੀ ਗੁਰੂ ਸਾਹਿਬਾਨ ਅਥਾਹ ਸ਼ਰਧਾ, ਸਤਿਕਾਰ, ਸਮਰਪਣ ਅਤੇ ਪ੍ਰਤਿਬੱਧਤਾ ਦਾ ਭਾਵ ਪ੍ਰਗਟ ਕਰਦੇ ਹਨ ਉਹਨਾਂ ਪ੍ਰਤੀ ਗੁਰੂ ਗਰੰਥ ਸਾਹਿਬ ਅਤੇ ਗੁਰੂਆਂ ਦੇ ਸ਼ਰਧਾਲੂ ਅਖਵਾਉਣ ਵਾਲਿਆਂ ਦੇ ਮਨ ਵਿਚ ਕਿੰਨੀ ਵੱਡੀ ਸ਼ਰਧਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ। ਉਹਨਾਂ ਦਾ ਸਤਿਕਾਰ ਜੇ ਗੁਰੂ ਸਾਹਿਬਾਨ ਤੋਂ ਵੱਧ ਨਹੀਂ ਤਾਂ ਘੱਟ ਤਾਂ ਬਿਲਕੁਲ ਨਹੀਂ ਹੋਣਾ ਚਾਹੀਦਾ। ਪਰ ਅਫਸੋਸ ਇਸ ਗੱਲ ਦਾ ਹੈ ਕਿ ਅਸੀਂ ਜਦ ਗੁਰੂ ਗਰੰਥ ਸਾਹਿਬ ਵਿਚ ਇਹਨਾਂ ਦੀ ਬਾਣੀ ਦਾ ਜ਼ਿਕਰ ਕਰਦੇ ਹਾਂ ਤਾਂ ਵੀ ਸਾਡੀ ਭਾਵਨਾ ਉਹਨਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਵਾਲੀ ਨਹੀਂ ਸਗੋਂ ਹੋਰ ਹੀ ਤਰ੍ਹਾਂ ਦੀ ਹੁੰਦੀ ਹੈ। ਉਹਨਾਂ ਦੇ ਬਹਾਨੇ ਨਾਲ ਅਸੀਂ ਆਪਣੀ ਵਡਿਆਈ ਕਰ ਰਹੇ ਹੁੰਦੇ ਹਾਂ ਕਿ ਦੇਖੋ ਅਸੀਂ ਕਿੰਨੇ ਮਹਾਨ ਹਾਂ ਜਿਹਨਾਂ ਦੇ ਗੁਰੂਆਂ ਨੇ ਰਵਿਦਾਸ ਭਗਤ ਵਰਗੇ 'ਛੋਟਿਆਂ' ਨੂੰ ਆਪਣੇ ਬਰਾਬਰ ਥਾਂ ਦਿੱਤੀ? ਪਰ ਕੀ ਅਸੀਂ ਆਪਣੇ ਮਨਾਂ ਵਿਚ ਜਾਂ ਆਪਣੇ ਵਤੀਰੇ ਵਿਚ ਉਹਨਾਂ ਨੂੰ ਗੁਰੂਆਂ ਬਰਾਬਰ ਥਾਂ ਦਿੱਤੀ ਹੈ? ਗੁਰੂ ਸਾਹਿਬਾਨ ਤਾਂ ਆਪਣਾ ਤਨ, ਮਨ, ਧਨ ਉਹਨਾਂ ਦੇ ਚਰਨਾਂ ਵਿਚ ਸੌਂਪਣ ਦੀ ਗੱਲ ਕਰਦੇ ਹਨ। ਪਰ ਅਸੀਂ ਆਪਣੇ ਆਪ ਨੂੰ ਰਵਿਦਾਸ ਜੀ ਦੇ ਨਾ ਕਹਾਉਣ ਜਾਂ ਹੋਣ ਦੀ ਗੁੱਝੀ ਪਰ ਵੱਡੀ ਅਤੇ ਖਤਰਨਾਕ ਝਿਜਕ ਦੇ ਸ਼ਿਕਾਰ ਹਾਂ। ਕੀ ਅਸੀਂ ਉਹਨਾਂ ਦੀ ਜਾਤੀ ਦੇ ਲੋਕਾਂ ਨੂੰ ਆਪਣੇ ਬਰਾਬਰ ਦੀ ਮਾਨਸ ਕੀ ਜਾਤ ਸਵੀਕਾਰਦੇ ਹਾਂ? ਰਵਿਦਾਸ ਜੀ ਦਾ ਪੁਰਬ ਮਨਾਉਣ ਦੀ ਜ਼ਿੰਮੇਵਾਰੀ ਸਿਰਫ਼ ਉਹਨਾਂ ਦੀ ਜਾਤੀ ਦੇ ਲੋਕਾਂ ਦੀ ਹੀ ਕਿਉਂ ਸਮਝਦੇ ਹਾਂ? ਉਹਨਾਂ ਨੂੰ ਰਵਿਦਾਸ ਜੀ ਦੇ ਨਾਂ 'ਤੇ ਵੱਖਰੇ ਗੁਰਦੁਆਰੇ ਜਾਂ ਮੰਦਰ ਬਣਾਉਣ ਦੀ ਲੋੜ ਕਿਉਂ ਪੈ ਰਹੀ ਹੈ?

**ਪੰਚਮ ਪਾਤਸ਼ਾਹ ਨੇ ਆਦਿ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਆਰੰਭ ਵਿਚ ਗੁਰੂ ਲਿਖਣ ਦੀ ਬਜਾਏ ਇਹ ਬਾਣੀ ਸਧਾਰਨ ਸੂਚਨਾ ਵਾਂਗ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਰਵਿਦਾਸ ਜੀ ਦੇ ਸ਼ਬਦਾਂ ਅੱਗੇ ਬਾਣੀ 'ਰਵਿਦਾਸ ਜੀ ਕੀ' ਜਾਂ 'ਰਵਿਦਾਸ ਜੀਉ ਕੀ' ਲਿਖਿਆ ਹੈ, ਭਾਵ ਉਹਨਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ।**

ਅਸੀਂ ਸਿੱਖੀ 'ਤੇ ਕਾਬਜ਼ ਲੋਕ ਗੁਰੂਆਂ ਨੂੰ ਅੱਵਲ ਅਤੇ ਭਗਤਾਂ ਨੂੰ ਦੋਇਮ ਦਰਜੇ ਦੇ ਬਾਣੀਕਾਰ ਮੰਨਣ ਦੀ ਮਾਨਸਿਕ ਗੁੰਝਲ ਦੇ ਸ਼ਿਕਾਰ ਹਾਂ। ਸਾਡੇ ਵਲੋਂ ਦਿੱਤੀ ਜਾ ਰਹੀ ਅਜਿਹੀ ਮਾਨਤਾ ਦਾ ਸਿਗਨਲ ਜਦ ਉਹਨਾਂ ਦੀ ਜਾਤੀ ਦੇ ਰਵਿਦਾਸ ਨਾਮਲੇਵਾ ਲੋਕਾਂ ਨੂੰ ਮਿਲਦਾ ਹੈ ਤਾਂ ਉਹ ਰਵਿਦਾਸ ਜੀ ਨੂੰ ਉੱਚਾ ਕਰਨ ਦੀ ਕੋਸ਼ਿਸ਼ ਵਜੋਂ ਉਹਨਾਂ ਨੂੰ ਭਗਤ ਰਵਿਦਾਸ ਦੀ ਬਜਾਏ ਗੁਰੂ ਰਵਿਦਾਸ ਕਹਿਣਾ ਸ਼ੁਰੂ ਕਰਦੇ ਹਨ। ਇਸ ਨਾਲ ਸਾਨੂੰ ਹੋਰ ਤਕਲੀਫ਼ ਹੁੰਦੀ ਹੈ ਕਿ ਇਹ ਆਪਣੇ ਰਵਿਦਾਸ ਨੂੰ ਸਾਡੇ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਦੇ ਬਰਾਬਰ ਪੇਸ਼ ਕਰਨ ਦੀ ਹਮਾਕਤ ਕਿਉਂ ਕਰਦੇ ਹਨ। ਇਸ ਤਰ੍ਹਾਂ ਦੋਨੋਂ ਧਿਰਾਂ ਨਾ ਕੇਵਲ ਖ਼ੁਦ ਤਨਾਓ ਅਤੇ ਟਕਰਾਓ ਦਾ ਸ਼ਿਕਾਰ ਹੁੰਦੀਆਂ ਹਨ ਸਗੋਂ ਗੁਰਬਾਣੀ ਦੇ ਸਾਂਝੀਵਾਲਤਾ, ਬਰਾਬਰੀ ਅਤੇ ਇਕਸੁਰਤਾ ਦੇ ਭਾਵ ਦੇ ਉਲਟ ਬਾਣੀਕਾਰਾਂ ਨੂੰ ਹੀ ਇਕ ਦੂਸਰੇ ਵਿਰੁੱਧ ਤਨਾਓ ਅਤੇ ਟਕਰਾਓ ਦੀ ਸਥਿਤੀ ਵਿਚ ਲਿਆ ਖੜ੍ਹੇ ਕਰਦੀਆਂ ਹਨ। ਇਹ ਤਨਾਓ ਅਤੇ ਟਕਰਾਅ ਸਿੱਖ ਧਰਮ ਦੀ ਅੰਤਰੀਵ ਸੱਤਿਆ ਨੂੰ ਘਟਾ ਕੇ ਇਸ ਨੂੰ ਵਿਆਪਕ ਸਮਾਜਕ ਅਤੇ ਰਾਜਨੀਤਕ ਕਰਾਂਤੀ ਵਿਚ ਰੁਪਾਂਤ੍ਰਿਤ ਹੋਣ ਤੋਂ ਰੋਕਦੇ ਹਨ। ਸਮਝਣ ਅਤੇ ਮਨਾਂ ਵਿਚ ਵਸਾਉਣ ਵਾਲੀ ਗੱਲ ਇਹ ਹੈ ਪੰਚਮ ਪਾਤਸ਼ਾਹ ਨੇ ਆਦਿ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਆਰੰਭ ਵਿਚ ਗੁਰੂ ਲਿਖਣ ਦੀ ਬਜਾਏ ਇਹ ਬਾਣੀ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਰਵਿਦਾਸ ਜੀ ਦੇ ਸ਼ਬਦਾਂ ਅੱਗੇ ਬਾਣੀ 'ਰਵਿਦਾਸ ਜੀ ਕੀ' ਜਾਂ 'ਰਵਿਦਾਸ ਜੀਉ ਕੀ' ਲਿਖਿਆ ਹੈ, ਭਾਵ ਉਹਨਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ। ਗੁਰੂ ਸਾਹਿਬਾਨ ਨੇ ਹੋਰ

Original work:
Jaswant Singh Zafar
Digitized by;
Panjab Digital Library

ਪੂਰਬਲੇ ਬਾਣੀਕਾਰਾਂ ਦੇ ਨਾਲ-ਨਾਲ ਉਹਨਾਂ ਨੂੰ ਆਪਣੇ ਪੁਰਖੇ ਮੰਨਿਆਂ ਅਤੇ ਐਲਾਨਿਆਂ ਅਤੇ ਉਹਨਾਂ ਨੂੰ ਆਪਣੇ ਤੋਂ ਉੱਚਾ ਸਥਾਨ ਦਿੱਤਾ। ਇਸ ਲਈ ਸਮੂਹ ਬਾਣੀਕਾਰਾਂ ਪ੍ਰਤੀ ਹਰ ਵਰਗ ਦੇ ਸ਼ਰਧਾਲੂਆਂ ਦੇ ਰਵੱਈਏ ਨੂੰ ਦਰੁਸਤ ਕਰਨ ਦੀ ਦ੍ਰਿਸ਼ਟੀ ਨਾਲ ਇਹ ਜ਼ਰੂਰੀ ਹੈ ਕਿ ਆਪਣੀ ਜਾਤ ਕਾਰਨ ਰਵਿਦਾਸ ਜੀ 'ਤੇ ਆਪਣਾ ਅਧਿਕਾਰ ਸਮਝਣ ਵਾਲੇ ਸ਼ਰਧਾਲੂਆਂ ਨੂੰ ਦੂਸਰੀਆਂ ਜਾਤਾਂ ਦੇ ਬਾਣੀਕਾਰਾਂ ਭਾਵ ਨਾਮਦੇਵ ਜੀ, ਕਬੀਰ ਜੀ, ਸੈਣ ਜੀ, ਸਧਨਾ ਜੀ ਆਦਿ ਪ੍ਰਤੀ ਵੀ ਗੁਰੂ ਜਾਂ ਸਤਿਗੁਰੂ ਵਾਲਾ ਸਮਾਨ ਸਤਿਕਾਰ ਰੱਖਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਨੇ ਉੱਚੀ ਜਾਤ ਵਾਲਿਆਂ ਦੀ ਰੀਸ ਜਾਂ ਕੁਲੀਨਤਾ ਨੂੰ ਛੱਡ ਕੇ 'ਤਿਨ ਕੇ ਸੰਗ ਸਾਥ' ਨੂੰ ਚੁਣਿਆਂ। ਉਹਨਾਂ ਨੂੰ ਆਪਣੇ ਨਾਲ ਰਲਾਇਆ ਬੈਠਾਇਆ ਨਹੀਂ ਸਗੋਂ ਆਪ ਉਹਨਾਂ ਦੇ ਨਾਲ ਰਲੇ ਬੈਠੇ ਹਨ:

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥***
***ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*** *(15, ਮ.1)*

ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਵਾਲੇ ਸਿੱਖ ਗੁਰੂ ਸਹਿਬਾਨ ਦੇ ਨਿਕਟਵਰਤੀ ਅਤੇ ਵਿਸ਼ਵਾਸ ਪਾਤਰ ਹੁੰਦੇ ਸਨ। ਕਿਸੇ ਵੇਲੇ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਸ਼ਰਤ 'ਤੇ ਰਲਣ ਲਈ ਤਿਆਰ ਹੋ ਗਏ ਸਨ ਕਿ ਉਹਨਾਂ ਨੂੰ ਇਹਨਾਂ ਨੀਵੀਆਂ ਜਾਤਾਂ ਦੇ ਸਿੱਖਾਂ ਨਾਲੋਂ ਉਚੇਰਾ ਸਨਮਾਨ ਦਿੱਤਾ ਜਾਏ, ਪਰ ਗੁਰੂ ਸਾਹਿਬ ਨੇ ਅਜਿਹਾ ਮਨਜ਼ੂਰ ਨਹੀਂ ਸੀ ਕੀਤਾ। ਗੁਰੂਕਾਲ ਤੋਂ ਮਿਸਲਾਂ ਤੱਕ ਸਿੱਖ ਸਫ਼ਾਂ ਅੰਦਰ ਜਾਤ ਵਖਰੇਵਾਂ ਨਹੀਂ ਸੀ। ਗਰੀਬ ਸਿੱਖਾਂ ਦੇ ਰੂਪ ਵਿਚ ਕਿਰਤ ਅਤੇ ਗੁਣਾਂ ਦਾ ਬੋਲ ਬਾਲਾ ਸੀ। ਪਰ ਮਿਸਲਾਂ ਮਗਰੋਂ ਸਥਿਤੀ ਵਿਚ ਲਗਾਤਾਰ ਅਤੇ ਤੇਜ਼ੀ ਨਾਲ ਗਿਰਾਵਟ ਆਈ। ਗੁਰਦੁਆਰਿਆਂ 'ਤੇ ਕਾਬਜ਼ ਹੋਏ ਮਹੰਤਾਂ ਨੇ ਇਹਨਾਂ ਦਾ ਪੂਰੀ ਤਰ੍ਹਾਂ ਪੁਜਾਰੀਕਰਨ ਕਰ ਦਿੱਤਾ। ਗੁਰਦੁਆਰਿਆਂ ਵਿਚ ਵੀ ਜਾਤ ਵਿਤਕਰਾ ਮੰਦਰਾਂ ਵਾਂਗ ਆਮ ਹੋ ਗਿਆ ਸੀ। ਉਨੀਵੀਂ ਸਦੀ ਦੇ ਅਖੀਰ ਵਿਚ ਗਿਆਨੀ ਦਿੱਤ ਸਿੰਘ ਵਰਗੇ ਰਵਿਦਾਸੀਏ ਆਗੂਆਂ ਨੇ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਗੁਰਦੁਆਰਾ ਸੁਧਾਰ ਲਹਿਰ ਨੇ ਇਸ ਰੁਝਾਨ ਨੂੰ ਠੱਲ ਪਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

**ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਵਾਲੇ ਸਿੱਖ ਗੁਰੂ ਸਹਿਬਾਨ ਦੇ ਨਿਕਟਵਰਤੀ ਅਤੇ ਵਿਸ਼ਵਾਸ ਪਾਤਰ ਹੁੰਦੇ ਸਨ। ਕਿਸੇ ਵੇਲੇ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਸ਼ਰਤ ਤੇ ਰਲਣ ਲਈ ਤਿਆਰ ਹੋ ਗਏ ਸਨ ਕਿ ਉਹਨਾਂ ਨੂੰ ਇਹਨਾਂ ਨੀਵੀਆਂ ਜਾਤਾਂ ਦੇ ਸਿੱਖਾਂ ਨਾਲੋਂ ਉਚੇਰਾ ਸਨਮਾਨ ਦਿੱਤਾ ਜਾਏ, ਪਰ ਗੁਰੂ ਸਾਹਿਬ ਨੇ ਅਜਿਹਾ ਮਨਜ਼ੂਰ ਨਹੀਂ ਸੀ ਕੀਤਾ।**

ਗੁਰੂ ਨਾਨਕ ਸਾਹਿਬ ਦਾ ਉਦਾਸੀਆਂ ਤੋਂ ਮਗਰੋਂ ਕਰਤਾਰਪੁਰ ਵਿਖੇ ਖੇਤੀ ਕਰਨਾ ਨੀਵੇਂ ਸਮਝੇ ਜਾਂਦੇ ਕਿਰਤੀਆਂ ਅਤੇ ਕਿਰਤ ਦੇ ਗੌਰਵ ਨੂੰ ਉਭਾਰਨ ਦਾ ਕਾਰਜ ਸੀ। ਸਿੱਖੀ ਵਿਚ ਊਚ-ਨੀਚ ਦਾ ਭੇਦ ਨਾ ਹੋਣ ਕਰਕੇ ਹੀ ਪੰਜਾਬ ਦੇ ਜੱਟਾਂ ਨੇ ਸਿੱਖ ਬਣਨਾ ਸ਼ੁਰੂ ਕੀਤਾ ਸੀ, ਕਿਉਂਕਿ ਓਦੋਂ ਜੱਟਾਂ ਨੂੰ ਵੀ ਸ਼ੂਦਰ ਜਾਤ ਹੀ ਸਮਝਿਆ ਜਾਂਦਾ ਸੀ। ਇਹ ਮਿੱਟੀ ਨਾਲ ਮਿੱਟੀ ਤੇ ਪਸ਼ੂਆਂ ਨਾਲ ਪਸ਼ੂ ਹੋ ਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੀ ਜਾਤ ਸੀ। ਸਿੱਖੀ ਦੇ ਕਲੇਵਰ 'ਚ ਆਉਣ ਨਾਲ ਨਿਸਚਿਤ ਤੌਰ 'ਤੇ ਪੰਜਾਬ ਦੇ ਜੱਟਾਂ ਦਾ ਸਮਾਜਿਕ ਵੱਕਾਰ ਕਾਫੀ ਉੱਚਾ ਹੋਇਆ। ਵਰਤਮਾਨ ਸਮੇਂ ਵਿਚ ਸੱਤਾ ਦਾ ਫ਼ੈਸਲਾ ਵੋਟਾਂ ਦੀ ਗਿਣਤੀ ਦੇ ਹਿਸਾਬ ਨਾਲ ਹੁੰਦਾ ਹੈ। ਹੁਣ ਬਹੁਗਿਣਤੀ ਹੋਣ ਕਰਕੇ ਪੰਜਾਬ ਵਿਚ ਜੱਟਾਂ ਨੂੰ ਸੱਤਾਧਾਰੀ ਹੋਣ ਦਾ ਉਹ ਰੁਤਬਾ ਹਾਸਲ ਹੋ ਗਿਆ ਜੋ ਪ੍ਰਾਚੀਨ ਕਾਲ ਜਾਂ ਮੱਧਕਾਲ ਦੌਰਾਨ ਬ੍ਰਾਹਮਣਾਂ ਨੂੰ ਭਾਰਤ ਵਿਚ ਹਾਸਲ ਸੀ। ਹੁਣ ਪੰਜਾਬ ਦੇ ਪਿੰਡਾਂ ਵਿਚ ਬ੍ਰਾਹਮਣ ਪਰਿਵਾਰਾਂ ਦਾ ਸਮਾਜਕ ਰੁਤਬਾ ਬਿਲਕੁਲ ਹਾਸ਼ੀਏ 'ਤੇ ਜਾ ਚੁੱਕਾ ਹੈ। ਰਾਜ ਅਤੇ ਧਰਮ ਦੀਆਂ ਸੰਸਥਾਵਾਂ ਉਪਰ ਜੱਟਾਂ ਦਾ ਕੰਟਰੋਲ ਹੈ। ਇਹੀ ਕਾਰਨ ਹੈ ਕਿ ਹਰ ਤਰ੍ਹਾਂ ਦੀ ਕੁਰਹਿਤ ਅਤੇ ਬੱਜਰ ਕੁਰਹਿਤ ਦਾ ਧਾਰਨੀ ਹੋਣ ਦੇ ਬਾਵਜੂਦ ਜੱਟ ਦਾ ਪੁੱਤਰ ਜੱਟ-ਸਿੱਖ ਹੀ ਹੁੰਦਾ ਹੈ। ਸਾਰੇ ਰਾਜਸੀ ਫੈਸਲੇ

Original with;
Jaswant Singh Zafar
Digitized by;
Panjab Digital Library

ਜੱਟ ਵੋਟ ਨੂੰ ਕੇਂਦਰ ਵਿਚ ਰੱਖ ਕੇ ਕੀਤੇ ਜਾਂਦੇ ਹਨ। ਜੱਟ ਸੱਭਿਆਚਾਰ ਹੀ ਪੰਜਾਬੀ ਸੱਭਿਆਚਾਰ ਜਾਂ ਸਿੱਖ ਸੱਭਿਆਚਾਰ ਵਜੋਂ ਪੇਸ਼ ਹੋ ਰਿਹਾ ਹੈ।

ਪਹਿਲਾਂ ਪਛੜੀਆਂ ਸ਼੍ਰੇਣੀਆਂ ਦੇ ਕਿਰਤੀਆਂ ਨੂੰ ਨਾਲ ਲੈ ਕੇ ਖੇਤੀ ਕਰਦਾ ਜੱਟ ਦਸਾਂ ਨਹੁੰਆਂ ਦੀ ਕਿਰਤ ਕਰਦਾ ਸੀ। ਆਪਸ ਵਿਚ ਸਾਂਝ ਅਤੇ ਸੀਰ ਸੀ। ਫਿਰ ਪ੍ਰਵਾਸੀ ਮਜ਼ਦੂਰਾਂ ਤੋਂ ਖੇਤੀ ਕਰਵਾਉਣ ਲਈ ਇਕ ਉਂਗਲ ਨਾਲ ਨਿਰਦੇਸ਼ ਦੇਣ ਲੱਗ ਪਿਆ। ਨਵੇਂ ਆਰਥਿਕ ਸਮੀਕਰਣਾਂ ਦੇ ਤਹਿਤ ਅਜਿਹਾ ਕਰਨ ਦੀ ਇਸ ਇਕ ਉਂਗਲ ਵਿਚ ਸੱਤਿਆ ਨਾ ਰਹੀ ਤਾਂ ਜੱਟ ਖੁਦਕੁਸ਼ੀਆਂ ਕਰਨ ਲੱਗ ਪਿਆ। ਪੰਜਾਬ ਹਰਿਆਣਾ ਦੇ ਬਾਰਡਰ ਨਾਲ ਲੱਗਦੇ ਲਹਿਰਾਗਾਗਾ ਇਲਾਕੇ ਦੇ ਪਿੰਡਾਂ ਵਿਚ ਪਿਛਲੇ ਸਾਲਾਂ ਵਿਚ ਜੱਟਾਂ ਦੀਆਂ ਸੈਂਕੜੇ ਖੁਦਕੁਸ਼ੀਆਂ ਹੋਈਆਂ। ਸੰਨ 2006 ਵਿਚ ਅਸੀਂ 7-8 ਦੋਸਤਾਂ ਦਾ ਗਰੁੱਪ ਇਸ ਇਲਾਕੇ ਦੇ ਅਜਿਹੇ ਪਰਿਵਾਰਾਂ ਨੂੰ ਮਿਲੇ ਜਿਨਾਂ ਦੇ ਕਮਾਊ ਪੁਰਸ਼ ਮੈਂਬਰ ਖੁਦਕੁਸ਼ੀਆਂ ਕਰ ਚੁੱਕੇ ਸਨ। ਅਸੀਂ ਇਹਨਾਂ ਪਰਿਵਾਰਾਂ ਦੇ 16 ਸਾਲ ਤੋਂ ਉਪਰ ਉਮਰ ਦੇ ਨੌਜਵਾਨਾ ਨੂੰ ਸੱਦਾ ਦਿੱਤਾ ਕਿ ਉਹ ਸਾਡੇ ਕੋਲ ਲੁਧਿਆਣੇ ਆ ਜਾਣ, ਉਨ੍ਹਾਂ ਨੂੰ ਵੱਖ-ਵੱਖ ਫੈਕਟਰੀਆਂ ਵਿਚ ਰੁਜ਼ਗਾਰ ਦਾ ਪ੍ਰਬੰਧ ਕਰ ਕੇ ਦੇਵਾਂਗੇ ਅਤੇ ਸਭ ਦੇ ਰਹਿਣ ਅਤੇ ਖਾਣ-ਪੀਣ ਦਾ ਵੀ ਸਾਂਝੇ ਤੌਰ ਤੇ ਪ੍ਰਬੰਧ ਕਰ ਦਿਆਂਗੇ। ਪਰ ਇਕ ਵੀ ਨੌਜਵਾਨ ਨੇ ਸਾਡੇ ਇਸ ਸੱਦੇ ਨੂੰ ਪਰਵਾਨ ਨਹੀਂ ਕੀਤਾ। ਸ਼ਾਇਦ ਉਹਨਾਂ ਦੇ ਜੱਟ ਹੋਣ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ ਸੀ। ਅਜਿਹਾ ਜੱਟਪੁਣਾ ਵਰਤਮਾਨ ਆਰਥਿਕ ਹਾਲਤਾਂ ਦੇ ਮੱਦੇ ਨਜ਼ਰ ਬਿਲਕੁਲ ਵਾਰਾ ਨਹੀਂ ਖਾਂਦਾ। ਪਰ ਜੱਟ-ਕੇਂਦਰਤ ਵੋਟ-ਰਾਜਨੀਤੀ ਜੱਟਪੁਣੇ ਨੂੰ ਹਰ ਕੀਮਤ 'ਤੇ ਜਿਉਂਦਾ ਅਤੇ ਸੰਗਠਿਤ ਰੱਖਣ ਲਈ ਬਜ਼ਿੱਦ ਹੈ। ਧਰਤੀ ਹੇਠਲੇ ਪਾਣੀ ਨੂੰ ਮੁਕਾਉਣ ਲਈ ਮਹਿੰਗੇ ਭਾਅ ਬਣਾਈ ਅਤੇ ਖਰੀਦੀ ਜਾਂਦੀ ਬਿਜਲੀ ਟਿਊਬਵੈਲਾਂ ਲਈ ਮੁਫ਼ਤ ਦੇਣਾ, ਵਾਤਾਵਰਣ ਨੂੰ ਜ਼ਹਿਰੀਲਾ ਕਰਨ ਵਾਲੇ ਰਸਾਇਣਾਂ ਦੀ ਬੇਰੋਕ ਵਰਤੋਂ ਅਤੇ ਇਹਨਾਂ 'ਤੇ ਦਿੱਤੀਆਂ ਜਾਂਦੀਆਂ ਸਬਸਿਡੀਆਂ ਮੋਟੀਆਂ ਉਦਾਹਰਣਾਂ ਹਨ। ਪਰ ਇਸ ਤਰ੍ਹਾਂ ਕਰਨ ਨਾਲ ਵੀ ਜੱਟ ਨਾ ਤਾਂ ਆਪ ਬਚ ਰਿਹਾ ਹੈ ਸਗੋਂ ਪੂਰੇ ਸਮਾਜਿਕ ਆਰਥਿਕ ਪ੍ਰਬੰਧ 'ਤੇ ਵੀ ਪ੍ਰਤੀਕੂਲ ਅਸਰ ਪੈ ਰਿਹਾ ਹੈ। ਬਾਹਰਲੇ ਮੁਲਕਾਂ ਵਿਚ ਜਾ ਕੇ ਪੰਜਾਬ ਦਾ ਜੱਟ ਕਿਰਤ ਦੀ ਦ੍ਰਿਸ਼ਟੀ ਤੋਂ ਰਾਮਗੜ੍ਹੀਆ, ਰਵਿਦਾਸੀਆ, ਬਾਲਮੀਕੀਆ ਆਦਿ ਬਣ ਕੇ ਆਪਣੀ ਖੁਸ਼ਹਾਲੀ ਅਤੇ ਸਵੈ-ਸਨਮਾਨ ਦੇ ਨਵੇਂ ਦੁਆਰ ਖੋਲ੍ਹ ਰਿਹਾ ਹੈ। ਉਧਰ ਕਿਰਤ ਦਾ ਸਬੰਧ ਜਾਤ-ਪਾਤ ਜਾਂ ਊਚ-ਨੀਚ ਨਾਲ ਨਹੀਂ ਸਗੋਂ ਕਮਾਈ ਅਤੇ ਸਵੈਮਾਨ ਨਾਲ ਹੈ। ਸਮੁੱਚੇ ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਵਿਕਾਸ ਲਈ ਪੰਜਾਬ ਵਿਚ ਜੱਟਾਂ ਨੂੰ ਜੱਟਪੁਣਾ ਤਿਆਗ ਕੇ ਰਵਿਦਾਸ, ਕਬੀਰ, ਨਾਮਦੇਵ, ਸਦਨਾ, ਸੈਣ, ਬਾਲਮੀਕ ਆਦਿ ਵਾਲੀਆਂ ਕਿਰਤਾਂ ਅਤੇ ਦਸਤਕਾਰੀਆਂ ਵਿਚ ਅਧੁਨਿਕ ਮੁਹਾਰਤ ਹਾਸਲ ਕਰਨੀ ਪਏਗੀ। ਸਰਕਾਰਾਂ ਨੂੰ ਸੱਨਅਤੀਕਰਨ ਅਤੇ ਸ਼ਹਿਰੀ ਵਿਕਾਸ ਵੱਲ ਵਧੇਰੇ ਧਿਆਨ ਦੇਣਾ ਪਵੇਗਾ। ਪਰ ਇਹ ਪ੍ਰਾਜੈਕਟ ਤਾਂ ਹੀ ਸਫਲ ਹੋ ਸਕੇਗਾ ਜੇਕਰ ਅਸੀਂ ਰਵਿਦਾਸ, ਬਾਲਮੀਕ, ਕਬੀਰ, ਨਾਮਦੇਵ, ਸੈਨ ਜੀ ਆਦਿਕ ਨੂੰ ਆਪਣੇ ਮਨਾਂ ਅਤੇ ਵਤੀਰੇ ਵਿਚ ਉਹ ਸਥਾਨ ਦੇਵਾਂਗੇ ਜੋ ਸਥਾਨ ਗੁਰੂ ਸਾਹਿਬਾਨ ਨੇ ਉਹਨਾਂ ਨੂੰ ਆਪਣੇ ਹਿਰਦਿਆਂ, ਸੰਸਥਾਵਾਂ, ਨਿਸਚਿਆਂ ਅਤੇ ਵਿਹਾਰ ਵਿਚ ਦਿੱਤਾ ਸੀ। ਸਮੂਹ ਸਿੱਖਾਂ ਨੂੰ ਉਹਨਾਂ ਦੇ ਪੈਰੋਕਾਰ ਹੋਣ ਦੇ ਗੌਰਵ ਦੇ ਧਾਰਨੀ ਹੋਣਾ ਪਏਗਾ। ਜਾਤ ਨਾਲ ਜੁੜੀ ਹੋਛੀ ਹਊਮੈ ਨੂੰ ਤਿਆਗਣਾ ਪਏਗਾ, ਜਿਵੇਂ ਕਿ ਗੁਰੂ ਅਮਰਦਾਸ ਜੀ ਦਾ ਬਚਨ ਹੈ:

**ਸਿੱਖੀ ਵਿਚ ਊਚ-ਨੀਚ ਦਾ ਭੇਦ ਨਾ ਹੋਣ ਕਰਕੇ ਹੀ ਪੰਜਾਬ ਦੇ ਜੱਟਾਂ ਨੇ ਸਿੱਖ ਬਣਨਾ ਸ਼ੁਰੂ ਕੀਤਾ ਸੀ, ਕਿਉਂਕਿ ਓਦੋਂ ਜੱਟਾਂ ਨੂੰ ਵੀ ਸ਼ੂਦਰ ਜਾਤ ਹੀ ਸਮਝਿਆ ਜਾਂਦਾ ਸੀ। ਇਹ ਮਿੱਟੀ ਨਾਲ ਮਿੱਟੀ ਤੇ ਪਸ਼ੂਆਂ ਨਾਲ ਪਸ਼ੂ ਹੋ ਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੀ ਜਾਤ ਸੀ। ਸਿੱਖੀ ਦੇ ਕਲੇਵਰ 'ਚ ਆਉਣ ਨਾਲ ਨਿਸਚਿਤ ਤੌਰ ਤੇ ਪੰਜਾਬ ਦੇ ਜੱਟਾਂ ਦਾ ਸਮਾਜਿਕ ਵੱਕਾਰ ਕਾਫੀ ਉੱਚਾ ਹੋਇਆ।**

*Original with;*
Jaswant Singh Zafar
*Digitized by;*
Panjab Digital Library

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥
ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥
ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥ (1127, ਮ.3)




*Original with;*
Jaswant Singh Zafar
*Digitized by;*
Panjab Digital Library

॥ ਕਹੁ ਕਬੀਰ ਜਨ ਭਏ ਖਾਲਸੇ ॥



*Original with;*
Jaswant Singh Zafar
*Digitized by;*
Panjab Digital Library



ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਦੌਰਾਨ ਪੰਜਾਬ ਤੋਂ ਚਾਰੇ ਦਿਸ਼ਾਵਾਂ ’ਚ ਪੈਦਲ ਘੁੰਮ ਕੇ ਗੁਰਮਤਿ ਗਿਆਨ ਦੇ ਸੋਮਿਆਂ ਦੀ ਪਛਾਣ ਕੀਤੀ ਅਤੇ ਵੱਖ-ਵੱਖ ਭਗਤਾਂ ਦੀ ਬਾਣੀ ਦੇ ਰੂਪ ਵਿਚ ਇਸ ਗਿਆਨ ਨੂੰ ਖੁਦ ਇਕੱਠਾ ਕਰ ਕੇ ਸੰਭਾਲਿਆ। ਇਹਨਾਂ ਸੋਮਿਆਂ ’ਚੋਂ ਗੁਰੂ ਨਾਨਕ ਸਾਹਿਬ ਤੋਂ ਪੌਣੀ ਸਦੀ ਪਹਿਲਾਂ ਪੈਦਾ ਹੋਏ ਭਗਤ ਕਬੀਰ ਜੀ ਦਾ ਨਾਂ ਸਭ ਤੋਂ ਅਹਿਮ ਹੈ। ਗੁਰੂ ਨਾਨਕ ਤੋਂ ਪੂਰਬਲੇ ਬਾਣੀਕਾਰਾਂ ਵਿਚੋਂ ਉਹਨਾਂ ਦੀ ਬਾਣੀ ਸਭ ਤੋਂ ਵੱਧ ਮਾਤਰਾ ਵਿਚ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗਰੰਥ ਸਾਹਿਬ ਵਿਚ ਉਹਨਾਂ ਦੀ ਬਾਣੀ 17 ਰਾਗਾਂ ਵਿਚ 227 ਪਦਿਆਂ ਅਤੇ 237 ਸਲੋਕਾਂ ਦੇ ਰੂਪ ਵਿਚ ਮੌਜੂਦ ਹੈ।

ਕਬੀਰ ਸਾਹਿਬ ਕਿਰਤੀ ਸ਼੍ਰੇਣੀ ਨਾਲ ਸਬੰਧਤ ਸਨ ਪਰ ਰਾਜ-ਸੱਤਾ ਵਾਂਗ ਦੋਨਾਂ ਸਥਾਪਿਤ ਧਰਮਾਂ ਦੇ ਸੰਸਥਾਨਾਂ ਉੱਤੇ ਵੀ ਉੱਚ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਦਾ ਹੀ ਕਬਜ਼ਾ ਸੀ। ਕਬੀਰ ਜੀ ਨੇ ਸਥਾਪਿਤ ਧਰਮਾਂ ਦੇ ਪਾਖੰਡਾਂ ਅਤੇ ਝਮੇਲਿਆਂ ਨੂੰ ਰੱਦ ਕਰਦਿਆਂ ਇਨ੍ਹਾਂ ਦੀ ਇਜ਼ਾਰੇਦਾਰੀ ਨੂੰ ਚੁਣੌਤੀ ਦਿੱਤੀ ਅਤੇ ਇਹਨਾਂ ਦੇ ਗਲਬੇ ਤੋਂ ਸੁਤੰਤਰ ਮਨੁੱਖ ਦੀ ਹਸਤੀ ਦਾ ਜੋ ਮਾਡਲ ਨਾਮਦੇਵ ਜੀ ਨੇ ਪੇਸ਼ ਕੀਤਾ ਸੀ ਉਸ ਦੀ ਬੜੇ ਜ਼ੋਰਦਾਰ ਤਰੀਕੇ ਨਾਲ ਪ੍ਰੋੜ੍ਹਤਾ ਕੀਤੀ:

***ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥*** *(477)*

***ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥*** *(654)*

***ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥***
***ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥*** *(1349)*

ਮਜ਼ਹਬੀ ਵਲਗਣਾਂ ਤੋਂ ਸੁਤੰਤਰ ਅਜਿਹੇ ਮਨੁੱਖ ਨੂੰ ਕਬੀਰ ਸਾਹਿਬ ਨੇ ਗੁਰਮੁਖ ਦਾ ਨਾਮ ਦਿੱਤਾ ਸੀ। ਗੁਰੂ ਨਾਨਕ ਸਾਹਿਬ ਨੇ ਅਜਿਹੇ ਗੁਰਮੁਖ ਦੇ ਗੁਣਾਂ ਅਤੇ ਲੱਛਣਾਂ ਦੀ ਆਪਣੀ ਸਿਧ ਗੋਸਟਿ ਬਾਣੀ ਵਿਚ ਬੜੇ ਵਿਸਥਾਰ ਨਾਲ ਚਰਚਾ ਕੀਤੀ ਹੈ। ਕਬੀਰ ਬਾਣੀ ਵਿਚ ਚਾਰ ਵਾਰ ਗੁਰਮੁਖ ਦਾ ਜ਼ਿਕਰ ਆਇਆ ਹੈ:

*Original with;*
Jaswant Singh Zafar
*Digitized by;*
Panjab Digital Library

***ਜਾ ਕਉ ਗੁਰਮੁਖਿ ਆਪਿ ਬੁਝਾਈ॥***
***ਤਾ ਕੇ ਹਿਰਦੈ ਰਹਿਆ ਸਮਾਈ॥*** *(655)*

***ਕਹੈ ਕਬੀਰੁ ਏਕੈ ਕਰਿ ਕਰਨਾ॥***
***ਗੁਰਮੁਖਿ ਹੋਇ ਬਹੁਰਿ ਨਹੀ ਮਰਨਾ॥*** *(872)*

***ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ॥*** *(970)*

***ਐਸਾ ਜੋਗੁ ਕਮਾਵਹੁ ਜੋਗੀ॥***
***ਜਪ ਤਪ ਸੰਜਮੁ ਗੁਰਮੁਖਿ ਭੋਗੀ॥*** *(970)*

ਹਿੰਦੂਆਂ ਅਤੇ ਮੁਸਲਮਾਨਾ ਦੀਆਂ ਰਹੁ-ਰੀਤਾਂ ਅਤੇ ਮਰਿਯਾਦਾਵਾਂ ਤੋਂ ਸੁਤੰਤਰ ਗੁਰਮੁਖ ਦੀ ਸਿਰਜਨਾ ਕਰਨ ਵਾਲੇ ਗਿਆਨ ਵਿਚਾਰ ਨੂੰ ਕਬੀਰ ਸਾਹਿਬ ਨੇ ਵਾਰ-ਵਾਰ ਗੁਰਮਤਿ ਕਹਿ ਕੇ ਸਥਾਪਿਤ ਕੀਤਾ ਸੀ:

***ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ॥***
***ਰਾਮੈ ਰਾਮ ਰਮਤ ਸੁਖੁ ਪਾਵੈ॥*** *(326)*

***ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ॥*** *(332)*

***ਗੁਰਮਤਿ ਰਾਮੈ ਨਾਮਿ ਬਸਾਈ॥***
***ਅਸਥਿਰੁ ਰਹੈ ਨ ਕਤਹੂੰ ਜਾਈ॥*** *(481)*

ਇਹ ਗੁਰਮਤਿ ਵਿਚਾਰਧਾਰਾ ਜਿਸ ਇਕ ਪਰਮਾਤਮਾ ਦੀ ਭਗਤੀ 'ਤੇ ਜ਼ੋਰ ਦਿੰਦੀ ਹੈ, ਉਸ ਦੇ ਸੰਕਲਪ ਦਾ ਤੱਤ ਸਾਰ ਮੂਲ ਮੰਤਰ ਦੇ ਰੂਪ ਵਿਚ ਸੂਤਰਤ ਕੀਤਾ ਹੋਇਆ ਹੈ:

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਗੁਰੂ ਸਾਹਿਬ ਨੇ ਆਦਿ ਸ੍ਰੀ ਗਰੰਥ ਦੇ ਅਰੰਭ ਵਿੱਚ ਇਹ ਮੂਲ ਮੰਤਰ ਦਰਜ ਕੀਤਾ। ਹਰੇਕ ਬਾਣੀ ਦੇ ਆਰੰਭ ਵਿਚ ਇਸ ਦਾ ਪੂਰਾ ਜਾਂ ਸੰਖੇਪ ਰੂਪ ਪ੍ਰਕਾਸ਼ਤ ਕੀਤਾ:

***ੴ ਸਤਿਗੁਰ ਪ੍ਰਸਾਦਿ॥***

ਇਸ ਮੂਲ ਮੰਤਰ ਦੇ ਅੰਸ਼ਾਂ ਅਤੇ ਭਾਵਾਂ ਦੀ ਗੂੰਜ ਗੁਰਮਤਿ ਵਿਚਾਰਧਾਰਾ ਦੇ ਸਭ ਤੋਂ ਮਹੱਤਵਪੂਰਨ ਸਿਧਾਂਤਕਾਰ ਕਬੀਰ ਜੀ ਦੀ ਬਾਣੀ ਵਿਚ ਥਾਂ ਪੁਰ ਥਾਂ ਮਿਲਦੀ ਹੈ, ਕੁਝ ਉਦਾਹਰਣਾਂ ਹਨ:

***ਜਬ ਹਮ ਏਕੋ ਏਕੁ ਕਰਿ ਜਾਨਿਆ॥*** *(324)*

***ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ॥*** *(335)*

***ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ॥*** *(333)*

***ਤੀਨਿ ਦੇਵ ਏਕ ਸੰਗਿ ਲਾਇ॥*** *(344)*

***ਕਹੁ ਕਬੀਰ ਜਨਿ ਏਕੋ ਬੂਝਿਆ॥***
***ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥*** *(476)*

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ **ਪੁਰਖ ਏਕ** ਭਗਵਾਨਾ ॥ *(482)*

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ **ਏਕ** ਕੀ ਸਰਨਾਂ ॥ *(692)*

ਜਾ ਤਿਸੁ ਭਾਵੈ **ਸਤਿਗੁਰੁ ਭੇਟੈ ਏਕੋ** ਨਾਮੁ ਬਖਾਨੀ ॥ *(1124)*

**ਓਅੰਕਾਰ** ਆਦਿ ਮੈ ਜਾਨਾ ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥
**ਓਅੰਕਾਰ** ਲਖੈ ਜਉ ਕੋਈ ॥
ਸੋਈ ਲਖਿ ਮੇਟਣਾ ਨ ਹੋਈ ॥ *(340)*

**ਸਤ ਕਾ ਸਬਦੁ** ਕਬੀਰਾ ਕਹੈ ॥
ਪੰਡਿਤ ਹੋਇ ਸੁ ਅਨਭੈ ਰਹੈ ॥ *(343)*

ਆਪੇ **ਕਰਤਾ** ਆਪੇ ਦੇਉ ॥ *(343)*

ਕਰਿ **ਕਰਤਾ** ਉਤਰਸਿ ਪਾਰੰ ॥
ਕਹੈ ਕਬੀਰਾ ਸਾਰੰ ॥ *(972)*

**ਤਿਸੁ ਬਿਨੁ ਦੂਸਰੁ ਕੋ ਨਹੀ ਏਕੈ** ਸਿਰਜਨਹਾਰੁ ॥ *(1371)*

ਕਾਲ ਕਲਪਨਾ ਕਦੇ ਨ ਖਾਇ ॥
**ਆਦਿ ਪੁਰਖ** ਮਹਿ ਰਹੈ ਸਮਾਇ ॥ *(343)*

**ਆਦਿ ਪੁਰਖ** ਤੇ ਹੋਇ ਅਨਾਦਿ ॥ *(873)*

ਲੇਹੁ ਆਰਤੀ ਹੋ **ਪੁਰਖ ਨਿਰੰਜਨ** ਸਤਿਗੁਰ ਪੂਜਹੁ ਭਾਈ ॥ *(1350)*

ਰਾਜਾ ਰਾਮ ਤੂੰ ਐਸਾ **ਨਿਰਭਉ** ਤਰਨ ਤਾਰਨ ਰਾਮ ਰਾਇਆ ॥ *(339)*

**ਨਿਰਭਉ** ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥ *(1123)*

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ **ਮੂਰਤਿ ਭਗਵਾਨਾ** ॥ *(1123)*

ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ **ਮੂਰਤਿ ਬਲਿਹਾਰੀ** ॥ *(1252)*

ਉਪਜੈ ਸਹਜੁ ਗਿਆਨ ਮਤਿ ਜਾਗੈ ॥
**ਗੁਰ ਪ੍ਰਸਾਦਿ** ਅੰਤਰਿ ਲਿਵ ਲਾਗੈ ॥ *(92)*

**ਗੁਰ ਪਰਸਾਦਿ** ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥ *(333)*

ਜਿਨਿ ਤ੍ਰਿਭਵਣੁ ਡਸੀਅਲੇ **ਗੁਰ ਪ੍ਰਸਾਦਿ** ਡੀਠੀ ॥ *(480)*

ਸੁ ਰਸੁ ਕਬੀਰੈ ਜਾਨਿਆ ॥
ਮੇਰੋ **ਗੁਰ ਪ੍ਰਸਾਦਿ** ਮਨੁ ਮਾਨਿਆ ॥ *(655)*

ਸੰਤ ਭਾਗਿ ਓਹ ਪਾਛੈ ਪਰੈ ॥
**ਗੁਰ ਪਰਸਾਦੀ** ਮਾਰਹੁ ਡਰੈ ॥ *(871)*

*Original with;*
Jaswant Singh Zafar
*Digitized by;*
Panjab Digital Library

ਇਲਾਕਾਈ ਪ੍ਰਭਾਵ ਕਰਕੇ ਜਿਥੇ ਸਾਰੇ ਭਗਤਾਂ ਦੀ ਬਾਣੀ ਵਿਚ ਭਾਸ਼ਾਈ ਵੰਨ-ਸੁਵੰਨਤਾ ਹੈ ਉਥੇ ਇਸ ਵਿਚ ਬਹੁਤ ਸਾਰੇ ਸਾਂਝੇ ਭਾਸ਼ਾਈ ਤੱਤ ਮੌਜੂਦ ਹਨ। ਭਗਤ ਕਵੀਆਂ ਦੇ ਵੱਖ-ਵੱਖ ਇਲਾਕਿਆਂ ਨਾਲ ਸਬੰਧਤ ਹੋਣ ਦੇ ਬਾਵਜੂਦ ਉਨ੍ਹਾਂ ਦਾ ਇਕ ਦੂਸਰੇ ਦੀ ਬਾਣੀ ਨੂੰ ਜਾਣਦੇ, ਪੜ੍ਹਦੇ ਅਤੇ ਵਿਚਾਰਦੇ ਹੋਣ ਦਾ ਸਿਲਸਿਲਾ ਵੀ ਚਲਦਾ ਰਿਹਾ। ਉਨ੍ਹਾਂ ਇਕ ਦੂਸਰੇ ਦੀ ਕਾਵਿ-ਭਾਸ਼ਾ ਨੂੰ ਗ੍ਰਹਿਣ ਅਤੇ ਪ੍ਰਭਾਵਿਤ ਵੀ ਕੀਤਾ। ਸਮੇਂ ਦੇ ਬੀਤਣ ਨਾਲ ਇਸ ਭਾਸ਼ਾ ਵਿਚ ਤਬਦੀਲੀਆਂ ਵੀ ਵਾਪਰਦੀਆਂ ਰਹੀਆਂ। ਜੋ ਸਾਂਝੀ ਕਾਵਿ-ਭਾਸ਼ਾ ਬਣੀ ਉਸ ਨੂੰ ਸਾਧ ਭਾਸ਼ਾ ਜਾਂ ਸੰਤ ਭਾਸ਼ਾ ਕਿਹਾ ਜਾਂਦਾ ਹੈ। ਜਿਥੇ ਇਸ ਭਾਸ਼ਾ ਵਿਚ ਕਾਵਿਕ ਸਹਿਜਤਾ ਤੇ ਸਰਲਤਾ ਸੀ ਅਤੇ ਜ਼ੁਬਾਨ 'ਤੇ ਚੜ੍ਹਨ ਲਈ ਰਸੀਲੀ ਸੀ ਉਥੇ ਇਹ ਭੂਗੋਲਿਕ ਤੌਰ 'ਤੇ ਵੱਡੇ ਇਲਾਕੇ ਦੀ ਵਸੋਂ ਵਿਚ ਸੰਚਾਰੀ ਜਾ ਸਕਦੀ ਸੀ। ਜਨ ਸਧਾਰਨ ਦੇ ਮਨ ਨੂੰ ਟੁੰਬਣ ਦੀ ਦ੍ਰਿਸ਼ਟੀ ਤੋਂ ਸੰਤਾਂ ਭਗਤਾਂ ਵਲੋਂ ਇਸ ਭਾਸ਼ਾ ਨੂੰ ਵਿਕਸਤ ਕੀਤਾ ਗਿਆ। ਇਸ ਸਾਧ ਭਾਸ਼ਾ ਦਾ ਜੋ ਵਿਸਤ੍ਰਿਤ ਅਤੇ ਵਿਕਸਤ ਸਰੂਪ ਕਬੀਰ ਸਾਹਿਬ ਦੀ ਬਾਣੀ ਵਿਚ ਪ੍ਰਗਟ ਹੋਇਆ ਹੈ ਸਾਰੇ ਗੁਰੂ ਸਾਹਿਬਾਨ ਨੇ ਆਪਣੀ ਬਹੁਤੀ ਬਾਣੀ ਵਿਚ ਉਸੇ ਦੀ ਵਰਤੋਂ ਕੀਤੀ। ਇਹੀ ਕਾਰਨ ਹੈ ਕਿ ਕਬੀਰ ਸਾਹਿਬ ਦੀ ਬਾਣੀ ਦੀ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣੀ। ਕਈ ਉਦਾਹਰਣਾਂ ਹਨ, ਜਿਵੇਂ ਗੁਰਮਤਿ, ਗੁਰਮੁਖ, ਗੁਰਪ੍ਰਸਾਦਿ, ਸੰਤ, ਗੁਰੂ, ਸਤਿਗੁਰ, ਨਾਮ, ਸਾਧਸੰਗਤ, ਸਤਿਸੰਗਤ, ਗੋਬਿੰਦ, ਅੰਮ੍ਰਿਤ, ਕੀਰਤਨ, ਸਿਮਰਨੁ ਆਦਿ। ਅੱਜ ਇਹ ਨਰੋਲ ਸਿੱਖੀ ਦੇ ਸ਼ਬਦ ਜਾਪਦੇ ਜਾਂ ਸਮਝੇ ਜਾਂਦੇ ਹਨ ਪਰ ਗੁਰੂ ਸਾਹਿਬਾਨ ਤੋਂ ਪਹਿਲਾਂ ਇਨ੍ਹਾਂ ਦੀ ਕਬੀਰ ਬਾਣੀ ਵਿਚ ਭਰਪੂਰ ਵਰਤੋਂ ਹੋਈ ਸੀ। ਇਸ ਪ੍ਰਸੰਗ ਵਿਚ ਉਹਨਾਂ ਦੀ ਬਾਣੀ ਦੀਆਂ ਕਾਫੀ ਤੁਕਾਂ ਦੇਖੀਆਂ ਜਾ ਸਕਦੀਆਂ ਹਨ:

**ਸਾਧ ਭਾਸ਼ਾ ਦਾ ਜੋ ਵਿਸਤ੍ਰਿਤ ਅਤੇ ਵਿਕਸਤ ਸਰੂਪ ਕਬੀਰ ਸਾਹਿਬ ਦੀ ਬਾਣੀ ਵਿਚ ਪ੍ਰਗਟ ਹੋਇਆ ਹੈ ਸਾਰੇ ਗੁਰੂ ਸਾਹਿਬਾਨ ਨੇ ਆਪਣੀ ਬਹੁਤੀ ਬਾਣੀ ਵਿਚ ਉਸੇ ਦੀ ਵਰਤੋਂ ਕੀਤੀ। ਇਹੀ ਕਾਰਨ ਹੈ ਕਿ ਕਬੀਰ ਸਾਹਿਬ ਦੀ ਬਾਣੀ ਦੀ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣੀ।**

*ਤੂੰ **ਸਤਿਗੁਰੁ** ਹਉ ਨਉਤਨੁ ਚੇਲਾ ॥*
*ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥* (324)

*ਕਹੁ ਕਬੀਰ ਇਹ ਕਹੀਐ ਕਾਹਿ ॥*
***ਸਾਧਸੰਗਤਿ** ਬੈਕੁੰਠੈ ਆਹਿ ॥* (325)

***ਅੰਮ੍ਰਿਤ** ਨਾਮੁ ਜਪਉ ਜਪੁ ਰਸਨਾ ॥*
*ਅਮੋਲ ਦਾਸੁ ਕਰਿ ਲੀਨੋ ਅਪਨਾ ॥* (331)

***ਸਤਿਗੁਰ** ਕੀਨੋ ਪਰਉਪਕਾਰੁ ॥*
*ਕਾਢਿ ਲੀਨ ਸਾਗਰ ਸੰਸਾਰ ॥* (331)

*ਕਹੁ ਕਬੀਰ ਬਲਿ ਜਾਉ ਗੁਰ ਅਪੁਨੇ **ਸਤਸੰਗਤਿ** ਮਿਲਿ ਰਹੀਐ ॥* (333)

***ਸਤਿਗੁਰੁ** ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥* (334)

***ਸਾਧਸੰਗਤਿ** ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥* (336)

***ਸੰਤ ਪ੍ਰਸਾਦਿ** ਭਏ ਮਨ ਨਿਰਮਲ ਹਰਿ **ਕੀਰਤਨ** ਮਹਿ ਅਨਦਿਨੁ ਜਾਗਾ ॥* (343)

***ਸਾਧਸੰਗਤਿ** ਊਪਜੈ ਬਿਸ੍ਵਾਸ ॥*

Original with:
Jaswant Singh Zafar
Digitized by;
Panjab Digital Library

ਬਾਹਰਿ ਭੀਤਰਿ ਸਦਾ ਪ੍ਰਗਾਸ ॥ (343)

ਕਹੁ ਕਬੀਰ ਜਿਸੁ **ਸਤਿਗੁਰੁ** ਭੇਟੈ ਪੁਨਰਪਿ ਜਨਮਿ ਨ ਆਵੈ ॥ (476)

**ਸਤਿਗੁਰ** ਮਿਲੇ ਤ ਮਾਰਗੁ ਦਿਖਾਇਆ ॥
ਜਗਤ ਪਿਤਾ ਮੇਰੈ ਮਨਿ ਭਾਇਆ ॥ (476)

ਭੂਲੀ ਮਾਲਨੀ ਹੈ ਏਉ ॥
**ਸਤਿਗੁਰੁ** ਜਾਗਤਾ ਹੈ ਦੇਉ ॥ (479)

**ਸਤਸੰਗਤਿ** ਮਿਲਿ ਬਿਬੇਕ ਬੁਧਿ ਹੋਈ ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ (481)

ਪ੍ਰਗਟ ਪ੍ਰਗਾਸ ਗਿਆਨ ਗੁਰ ਗ਼ਮੀਮਤ **ਸਤਿਗੁਰ** ਤੇ ਸੁਧਿ ਪਾਈ ॥ (969)

ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥
ਇਹੁ **ਸਿਮਰਨੁ ਸਤਿਗੁਰ** ਤੇ ਪਾਈਐ ॥ (971)

ਕਰਮੁ ਹੋਵੈ **ਸਤਿਗੁਰੁ** ਮਿਲੈ ਬੈਰਾਗੀਅੜੇ ॥
ਸਹਜੇ ਪਾਵੈ ਸੋਇ ਵਣਾਹੰਬੈ ॥ (1104)

**ਸਾਧਸੰਗਤਿ** ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ ॥ (1105)

ਕਹਤੁ ਕਬੀਰੁ ਸੁਨਹੁ ਰੇ ਸੰਤਹੁ **ਸਾਧਸੰਗਤਿ** ਤਰਿ ਜਾਂਹਿਗਾ ॥ (1106)

ਜਾ ਤਿਸੁ ਭਾਵੈ **ਸਤਿਗੁਰੁ** ਭੇਟੈ ਏਕੋ ਨਾਮੁ ਬਖਾਨੀ ॥ (1124)

ਬਿਨੁ **ਸਤਿਗੁਰ** ਬਾਟ ਨ ਪਾਈ ॥
ਕਹੁ ਕਬੀਰ ਸਮਝਾਈ ॥ (1194)

ਕਬੀਰ ਸਾਚਾ **ਸਤਿਗੁਰੁ** ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥ (1372)

ਕਬੀਰ ਥੂਨੀ ਪਾਈ ਥਿਤਿ ਭਈ **ਸਤਿਗੁਰ** ਬੰਧੀ ਧੀਰ ॥ (1373)

ਜਦ ਅਸੀਂ ਭਾਸ਼ਾ ਦੀ ਗੱਲ ਕਰਦੇ ਹਾਂ ਤਾਂ ਇਹ ਨਿਰੀ ਸ਼ਬਦਾਵਲੀ ਤੱਕ ਸੀਮਤ ਨਹੀਂ। ਗੁਰੂ ਸਾਹਿਬਾਨ ਨੇ ਜਦ ਕਬੀਰ ਸਾਹਿਬ ਦੁਆਰਾ ਪ੍ਰਗਟਾਏ ਕਿਸੇ ਵਿਚਾਰ ਨੂੰ ਆਪਣੀ ਬਾਣੀ ਰਾਹੀਂ ਦ੍ਰਿੜ ਕਰਵਾਇਆ ਤਾਂ ਬਹੁਤੀ ਵਾਰ ਉਹਨਾਂ ਕਬੀਰ ਜੀ ਵਾਲੇ ਛੰਦ ਜਾਂ ਕਾਵਿਕ ਰਵਾਨੀ ਵਿਚ ਹੀ ਕਿਹਾ। ਹੇਠ ਲਿਖੀ ਉਦਾਹਰਣ ਇਸ ਵਿਚਾਰ ਨੂੰ ਸਥਾਪਿਤ ਕਰਦੀ ਹੈ:

ਕਬੀਰ ਜੀ: **ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ** ॥ (1350)

ਗੁਰੂ ਨਾਨਕ: **ਸਭ ਮਹਿ ਜੋਤਿ ਜੋਤਿ ਹੈ ਸੋਇ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ** ॥ (13)

**ਸਭ ਮਹਿ ਵਰਤੈ ਏਕੋ ਸੋਇ ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ** ॥ (931)

**ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ** ॥ (1273)

ਗੁਰੂ ਅਮਰਦਾਸ: **ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਵਿਰਲਾ ਬੂਝੈ ਕੋਈ** ॥ (127)

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

**ਸਭ ਮਹਿ ਵਸੈ ਪ੍ਰਭੁ ਏਕੋ ਸੋਇ ਗੁਰਮਤੀ ਘਟਿ ਪਰਗਟੁ ਹੋਇ ॥** *(663)*

**ਸਭ ਮਹਿ ਸਚੁ ਦੂਜਾ ਨਹੀ ਕੋਈ ਸਾਚੀ ਕੀਰਤਿ ਸਚੁ ਸੁਖੁ ਹੋਈ ॥** *(880)*

ਅਜਿਹੀਆਂ ਅਨੇਕਾਂ ਹੋਰ ਉਦਾਹਰਣਾਂ ਦੇਖ ਸਕਦੇ ਹਾਂ:

ਕਬੀਰ ਜੀ: **ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥** *(1374)*

ਗੁਰੂ ਅਰਜਨ: **ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥** *(218)*

**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥** *(518)*

ਕਬੀਰ ਜੀ: **ਜਿਹ ਸਿਮਰਨਿ ਤੇਰੀ ਗਤਿ ਹੋਇ ॥ ਸੋ ਸਿਮਰਨੁ ਰਖੁ ਕੰਠਿ ਪਰੋਇ ॥** *(971)*

ਗੁਰੂ ਅਰਜਨ: **ਸੋਈ ਸਤਿ ਸਤਿ ਹੈ ਸੋਇ ॥ ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥** *(388)*

ਇਸ ਤਰ੍ਹਾਂ ਜਿਥੇ ਬਨਾਰਸ ਵਿਚ ਰਚੀ ਗਈ ਕਬੀਰ ਬਾਣੀ ਦੀ ਸ਼ਬਦਾਵਲੀ ਗੁਰੂ ਨਾਨਕ ਦੁਆਰਾ ਏਸ਼ੀਆ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਅਤੇ ਬਾਕੀ ਸਾਰੇ ਗੁਰੂ ਸਾਹਿਬਾਨ ਦੁਆਰਾ ਭਾਰਤ ਜਾਂ ਪੰਜਾਬ ਵਿਚ ਉਚਾਰੀ ਅਤੇ ਪ੍ਰਚਾਰੀ ਗਈ ਬਹੁਤੀ ਬਾਣੀ ਦੀ ਸ਼ਬਦਾਵਲੀ ਬਣੀ ਉਥੇ ਕਬੀਰ ਬਾਣੀ ਦਾ ਮੁਹਾਵਰਾ ਅਤੇ ਸ਼ੈਲੀ ਸਾਰੇ ਗੁਰੂ ਸਾਹਿਬਾਨ ਦੀ ਬਹੁਤੀ ਬਾਣੀ ਦਾ ਮੁਹਾਵਰਾ ਅਤੇ ਸ਼ੈਲੀ ਬਣੇ। ਗੁਰੂ ਸਾਹਿਬਾਨ ਨੇ ਪੂਰੀ ਖੁਲ੍ਹਦਿਲੀ ਨਾਲ ਕਬੀਰ ਸਾਹਿਬ ਦੇ ਕਬੀਰਪਨ (ਵਡੱਪਨ) ਨੂੰ ਅਮਲੀ ਰੂਪ ਵਿਚ ਤਸਲੀਮ ਕੀਤਾ ਅਤੇ ਉਨ੍ਹਾਂ ਦੇ ਵਡੱਪਨ ਦਾ ਮਾਨਵ ਕਲਿਆਣ ਦੇ ਵੱਡੇ ਮਨੋਰਥ ਲਈ ਲਾਹਾ ਲਿਆ।

**ਕਬੀਰ ਜੀ ਮੁਤਾਬਕ ਧਰਮ ਭੇਖ ਦਾ ਨਹੀਂ ਸਗੋਂ ਅਮਲ ਦਾ ਵਿਸ਼ਾ ਹੈ। ਉਹ ਦਿਖਾਵੇ ਦੀ ਬਜਾਏ ਅਮਲੀ ਧਰਮ ਦੇ ਝੰਡਾ ਬਰਦਾਰ ਬਣੇ। ਉਹਨਾਂ ਜੋਗੀ ਨੂੰ ਭੇਖ ਕਰਕੇ ਨਹੀਂ ਸਗੋਂ ਆਪਣੇ ਆਚਾਰ ਅਤੇ ਵਿਹਾਰ ਦੇ ਭਾਵ ਨਾਲ ਜੋਗੀ ਹੋਣ ਦੀ ਪ੍ਰੇਰਨਾ ਕੀਤੀ।**

ਕਬੀਰ ਸਾਹਿਬ ਨੇ ਆਪਣੀ ਰਚਨਾ ਵਿਚ ਪਹਿਲਾ ਵੱਡਾ ਹਮਲਾ ਧਰਮ ਦੇ ਬਾਹਰੀ ਚਿੰਨਾਂ ਦੀ ਨਿਰਾਰਥਕਤਾ ਉੱਤੇ ਕੀਤਾ। ਇਨ੍ਹਾਂ ਚਿੰਨਾਂ ਦੇ ਆਡੰਬਰ ਦੀ ਬਜਾਏ ਮਨੁੱਖ ਦੇ ਆਚਾਰ, ਵਿਹਾਰ ਅਤੇ ਕਿਰਦਾਰ ਦੀ ਸ਼ੁੱਧਤਾ 'ਤੇ ਜ਼ੋਰ ਦਿੱਤਾ। ਕਬੀਰ ਜੀ ਮੁਤਾਬਕ ਧਰਮ ਭੇਖ ਦਾ ਨਹੀਂ ਸਗੋਂ ਅਮਲ ਦਾ ਵਿਸ਼ਾ ਹੈ। ਉਹ ਦਿਖਾਵੇ ਦੀ ਬਜਾਏ ਅਮਲੀ ਧਰਮ ਦੇ ਝੰਡਾ ਬਰਦਾਰ ਬਣੇ। ਉਹਨਾਂ ਜੋਗੀ ਨੂੰ ਭੇਖ ਕਰਕੇ ਨਹੀਂ ਸਗੋਂ ਆਪਣੇ ਆਚਾਰ ਅਤੇ ਵਿਹਾਰ ਦੇ ਭਾਵ ਨਾਲ ਜੋਗੀ ਹੋਣ ਦੀ ਪ੍ਰੇਰਨਾ ਕੀਤੀ। ਕਿ ਮੋਨ (ਘੱਟ ਬੋਲਣ) ਦੀਆਂ ਮੁੰਦਰਾਂ ਪਾ, ਦਇਆ ਦੀ ਬਗਲੀ ਪਾ, ਭਗਤੀ ਦਾ ਕਾਸਾ ਫੜ, ਦੇਹੀ ਨੂੰ ਯੋਗ-ਵਸਤਰ ਸਮਝ ਕੇ ਇਸ ਦੀ ਸੰਭਾਲ ਕਰ ਅਤੇ ਪਰਮਾਤਮਾ ਦੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਬਣਾ। ਅਜਿਹਾ ਕਹਿੰਦਿਆਂ ਕਬੀਰ ਸਾਹਿਬ ਨੇ ਮਜ਼ਹਬੀ ਚਿੰਨਾਂ ਨੂੰ ਵਿਸਥਾਪਿਤ ਕਰਨ ਦੀ ਨਵੀਂ ਵਿਧੀ ਵੀ ਈਜਾਦ ਕੀਤੀ:

**ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ ॥**
**ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥** *(970, ਕਬੀਰ ਜੀ)*

ਇਹ ਗੱਲ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਜੋਗੀਆਂ ਨਾਲ ਹੋਈ ਲੰਮੀ ਚੌੜੀ ਬਹਿਸ ਅਤੇ ਗੋਸ਼ਟ ਦੌਰਾਨ ਵਿਚਾਰੀ ਗਈ। ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਹੋਰ ਸੰਞਣਾ ਕਰਕੇ ਉਪਰੋਕਤ ਵਿਧੀ ਰਾਹੀਂ ਆਪਣੀ ਜਪੁ ਬਾਣੀ ਵਿਚ ਦਰਜ ਕੀਤਾ:

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**

*Original with*
Jaswant Singh Zafar
*Digitized by;*
Panjab Digital Library

***ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥*** *(6, ਮ.1)*

ਕਬੀਰ ਸਾਹਿਬ ਨੇ ਇਹ ਹਮਲਾ ਇਕੱਲੇ ਯੋਗ ਮੱਤ ਤੱਕ ਹੀ ਸੀਮਤ ਨਹੀਂ ਰੱਖਿਆ। ਉਹ ਇਸਲਾਮੀ ਰਹਿਤ ਦੇ ਫੋਕੇਪਨ ਨੂੰ ਵੀ ਸੰਬੋਧਿਤ ਹੋਏ ਕਿ ਰੋਜੇ ਰੱਖਣ, ਨਿਵਾਜ ਗੁਜ਼ਾਰਨ ਅਤੇ ਕਲਮਾ ਪੜ੍ਹਨ ਨਾਲ ਜੰਨਤ ਨਸੀਬ ਨਹੀਂ ਹੁੰਦੀ, ਮੱਕਾ ਕਿਧਰੇ ਬਾਹਰ ਨਹੀਂ ਤੁਹਾਡੇ ਅੰਦਰ ਹੈ, ਨਮਾਜ਼ ਨਿਆਂ ਦੀ ਹੋਣੀ ਚਾਹੀਦੀ ਹੈ, ਉਸ ਬੇਅੰਤ ਨੂੰ ਜਾਣਨ ਦਾ ਯਤਨ ਹੀ ਕਲਮਾ ਹੈ, ਮੁਸੱਲੇ ਦਾ ਭਾਵ ਤਾਂ ਪੰਜ ਵਿਕਾਰਾਂ 'ਤੇ ਕਾਬੂ ਪਾਉਣਾ ਹੈ:

***ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥***
***ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥***
***ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥***
***ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥*** *(480, ਕਬੀਰ ਜੀ)*

ਗੁਰੂ ਨਾਨਕ ਸਾਹਿਬ ਇਸ ਵਿਚਾਰ 'ਤੇ ਪੂਰੀ ਤਰ੍ਹਾਂ ਪਹਿਰਾ ਦਿੰਦੇ ਪ੍ਰਤੀਤ ਹੁੰਦੇ ਹਨ ਜਦ ਉਹ ਆਖਦੇ ਹਨ:

***ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥***
***ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥***
***ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥***
***ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥*** *(140, ਮ.1)*

ਇਸੇ ਵਿਧੀ ਨੂੰ ਵਿਸਥਾਰ ਕੇ ਗੁਰੂ ਨਾਨਕ ਸਾਹਿਬ ਬ੍ਰਾਹਮਣਾਂ ਦੇ ਜਨੇਊ ਵਰਗੇ ਬਾਹਰੀ ਭੇਖ ਨੂੰ ਵੀ ਵਿਸਥਾਪਿਤ ਕੀਤਾ:

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*** *(471, ਮ.1)*

ਕਬੀਰ ਜੀ ਦਾ ਦੂਸਰਾ ਵੱਡਾ ਹਮਲਾ ਜਾਤ ਪਾਤ ਦੇ ਪ੍ਰਬੰਧ ਵਿਰੁੱਧ ਸੀ। ਉਹਨਾਂ ਜਨਮ ਦੇ ਆਧਾਰਤ ਜਾਤੀ ਵੰਡ ਨੂੰ ਲੰਮੇਂ ਹੱਥੀਂ ਲਿਆ। ਹੋਰਾਂ ਲੋਕਾਂ ਵਾਂਗ ਪੈਦਾ ਹੋਣ ਅਤੇ ਹੋਰਾਂ ਵਰਗਾ ਲਹੂ ਮਾਸ ਦਾ ਬਣਿਆਂ ਹੋਣ ਵਾਲੇ ਬ੍ਰਾਹਮਣ ਦੀ ਅਖੌਤੀ ਸ੍ਰੇਸ਼ਟਤਾ 'ਤੇ ਉਹਨਾਂ ਸਵਾਲ ਕੀਤਾ:

***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥***
***ਤਉ ਆਨ ਬਾਟ ਕਾਹੇ ਨਹੀ ਆਇਆ ॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥***
***ਹਮ ਕਤ ਲੋਹੂ ਤੁਮ ਕਤ ਦੂਧ ॥*** *(324, ਕਬੀਰ ਜੀ)*

ਕਬੀਰ ਜੀ ਨੇ ਜਨਮ-ਅਧਾਰਤ ਜਾਤੀ ਦੀ ਬਜਾਏ ਸ਼ੁਭ ਗੁਣ ਅਤੇ ਸ਼ੁਭ ਕਰਮ ਦੇ ਆਧਾਰਤ ਜਾਤੀ ਨਿਰਧਾਰਨ ਦੀ ਵਕਾਲਤ ਕਰਦਿਆਂ ਹੋਇਆਂ ਉਪਰੋਕਤ ਸ਼ਬਦ ਦੇ ਅੰਤ ਵਿਚ ਅਸਲ ਬ੍ਰਾਹਮਣ ਨੂੰ ਪਰਿਭਾਸ਼ਤ ਕੀਤਾ ਹੈ। ਗੁਰੂ ਸਾਹਿਬਾਨ ਨੇ ਕਬੀਰ ਜੀ ਦੀ ਇਸ ਪਰਿਭਾਸ਼ਾ ਦੀ ਅਨੇਕਾਂ ਵਾਰ ਵਰਤੋਂ ਕਰਦਿਆਂ ਆਪਣੀ ਦਲੀਲ ਨੂੰ ਸਥਾਪਿਤ ਕੀਤਾ ਹੈ:

| | |
|---|---|
| ਕਬੀਰ ਜੀ: | ***ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥*** *(324)* |
| ਗੁਰੂ ਨਾਨਕ: | ***ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥*** *(662)* |
| ਗੁਰੂ ਅਮਰਦਾਸ: | ***ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥*** *(68)* |
| | ***ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥*** *(512)* |

*Original with;*
Jaswant Singh Zafar
*Digitized by;*
Panjab Digital Library

**ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥** *(1093)*

ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਸਿਰਜਨ, ਚਿੰਤਨ ਅਤੇ ਕਾਰਜ ਪ੍ਰਕਿਰਿਆ ਉਪਰ ਕਬੀਰ ਸਾਹਿਬ ਦੀ ਰਚਨਾ ਦੇ ਪ੍ਰਭਾਵ ਦੇ ਅਨੇਕਾਂ ਝਲਕਾਰੇ ਮਿਲਦੇ ਹਨ। ਗੁਰੂ ਸਾਹਿਬਾਨ ਦੀ ਜੋਤ 'ਚੋਂ ਕਬੀਰ ਸਾਹਿਬ ਦੀ ਜੋਤ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਅਜਿਹੀਆਂ ਅਨੇਕਾਂ ਉਦਾਹਰਣਾਂ ਹੋ ਸਕਦੀਆਂ ਹਨ ਜਿਹਨਾਂ ਤੋਂ ਭਲੀ ਭਾਂਤ ਸਪੱਸ਼ਟ ਹੁੰਦਾ ਹੈ ਕਿ ਕਬੀਰ ਜੀ ਹਮੇਸ਼ਾ ਗੁਰੂ ਸਾਹਿਬਾਨ ਦੇ ਅੰਗ-ਸੰਗ ਸਨ। ਦੋ ਉਦਾਹਰਣਾਂ ਹਨ:

ਕਬੀਰ ਜੀ: **ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥** *(1364)*
ਗੁਰੂ ਨਾਨਕ: **ਹਮ ਨਹੀ ਚੰਗੇ ਬੁਰਾ ਨਹੀ ਕੋਇ ॥** *(728)*

ਕਬੀਰ ਜੀ: **ਆਪਿ ਨ ਡਰਉ ਨ ਅਵਰ ਡਰਾਵਉ ॥** *(327)*
ਗੁਰੂ ਤੇਗ ਬਹਾਦਰ: **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥** *(1427)*

ਅਸੀਂ ਜਾਣਦੇ ਹਾਂ ਕਿ ਗੁਰੂ ਨਾਨਕ ਸਾਹਿਬ ਤੋਂ ਮਗਰਲੇ ਗੁਰੂ ਸਹਿਬਾਨ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ 'ਨਾਨਕ' ਹੀ ਲਿਖਿਆ ਹੈ। ਉਹਨਾਂ ਆਪਣੇ ਆਪ ਨੂੰ ਗੁਰੂ ਨਾਨਕ ਦੇ ਪਿਆਰ ਵਿਚ ਅਭੇਦ ਅਤੇ ਲੀਨ ਰੱਖਿਆ। ਇਸ ਤਰ੍ਹਾਂ ਉਹਨਾਂ ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਮਿਸ਼ਨ ਪ੍ਰਤੀ ਆਪਣੀ ਪ੍ਰਤਿਬੱਧਤਾ ਨੂੰ ਦ੍ਰਿੜ੍ਹਾਇਆ। ਆਪਣੀ ਹਸਤੀ ਦੀ ਬਜਾਏ ਲਹਿਰ ਦੀ ਲਗਾਤਾਰਤਾ ਨੂੰ ਮਹੱਤਵ ਦਿੱਤਾ। ਲਹਿਰ ਦੇ ਆਰੰਭ ਬਿੰਦੂ ਨੂੰ ਆਪਣੀ ਸੋਚ, ਸੁਰਤ ਅਤੇ ਸਰਗਰਮੀ ਦੇ ਕੇਂਦਰ ਵਿਚ ਰੱਖਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਆਪਣੇ ਨਿੱਜ ਦੇ ਮਹੱਤਵ ਦੀ ਬਜਾਏ ਗੁਰੂ ਨਾਨਕ ਦੀ ਜੋਤ ਹੋਣ ਦੇ ਗੌਰਵ ਨਾਲ ਭਰਪੂਰ ਦਿਖਾਈ ਦਿੰਦੇ ਹਨ। ਪਰ ਕਈ ਥਾਵਾਂ 'ਤੇ ਗੁਰੂ ਅਰਜਨ ਸਾਹਿਬ ਨੇ ਨਾਨਕ ਜੋਤ ਹੋਣ ਵਾਂਗ ਆਪਣੇ ਕਬੀਰ ਜੋਤ ਹੋਣ ਦੇ ਗੌਰਵ ਦਾ ਵੀ ਪ੍ਰਗਟਾਵਾ ਕੀਤਾ ਹੈ। ਹੇਠ ਲਿਖੇ ਸ਼ਬਦ ਵਿਚ ਗੁਰੂ ਅਰਜਨ ਜੀ ਨੇ ਆਪਣੇ ਆਪ ਨੂੰ 'ਕਬੀਰ' ਲਿਖਿਆ ਹੈ:

***ਵਰਤ ਨ ਰਹਉ ਨ ਮਹ ਰਮਦਾਨਾ ॥***
***ਤਿਸੁ ਸੇਵੀ ਜੋ ਰਖੈ ਨਿਦਾਨਾ ॥***
***ਏਕੁ ਗੁਸਾਈ ਅਲਹੁ ਮੇਰਾ ॥***
***ਹਿੰਦੂ ਤੁਰਕ ਦੁਹਾਂ ਨੇਬੇਰਾ ॥ ਰਹਾਉ ॥***
***ਹਜ ਕਾਬੈ ਜਾਉ ਨ ਤੀਰਥ ਪੂਜਾ ॥***
***ਏਕੋ ਸੇਵੀ ਅਵਰੁ ਨ ਦੂਜਾ ॥***
***ਪੂਜਾ ਕਰਉ ਨ ਨਿਵਾਜ ਗੁਜਾਰਉ ॥***
***ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥***
***ਨਾ ਹਮ ਹਿੰਦੂ ਨ ਮੁਸਲਮਾਨ ॥***
***ਅਲਹ ਰਾਮ ਕੇ ਪਿੰਡੁ ਪਰਾਨ ॥***
***ਕਹੁ ਕਬੀਰ ਇਹੁ ਕੀਆ ਵਖਾਨਾ ॥***
***ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥*** *(1136, ਮ.5)*

ਇਹ ਸ਼ਬਦ ਸਿੱਖ ਜੀਵਨ ਜਾਚ ਅਤੇ ਸਿੱਖ ਪਛਾਣ ਦਾ ਸਾਰ ਪੇਸ਼ ਕਰਦਾ ਹੈ। ਗੁਰੂ ਸਾਹਿਬ ਹਿੰਦੂ ਧਰਮ ਅਤੇ ਇਸਲਾਮ ਦੋਹਾਂ ਦੀਆਂ ਮਜ਼ਹਬੀ ਰਹੁ ਰੀਤਾਂ ਦੇ ਜੂਲੇ ਤੋਂ ਮੁਕਤੀ ਦੀ ਗੱਲ ਕਰਦੇ ਹਨ। ਧਿਆਨ ਨਾਲ ਦੇਖਿਆ ਜਾਵੇ ਤਾਂ ਗੁਰੂ ਸਾਹਿਬ ਇਸ ਸ਼ਬਦ ਰਾਹੀਂ ਕਬੀਰ ਸਾਹਿਬ ਦੀ ਪੂਰੀ ਬਾਣੀ ਵਿਚ ਫੈਲੀ ਹੋਈ ਵਿਚਾਰਧਾਰਕ ਗੂੰਜ ਨੂੰ ਸੰਮਿਲਤ ਕਰਦੇ ਜਾਪਦੇ ਹਨ। ਮੋਟੇ ਤੌਰ 'ਤੇ ਹੇਠ ਲਿਖੀਆਂ ਦੋ ਪੰਕਤੀਆਂ ਮੇਲ ਕੇ

*Original with;*
Jaswant Singh Zafar
*Digitized by;*
Panjab Digital Library

ਦੇਖੀਏ ਤਾਂ ਇਸ ਗੱਲ ਦੀ ਪ੍ਰੋੜਤਾ ਹੋ ਜਾਂਦੀ ਹੈ:

ਗੁਰੂ ਅਰਜਨ: **ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥** *(1136)*

ਕਬੀਰ ਜੀ: **ਕਹਤ ਕਬੀਰ ਰਾਮ ਗੁਨ ਗਾਵਉ॥ ਹਿੰਦੂ ਤੁਰਕ ਦੋਊ ਸਮਝਾਵਉ॥** *(479)*

ਪ੍ਰੋ. ਸਾਹਿਬ ਸਿੰਘ ਜੀ ਅਨੁਸਾਰ ਇਹ ਸ਼ਬਦ ਕਬੀਰ ਸਾਹਿਬ ਦੇ ਹੇਠ ਲਿਖੇ ਸ਼ਬਦ ਦੀ ਵਿਆਖਿਆ ਹੈ:

**ਹਮਰਾ ਝਗਰਾ ਰਹਾ ਨ ਕੋਊ॥**
**ਪੰਡਿਤ ਮੁਲਾਂ ਛਾਡੇ ਦੋਊ॥**
...............
...............
**ਪੰਡਿਤ ਮੁਲਾਂ ਜੋ ਲਿਖਿ ਦੀਆ॥**
**ਛਾਡਿ ਚਲੇ ਹਮ ਕਛੂ ਨ ਲੀਆ॥** *(1158, ਕਬੀਰ ਜੀ)*

ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਕਬੀਰ ਜੀ ਦੇ ਸ਼ਬਦ ਦੀ ਆਪ ਵਿਆਖਿਆ ਕਰਨ ਉਪਰੰਤ ਉਸ ਨੂੰ ਆਦਿ ਗਰੰਥ ਸਾਹਿਬ ਵਿਚ ਦਰਜ ਕਰਕੇ ਕਬੀਰ ਜੀ ਦੀ ਕਿੱਡੀ ਵੱਡੀ ਵਡਿਆਈ ਕੀਤੀ ਅਤੇ ਸਿੱਖੀ ਦੇ ਸੰਦਰਭ ਵਿਚ ਉਨ੍ਹਾਂ ਦੇ ਮਹੱਤਵ ਨੂੰ ਸਥਾਪਿਤ ਕੀਤਾ। ਇਸ ਤੋਂ ਇਲਾਵਾ ਭੈਰਉ ਰਾਗ ਵਿਚ ਕਬੀਰ ਸਾਹਿਬ ਦੀ ਘਰ ਪਹਿਲਾ ਅਤੇ ਘਰ ਦੂਜਾ ਦੀ ਬਾਣੀ ਦੇ ਵਿਚਾਲੇ ਪੰਨਾ 1160 ਤੋਂ 1162 ਤੱਕ 7 ਸ਼ਬਦ ਹਨ ਜਿਹਨਾਂ ਦੇ ਆਰੰਭ ਵਿਚ ਮਹਲਾ 5 ਲਿਖਿਆ ਹੈ ਪਰ ਇਹਨਾਂ ਵਿਚ ਗੁਰੂ ਸਾਹਿਬ ਨੇ ਆਪਣੇ ਆਪ ਨੂੰ 'ਨਾਨਕ' ਦੀ ਬਜਾਏ 'ਕਬੀਰ' ਲਿਖਿਆ ਹੈ।

ਪ੍ਰਚੱਲਤ ਕਥਾ ਹੈ ਕਿ ਗੁਰੂ ਅਰਜਨ ਦੇਵ ਅਤੇ ਉਹਨਾਂ ਦੀ ਪਤਨੀ ਮਾਤਾ ਗੰਗਾ ਜੀ ਦੇ ਘਰ ਕਾਫੀ ਦੇਰ ਕੋਈ ਸੰਤਾਨ ਨਾ ਹੋਈ। ਸੰਤਾਨ ਪ੍ਰਾਪਤੀ ਲਈ ਅਸੀਸ ਲੈਣ ਲਈ ਮਾਤਾ ਜੀ ਬਹੁਤ ਸਾਰੀਆਂ ਸਖੀਆਂ ਸਹੇਲੀਆਂ ਅਤੇ ਅਨੇਕਾਂ ਰਸਤਾਂ ਵਸਤਾਂ ਨਾਲ ਗੱਡੇ ਲੱਦ ਕੇ ਬਾਬਾ ਬੁੱਢਾ ਜੀ ਪਾਸ ਗਏ। ਬਾਬਾ ਜੀ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਨਿਰਾਸ਼ ਪਰਤੇ ਮਾਤਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਕਬੀਰ ਸਾਹਿਬ ਦੇ ਬਚਨ ਨਾਲ ਸਮਝਾਇਆ:

**ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥** *(1370)*

ਦੂਸਰੀ ਵਾਰ ਮਾਤਾ ਜੀ ਨੇ ਇਸ ਬਚਨ ਦਾ ਪਾਲਣ ਕੀਤਾ। ਪੰਜਵੇਂ ਪਾਤਸ਼ਾਹ ਦੇ ਘਰ ਬਾਲਕ ਹਰਗੋਬਿੰਦ ਦਾ ਜਨਮ ਹੋਇਆ ਜੋ ਮੀਰੀ ਪੀਰੀ ਦੇ ਮਾਲਕ ਬਣੇ। ਅਸੀਂ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨਣ ਨੂੰ ਕੇਵਲ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਪ੍ਰਤੀਕਰਮ ਮੰਨਦੇ ਰਹਿੰਦੇ ਹਾਂ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਅਤੇ ਸੰਤ-ਸਿਪਾਹੀ ਦੇ ਸੰਕਲਪ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਕਾਰਨ ਬਦਲੇ ਹੋਏ ਰਾਜਨੀਤਕ ਹਾਲਾਤ ਕਾਰਨ ਸਿੱਖ ਵਿਚਾਰਧਾਰਾ ਵਿਚ ਆਈ ਤਬਦੀਲੀ ਆਖਦੇ ਰਹਿੰਦੇ ਹਾਂ। ਇਨ੍ਹਾਂ ਗੱਲਾਂ ਨੂੰ ਕਬੀਰ ਜੀ ਦੇ ਗੁਰਮਤਿ ਫਲਸਫੇ ਦੀ ਰੌਸ਼ਨੀ ਵਿਚ ਹੋਏ ਸਿੱਖੀ ਦੇ ਵਿਕਾਸ ਦੀ ਪ੍ਰਕਿਰਿਆ ਦੇ ਰੂਪ ਵਿਚ ਦੇਖਿਆ ਸਮਝਿਆ ਜਾਣਾ ਚਾਹੀਦਾ ਹੈ। ਕਬੀਰ ਸਾਹਿਬ ਨੇ ਗੁਰੂ ਨੂੰ ਕੇਵਲ ਸਾਧ ਜਾਂ ਸੰਤ ਹੀ ਨਹੀਂ ਸਗੋਂ ਸੂਰਬੀਰ ਦੇ ਰੂਪ ਵਿਚ ਵੀ ਚਿਤਰਿਆ ਹੈ:

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥** *(1374, ਕਬੀਰ ਜੀ)*

ਸੋ ਕਬੀਰ ਜੀ ਦੁਆਰਾ ਉਲੀਕੇ ਗਏ ਗੁਰੂ ਦੇ ਇਸ ਚਿੱਤਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ

Original with;
Jaswant Singh Zafar
Digitized by;
Panjab Digital Library

ਸ਼ਖ਼ਸੀਅਤ ਬੜੀ ਮੇਲ ਖਾਂਦੀ ਮਹਿਸੂਸ ਹੁੰਦੀ ਹੈ। ਕਿਉਂਕਿ ਗੁਰੂ ਸਾਹਿਬ ਨੇ ਰਣਜੀਤ ਨਗਾਰਾ ਗੁੰਜਾ ਕੇ ਜਬਰ ਅਤੇ ਅਨਿਆਂ ਦੇ ਵਿਰੁੱਧ ਜੂਝਣ ਦਾ ਐਲਾਨ ਕਰ ਦਿੱਤਾ ਸੀ, ਇਸ ਲਈ ਸਾਨੂੰ ਸੁਤੇ-ਸਿੱਧ ਇਸ ਤਰ੍ਹਾਂ ਲੱਗਦਾ ਰਹਿੰਦਾ ਹੈ ਜਿਵੇਂ ਕਬੀਰ ਸਾਹਿਬ ਦੀ ਹੇਠ ਲਿਖੀ ਪੰਕਤੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਉਚਾਰੀ ਗਈ ਹੋਵੇ:

***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥***
***ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥*** *(1105, ਕਬੀਰ ਜੀ)*

ਕਬੀਰ ਸਾਹਿਬ ਦੀ ਦੀਨ ਦੁਖੀਆਂ ਭਾਵ ਕਮਜ਼ੋਰ ਅਤੇ ਲਿਤਾੜੇ ਲੋਕਾਂ ਦੀ ਧਿਰ ਬਣ ਕੇ ਧਰਮ ਯੁੱਧ ਲੜਨ ਵਾਲੇ ਸੂਰਮਿਆਂ ਤੋਂ ਤਵੱਕੋਂ ਸੀ:

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*** *(1105, ਕਬੀਰ ਜੀ)*

ਉਨ੍ਹਾਂ ਦੀ ਇਸ ਤਵੱਕੋਂ 'ਤੇ ਪੂਰਾ ਉਤਰਨ ਦਾ ਗੁਰੂ ਗੋਬਿੰਦ ਸਿੰਘ ਨੇ ਸਪੱਸ਼ਟ ਇਕਰਾਰ ਕੀਤਾ:

***ਜਬ ਆਵ ਕੀ ਅਉਧ ਨਿਧਾਨ ਬਨੈ***
***ਅਤ ਹੀ ਰਨ ਮੈ ਤਬ ਜੂਝ ਮਰੋਂ ॥*** *(ਗੁਰੂ ਗੋਬਿੰਦ ਸਿੰਘ)*

ਕਬੀਰ ਸਾਹਿਬ ਨੇ ਪ੍ਰੇਮ ਭਗਤੀ ਦੇ ਮਾਰਗ ਨੂੰ ਸ੍ਰੇਸ਼ਠ ਧਰਮ ਮੰਨਿਆਂ। ਉਹ ਭਗਤ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਜੇਕਰ ਪ੍ਰੇਮ-ਖੇਡ ਖੇਡਣ ਦੀ ਚਾਹਤ ਹੈ ਤਾਂ ਆਪਣੇ ਸਿਰ ਨੂੰ ਕਟਾ ਕੇ ਇਸ ਦੀ ਗੇਂਦ ਬਣਾ ਲੈਣੀ ਚਾਹੀਦੀ ਹੈ। ਇਸ ਗੇਂਦ ਨਾਲ ਆਪਣੇ ਪਿਆਰੇ ਦੀ ਗਲੀ ਵਿਚ ਨਿਸ਼ੰਗ ਅਤੇ ਬੇਪ੍ਰਵਾਹ ਹੋ ਕੇ ਖੇਲਦਿਆਂ ਹਾਲੋਂ ਬੇਹਾਲ ਹੋ ਜਾਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਇਸ ਗੱਲ ਨੂੰ ਸਪੱਸ਼ਟਤਾ ਅਤੇ ਸਰਲਤਾ ਨਾਲ ਆਖਿਆ:

ਕਬੀਰ ਜੀ: ***ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ ॥***
***ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ ॥*** *(1377)*

ਗੁਰੂ ਨਾਨਕ: ***ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ ॥*** *(1412)*

1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪ੍ਰੇਮੀ ਸਿੱਖਾਂ ਦੇ ਪ੍ਰੇਮ ਦੇ ਸੱਚ ਨੂੰ ਪਰਖਣ ਲਈ ਸੀਸ ਕਟਾ ਕੇ ਭੇਟ ਕਰਨ ਲਈ ਵੰਗਾਰਿਆ। ਇਸ ਕਸਵੱਟੀ 'ਤੇ ਪੂਰੇ ਉਤਰਨ ਵਾਲੇ ਭਗਤਾਂ, ਸਿੱਖਾਂ ਜਾਂ ਪ੍ਰੇਮੀਆਂ ਨੂੰ ਆਪ ਨੇ ਖਾਲਸੇ ਕਿਹਾ। ਅਜਿਹੇ ਖਾਲਸੇ ਜੋ ਬਿਨਾਂ ਕਿਸੇ ਵਿਚੋਲੇ ਦੇ ਪ੍ਰੇਮ ਅਤੇ ਭਗਤੀ ਦੇ ਮਾਧਿਅਮ ਰਾਹੀਂ ਸਿੱਧੇ ਅਕਾਲ ਪੁਰਖ ਨਾਲ ਜੁੜੇ ਹੋਣ। ਇਸ ਖਾਲਸੇ ਦੀ ਪਰਿਭਾਸ਼ਾ ਦੀ ਕਬੀਰ ਸਾਹਿਬ ਦੁਆਰਾ ਲਗਪਗ ਢਾਈ-ਤਿੰਨ ਸਦੀਆਂ ਪਹਿਲਾਂ ਉਚਾਰੇ ਸ਼ਬਦ 'ਚੋਂ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ:

***ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥*** *(655, ਕਬੀਰ ਜੀ)*

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੇਮ ਦੀ ਖੇਡ ਦੇ ਖਿਡਾਰੀਆਂ ਦੀ ਟੀਮ ਦੇ ਰੂਪ ਵਿਚ ਖਾਲਸਾ ਪੰਥ ਦਾ ਨਿਰਮਾਣ ਕੀਤਾ ਅਤੇ ਇਸ ਟੀਮ ਦੇ ਮੁਖੀ ਦੇ ਤੌਰ 'ਤੇ ਆਪ ਨੇ ਖਾਲਸੇ ਨੂੰ ਕਬੀਰ ਸਾਹਿਬ ਦੀ ਉਪਰੋਕਤ ਪਰਿਭਾਸ਼ਾ 'ਤੇ ਪੂਰੇ ਉਤਰਨ ਦੀ ਇਕ ਤਰ੍ਹਾਂ ਨਾਲ ਹਦਾਇਤ ਕੀਤੀ:

***ਸਾਚ ਕਹੂੰ ਸੁਨ ਲੇਹ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥*** *(ਗੁਰੂ ਗੋਬਿੰਦ ਸਿੰਘ)*

*Original wi*
Jaswant Singh Zafar
*Digitized by;*
Panjab Digital Library

ਕਬੀਰ ਸਾਹਿਬ ਨੇ ਬ੍ਰਾਹਮਣ ਦੁਆਰਾ ਸਥਾਪਿਤ ਕੀਤੇ ਗਏ ਧਰਮ ਦੇ ਠੇਕੇਦਾਰੀ ਪ੍ਰਬੰਧ ਨੂੰ ਇਨਕਾਰਿਆ। ਨਾਲ ਹੀ ਬ੍ਰਾਹਮਣ ਦੇ ਰੱਬ ਦਾ ਦਲਾਲ ਹੋਣ ਦੀ ਸੱਤ੍ਹਾ ਨੂੰ ਵੰਗਾਰਿਆ। ਪਾਖੰਡ ਤੇ ਕਰਮਕਾਂਡ 'ਤੇ ਆਧਾਰਤ ਜਨ ਸਧਾਰਨ ਦੇ ਸ਼ੋਸਣ ਲਈ ਰਚੇ ਉਸ ਧਾਰਮਿਕ ਢਾਂਚੇ ਨੂੰ ਰੱਦ ਕੀਤਾ ਜੋ ਬ੍ਰਾਹਮਣ ਨੂੰ ਧਾਰਮਿਕ ਮੁਖੀ ਹੋਣ ਦਾ ਅਧਿਕਾਰ ਦਿੰਦਾ ਸੀ। ਉਨ੍ਹਾਂ ਭਗਤਾਂ ਅਤੇ ਗੁਰਮੁਖਾਂ ਲਈ ਬ੍ਰਾਹਮਣ ਦੀ ਅਗਵਾਈ ਤੋਂ ਇਨਕਾਰ ਕੀਤਾ:

***ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥*** *(1377, ਕਬੀਰ ਜੀ)*

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਜਗਤ ਤੋਂ ਨਿਆਰਾ ਰਹਿਣ ਲਈ ਕਬੀਰ ਸਾਹਿਬ ਦਾ ਉਪਰੋਕਤ ਕਥਨ ਚਿਤਾਵਨੀ ਸਹਿਤ ਦ੍ਰਿੜ ਕਰਵਾਇਆ:

***ਜਬ ਇਹ ਗਹੈ ਬਿਪਰਨ ਕੀ ਰੀਤ ॥***
***ਮੈ ਨਾ ਕਰੋਂ ਇਨ ਕੀ ਪ੍ਰਤੀਤ ॥*** *(ਗੁਰੂ ਗੋਬਿੰਦ ਸਿੰਘ)*

ਕਬੀਰ ਸਾਹਿਬ ਸਥਾਪਿਤ ਧਰਮਾਂ ਨਾਲ ਜੁੜੇ ਅੰਧ ਵਿਸ਼ਵਾਸਾਂ, ਮਰਿਯਾਦਾਵਾਂ, ਭਾਵਨਾਵਾਂ ਅਤੇ ਰਹੁਰੀਤਾਂ ਦਾ ਸਤਿਕਾਰ ਕਰਨ ਦੇ ਉੱਕਾ ਹੀ ਕਾਇਲ ਨਹੀਂ ਸਨ। ਉਹ ਧਾਰਮਿਕ ਕਰਮਕਾਂਡਾਂ, ਧਾਰਮਿਕ ਭੇਖ ਅਤੇ ਧਾਰਮਿਕ ਰਸਮਾਂ ਦੀ ਪੂਰੀ ਬੇਕਿਰਕੀ ਨਾਲ ਨਿਖੇਧੀ ਕਰਦੇ ਅਤੇ ਖਿੱਲੀ ਉਡਾਉਂਦੇ ਰਹੇ। ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਵੱਖ-ਵੱਖ ਮਜ਼ਹਬਾਂ ਦੇ ਪੈਰੋਕਾਰ ਆਪੋ ਆਪਣੇ ਡੱਬਿਆਂ ਵਿਚ ਬੰਦ ਰਹਿਣ ਅਤੇ ਦੂਸਰਿਆਂ ਲਈ ਓਪਰੇ ਹੋਣ। ਉਹ ਤਰਕ ਦੀ ਛੁਰੀ ਨੂੰ ਕਟਾਕਸ਼ ਦੀ ਸਾਣ 'ਤੇ ਲਾ ਕੇ ਗੱਲ ਕਰਦੇ ਰਹੇ। ਅਜਿਹਾ ਕਰਦਿਆਂ ਉਹਨਾਂ ਨਾ ਕਿਸੇ ਫਿਰਕੇ ਨਾਲ ਵਿਤਕਰਾ ਕੀਤਾ ਅਤੇ ਨਾ ਕਿਸੇ ਨਾਲ ਲਿਹਾਜ਼:

***ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥***
***ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥***
***ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥*** *(476)*

***ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥*** *(477)*

***ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥*** *(484)*

***ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥***
***ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥*** *(654)*

***ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥*** *(1123)*

***ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥ ਭ੍ਰਮ ਕੈ ਭਾਇ ਭਵੈ ਭੇਖਧਾਰੀ ॥*** *(856)*

ਧਰਮ ਦੇ ਭੇਖ ਅਤੇ ਧੰਦੇ ਪ੍ਰਤੀ ਉਨ੍ਹਾਂ ਦੀਆਂ ਇਨ੍ਹਾਂ ਦਲੀਲਾਂ ਨੂੰ ਅਸੀਂ ਚਾਹੀਏ ਤਾਂ ਵਰਤਮਾਨ ਦੌਰ ਵਿਚ ਸਿੱਖੀ ਦੇ ਭੇਖ ਅਤੇ ਸੰਸਥਾਵਾਂ ਤੱਕ ਵਧਾ ਕੇ ਸੁਣ, ਸਮਝ ਅਤੇ ਪਾਲਣ ਕਰ ਸਕਦੇ ਹਾਂ:

***ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥***
***ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥*** *(1365)*

***ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ ॥*** *(856)*

***ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥*** *(338)*

ਕਬੀਰ ਸਾਹਿਬ ਜੇ ਦੂਸਰਿਆਂ ਦੀ ਖੁੱਲ੍ਹ ਕੇ ਆਲੋਚਨਾ ਕਰਦੇ ਹਨ ਤਾਂ ਆਪ ਵੀ ਆਪਣੇ ਵਿਚਾਰਾਂ ਅੰਦਰ

*Original with;*
Jaswant Singh Zafar
*Digitized by;*
Panjab Digital Library

ਬੰਦ ਹੋ ਕੇ ਸੁੰਗੜ ਕੇ ਨਹੀਂ ਬੈਠੇ। ਉਹ ਆਪਣੀ ਆਲੋਚਨਾ ਲਈ ਦੂਸਰਿਆਂ ਨੂੰ ਵੀ ਰੜੇ ਮੈਦਾਨ ਸੱਦਾ ਦਿੰਦੇ ਰਹੇ:

***ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥***
***ਨਿੰਦਾ ਜਨ ਕਉ ਖਰੀ ਪਿਆਰੀ॥*** *(339)*

ਉਨ੍ਹਾਂ ਦੇ ਅਜੇਹੇ ਵਿਚਾਰਧਾਰਾਈ ਪੈਂਤੜੇ ਕਾਰਨ ਉਨ੍ਹਾਂ ਦੇ ਪ੍ਰਸੰਸਕ ਅਤੇ ਪੈਰੋਕਾਰ ਘੱਟ ਪਰ ਵਿਰੋਧੀ ਅਤੇ ਦੁਸ਼ਮਣ ਜ਼ਿਆਦਾ ਬਣੇ। ਨਿਰਾਰਥਕ ਮਨੌਤਾਂ 'ਤੇ ਸਿੱਧੇ ਹਮਲੇ ਕਾਰਨ ਬਹੁਤ ਸਾਰੇ ਲੋਕਾਂ ਦਾ ਉਨ੍ਹਾਂ ਦੇ ਵਿਰੁੱਧ ਹੋਣਾ ਨਿਸਚਤ ਅਤੇ ਸੁਭਾਵਕ ਸੀ। ਪਰ ਕਬੀਰ ਜੀ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਸੀ। ਉਨ੍ਹਾਂ ਵਿਚ ਇਕੱਲਿਆਂ ਖੜ੍ਹਨ ਦੀ ਜੁਰਅਤ ਸੀ, ਆਤਮ ਵਿਸ਼ਵਾਸ ਸੀ। ਉਨ੍ਹਾਂ ਨੂੰ ਆਪਣੀ ਮਹਿਮਾ ਜਾਂ ਉਪਮਾ ਦਾ ਲਾਲਚ ਨਹੀਂ ਸੀ। ਉਨ੍ਹਾਂ ਨੂੰ ਝੂਠੀ ਨਿਮਰਤਾ ਦੇ ਨਾਟਕ ਦੀ ਵੀ ਲੋੜ ਨਹੀਂ ਸੀ:

***ਜਬ ਹਮ ਏਕੋ ਏਕੁ ਕਰਿ ਜਾਨਿਆ॥***
***ਤਬ ਲੋਗਹ ਕਾਹੇ ਦੁਖੁ ਮਾਨਿਆ॥***
***ਹਮ ਅਪਤਹ ਅਪੁਨੀ ਪਤਿ ਖੋਈ॥***
***ਹਮਰੈ ਖੋਜਿ ਪਰਹੁ ਮਤਿ ਕੋਈ॥***
***ਹਮ ਮੰਦੇ ਮੰਦੇ ਮਨ ਮਾਹੀ॥***
***ਸਾਝ ਪਾਤਿ ਕਾਹੂ ਸਿਉ ਨਾਹੀ॥***
***ਪਤਿ ਅਪਤਿ ਤਾ ਕੀ ਨਹੀ ਲਾਜ॥***
***ਤਬ ਜਾਨਹੁਗੇ ਜਬ ਉਘਰੈਗੋ ਪਾਜ॥*** *(324)*

ਸੋਭਾ ਜਾਂ ਪਰਸੰਸਾ ਦੀ ਥਾਂ ਸੰਵਾਦ ਕਬੀਰ ਸਾਹਿਬ ਦੀ ਵੱਡੀ ਲੋੜ ਸੀ। ਸੰਵਾਦ ਤੋਂ ਬਗੈਰ ਧਾਰਮਿਕ ਮਨੌਤਾਂ ਦਾ ਵਿਸਥਾਪਨ ਅਤੇ ਵਿਸਥਾਪਨ ਤੋਂ ਬਗੈਰ ਧਰਮ ਦਾ ਵਿਕਾਸ ਸੰਭਵ ਨਹੀਂ। ਉਹ ਧਰਮ ਦੀ ਖੜ੍ਹੋਤ ਨਹੀਂ ਵਿਕਾਸ ਚਾਹੁੰਦੇ ਸਨ। ਇਸ ਵਿਕਾਸ ਨੂੰ ਏਕਤਾ, ਇਕਸੁਰਤਾ, ਬਰਾਬਰੀ ਅਤੇ ਆਜ਼ਾਦੀ ਦੀ ਦਿਸ਼ਾ ਵਿਚ ਪਰਵਾਹਿਤ ਕਰਨ ਦੇ ਜਜ਼ਬੇ ਨਾਲ ਭਰਪੂਰ ਸਨ:

***ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥***
***ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ॥***
***ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥***
***ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥*** *(483)*

ਇਸ ਚਰਚਾ ਨਾਲ ਅਸੀਂ ਸਮਝ ਸਕਦੇ ਹਾਂ ਕਿ ਕਬੀਰ ਹੋਣ ਦੇ ਮਹੱਤਵ ਦੀ ਸਿਰਫ਼ ਏਨੀ ਕਹਾਣੀ ਨਹੀਂ ਕਿ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਜਾਂ ਉਨ੍ਹਾਂ ਦੀ ਬਾਣੀ ਬਾਕੀ ਭਗਤ ਬਾਣੀਕਾਰਾਂ ਨਾਲੋਂ ਵਧੇਰੇ ਮਾਤਰਾ ਅਤੇ ਪਹਿਲੇ ਨੰਬਰ 'ਤੇ ਦਰਜ ਹੈ, ਕਹਾਣੀ ਇਸ ਤੋਂ ਕਿਤੇ ਅੱਗੇ ਹੈ। ਕਬੀਰ ਹੋਣ ਦੇ ਮਹੱਤਵ ਨੂੰ ਅਸੀਂ ਉਨ੍ਹਾਂ ਦੀ ਕੇਵਲ ਉਸ ਰਚਨਾ 'ਚੋਂ ਪਛਾਨਣ ਦਾ ਯਤਨ ਕੀਤਾ ਹੈ ਜੋ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਹੋ ਸਕਦਾ ਹੈ ਕਿ ਉਨ੍ਹਾਂ ਦੀ ਸਮੁੱਚੀ ਰਚਨਾ ਨਾਲ ਉਨ੍ਹਾਂ ਦੇ ਮਹੱਤਵ ਦੇ ਹੋਰ ਅਨੇਕਾਂ ਪਾਸਾਰ ਅਤੇ ਵਿਸਥਾਰ ਜੁੜੇ ਹੋਣ। ਜਾਂਦੇ-ਜਾਂਦੇ ਕਬੀਰ ਸਾਹਿਬ ਦਾ ਇਕ ਸ਼ਬਦ ਅਤੇ ਬੁੱਲੇ ਸ਼ਾਹ ਦੀ ਸਮਝੀ ਜਾਂਦੀ ਅਤੇ ਲੋਕ ਗੀਤ ਵਾਂਗ ਪ੍ਰਚੱਲਤ ਸੁਲਤਾਨ ਬਾਹੂ ਦੀ ਇਕ ਰਚਨਾ ਪੜ੍ਹਦੇ ਹਾਂ। ਇਨ੍ਹਾਂ ਤੋਂ ਇਹ ਅਨੁਮਾਨ ਜੋ ਜਾਂਦਾ ਹੈ ਕਿ ਕਬੀਰ ਸਾਹਿਬ ਦੀ ਰਚਨਾ ਸੂਫ਼ੀ-ਕਾਵਿ ਅਤੇ ਲੋਕ-ਕਾਵਿ 'ਤੇ ਕਿਸ ਕਦਰ ਅਸਰ ਅੰਦਾਜ਼ ਹੋਈ:

***ਨਗਨ ਫਿਰਤ ਜੌ ਪਾਈਐ ਜੋਗੁ॥***

Original with:
Jaswant Singh Zafar
Digitized by;
Panjab Digital Library

ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥
ਮੂਡ ਮੁੰਡਾਏ ਜੌ ਸਿਧਿ ਪਾਈ ॥
ਮੁਕਤੀ ਭੇਡ ਨ ਗਈਆ ਕਾਈ ॥
ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥
ਕਹੁ ਕਬੀਰ ਸੁਨਹੁ ਨਰ ਭਾਈ ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥

*(324, ਕਬੀਰ ਜੀ)*

ਜੇ ਰੱਬ ਨ੍ਹਾਤਿਆਂ ਧੋਤਿਆਂ ਮਿਲਦਾ
ਮਿਲਦਾ ਡੱਡੂਆਂ ਮੱਛੀਆਂ ਹੂ।
ਜੇ ਰੱਬ ਮੋਨ ਮੁੰਨਾਇਆਂ ਮਿਲਦਾ
ਮਿਲਦਾ ਭੇਡਾਂ ਸੱਸੀਆਂ ਹੂ।
ਜੇ ਰੱਬ ਰਾਤੀਂ ਜਾਗਿਆਂ ਮਿਲਦਾ
ਮਿਲਦਾ ਕਾਲ ਕੜੱਛੀਆਂ ਹੂ।
ਜੇ ਰੱਬ ਜਤੀਆਂ ਸਤੀਆਂ ਮਿਲਦਾ
ਮਿਲਦਾ ਡਾਡਾਂ ਖੱਸੀਆਂ ਹੂ।
ਰੱਬ ਉਨ੍ਹਾਂ ਨੂੰ ਮਿਲਦਾ ਬਾਹੂ
ਨੀਤਾਂ ਜਿਨ੍ਹਾਂ ਦੀਆਂ ਅੱਛੀਆਂ ਹੂ।

(ਸੁਲਤਾਨ ਬਾਹੂ)



*Original with;*
Jaswant Singh Zafar
*Digitized by;*
Panjab Digital Library

## ॥ ਸੈਣ ਜੀ: ਮੰਗਲਾ ਹਰਿ ਮੰਗਲਾ ॥



*Original with;*
Jaswant Singh Zafar
*Digitized by;*
Panjab Digital Library



ਗੁਰੂ ਗਰੰਥ ਸਾਹਿਬ ਦੇ ਪੰਨਾ 695 ਉੱਤੇ ਧਨਾਸਰੀ ਰਾਗ ਵਿਚ ਭਗਤ ਸੈਣ ਜੀ ਦਾ ਇਹ ਸ਼ਬਦ ਦਰਜ ਹੈ:

***ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥***
***ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ਰਹਾਉ ॥***
***ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀ ਨਿਰੰਜਨੁ ਕਮਲਾ ਪਾਤੀ ॥***
***ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥***
***ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥***

ਇਹ ਸ਼ਬਦ ਭਗਤ ਸੈਣ ਦੀ ਪਰਮਾਤਮਾ ਦੇ ਸਰਗੁਣ ਤੋਂ ਨਿਰਗੁਣ ਸਰੂਪ ਵੱਲ ਵਿਕਸਤ ਹੋਈ ਸਮਝ ਅਤੇ ਵਿਸ਼ਵਾਸ ਦੀ ਯਾਤਰਾ ਨੂੰ ਦਰਸਾਉਂਦਾ ਹੈ। ਰਹਾਉ ਵਾਲੀ ਪੰਕਤੀ ਸਮੇਤ ਸ਼ਬਦ ਦੀਆਂ ਕੁਲ 5 ਸਤਰਾਂ ਹਨ। ਪਰ ਇਹਨਾਂ 5 ਸਤਰਾਂ ਵਿਚ ਪਰਮਾਤਮਾ ਨੂੰ 7 ਨਾਵਾਂ ਨਾਲ ਯਾਦ ਕੀਤਾ ਗਿਆ ਹੈ, ਜਿਵੇਂ ਕਮਲਾਪਤੀ, ਹਰਿ, ਰਾਮਰਾਇ, ਨਿਰੰਜਨ, ਰਾਮ, ਪਰਮਾਨੰਦੁ ਅਤੇ ਗੋਬਿੰਦ। ਇਸ ਤੋਂ ਭਗਤ ਜੀ ਦੇ ਪਰਮਾਤਮਾ ਨਾਲ ਸਬੰਧ ਅਤੇ ਲਗਾਓ ਦੀ ਖ਼ਬਰ ਮਿਲ ਜਾਂਦੀ ਹੈ। ਅਸੀਂ ਕਿਸੇ ਬੱਚੇ ਨੂੰ ਜਿੰਨਾ ਜ਼ਿਆਦਾ ਲਾਡ ਪਿਆਰ ਕਰਦੇ ਹੋਈਏ ਓਨੇ ਹੀ ਜ਼ਿਆਦਾ ਨਾਵਾਂ ਨਾਲ ਬੁਲਾਉਂਦੇ ਹਾਂ। ਹਰ ਵਾਰ ਨਵੇਂ ਤੋਂ ਨਵੇਂ ਨਾਂ ਨਾਲ ਬੁਲਾਉਣ ਨੂੰ ਮਨ ਕਰਦਾ ਹੈ, ਜਿਵੇਂ ਪਹਿਲੇ ਨਾਵਾਂ ਨਾਲ ਬੁਲਾਉਣ ’ਤੇ ਹਰ ਵਾਰ ਕੁਝ ਪਿਆਰ ਪ੍ਰਗਟ ਹੋਣੋਂ ਬਚ ਰਹਿੰਦਾ ਹੋਵੇ ਅਤੇ ਅਗਲੀ ਵਾਰੀ ਬਚਦੇ ਪਿਆਰ ਦਾ ਇਜ਼ਹਾਰ ਕਰਨ ਲਈ ਨਵਾਂ ਨਾਂ ਤਲਾਸ਼ਦੇ ਹਾਂ। ਇਕ ਹੋਰ ਵੀ ਉਦਾਹਰਣ ਦੇਖ ਸਕਦੇ ਹਾਂ। ਸਾਡਾ ਆਪਣੇ ਚਾਚੇ ਤਾਏ ਦੇ ਮੁਕਾਬਲੇ ਪਿਤਾ ਨਾਲ ਰਿਸ਼ਤਾ ਜ਼ਿਆਦਾ ਕਰੀਬ ਦਾ ਹੁੰਦਾ ਹੈ। ਸਾਂਝ ਅਤੇ ਨਿਰਭਰਤਾ ਵੱਧ ਹੁੰਦੀ ਹੈ। ਇਸ ਲਈ ਪੰਜਾਬੀ ਵਿਚ ਪਿਤਾ ਲਈ ਕਈ ਸ਼ਬਦ ਹਨ ਜਿਵੇਂ ਭਾਪਾ, ਭਾਈਆ, ਬਾਪੂ, ਅੱਬਾ, ਅੱਬੂ, ਬਾਈ, ਪਿਤਾ ਜੀ ਆਦਿ। ਪਰ ਚਾਚੇ ਲਈ ਸਿਰਫ਼ ਚਾਚਾ ਹੈ ਅਤੇ ਤਾਏ ਲਈ ਸਿਰਫ਼ ਤਾਇਆ ਹੈ। ਲਾਡ ਪਿਆਰ ਬਹੁਤਾ ਹੀ ਭਾਰੂ ਹੋ ਜਾਵੇ ਤਾਂ ਚਾਚੂ ਜਾਂ ਤਾਊ ਨਾਲ ਹੀ ਕੰਮ ਚਲਾਉਣਾ ਪੈਂਦਾ ਹੈ। ਮਾਤਾ ਲਈ ਵੀ ਅਨੇਕਾਂ ਸ਼ਬਦ ਹਨ, ਜਿਵੇਂ ਮਾਂ, ਮਾਈ, ਬੀਬੀ, ਬੇਬੇ, ਅੰਮੀ, ਝਾਈ ਆਦਿ। ਪਰ ਚਾਚੀ ਲਈ ਸਿਰਫ਼ ਚਾਚੀ ਅਤੇ ਤਾਈ ਲਈ ਸਿਰਫ਼ ਤਾਈ ਹੈ। ਭਗਤ ਸੈਣ ਜੀ ਦੇ ਉਪਰੋਕਤ ਸ਼ਬਦ ਤੋਂ ਅਨੁਮਾਨ ਹੋ ਜਾਂਦਾ ਹੈ ਕਿ ਭਗਤ ਸੈਣ ਪਰਮਾਤਮਾ ਨਾਲ ਪਿਆਰ ਦੇ ਕਿੰਨੇ ਗੂੜ੍ਹੇ ਰੰਗ ਵਿਚ ਰੰਗੇ ਹੋਏ ਸਨ। ਇਹ ਪਿਆਰ ਕਿੰਨੀ ਨੇੜਤਾ ਅਤੇ ਅਪਣੱਤ ਵਾਲਾ ਸੀ, ਕਿੰਨਾ ਲਾਡ-ਮੁਖੀ ਸੀ।

ਭਗਤ ਸੈਣ ਜੀ ਦੀ ਜਾਤ ਅਤੇ ਕਿਰਤ ਨਾਈ ਦੀ ਸੀ। ਅੱਜ ਕੱਲ੍ਹ ਅਸੀਂ ਨਾਈ ਤੋਂ ਭਾਵ ਵਾਲ ਕੱਟਣ ਵਾਲਾ

Original with;
Jaswant Singh Zafar
Digitized by;
Panjab Digital Library

ਜਾਂ ਹਜਾਮਤਾਂ ਬਣਾਉਣ ਵਾਲਾ ਹੀ ਸਮਝਦੇ ਹਾਂ। ਮੈਂ ਆਪਣੇ ਬਚਪਨ ਵਿਚ ਦੇਖਿਆ ਹੈ ਕਿ ਸਾਡੇ ਪਿੰਡ ਦੇ ਸ੍ਰੀ ਪੂਰਨ ਚੰਦ (ਮੇਰੇ ਪ੍ਰਾਇਮਰੀ ਸਕੂਲ ਦੇ ਜਮਾਤੀ ਬਲਜਿੰਦਰ ਦੇ ਦਾਦਾ ਜੀ) ਆਪਣੀ ਨਿੱਕੀ ਸੰਦੂਕੜੀ ਜਾਂ ਝੋਲਾ ਲੈ ਕੇ ਖੂਹਾਂ 'ਤੇ (ਖੇਤਾਂ 'ਚ) ਜਾਂਦੇ ਸਨ। ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਦੇ ਨਹੁੰ ਕੱਟਦੇ, ਕੰਡੇ ਕੱਢਦੇ, ਭੌਰੀਆਂ ਠੀਕ ਕਰਦੇ, ਵਾਲ ਕਟਾਉਣ ਵਾਲਿਆਂ ਦੇ ਵਾਲ ਕੱਟਦੇ, ਫੋੜੇ ਫਿਨਸੀਆਂ 'ਤੇ ਮਲ੍ਹਮਾਂ ਲਾਉਂਦੇ। ਹਾੜ੍ਹੀ ਸਾਉਣੀ ਹਰੇਕ ਫਸਲ 'ਤੇ ਉਹਨਾਂ ਨੂੰ ਅਨਾਜ, ਗੁੜ ਆਦਿ ਸੇਵਾਫਲ ਵਜੋਂ ਦਿੱਤਾ ਜਾਂਦਾ। ਉਹ ਥੋੜ੍ਹੀ ਬਹੁਤੀ ਹਿਕਮਤ (ਦੇਸੀ ਇਲਾਜ) ਵੀ ਜਾਣਦੇ ਸਨ। ਕਈ ਵਾਰ ਸਾਡੇ ਖੇਤੋਂ ਜਾਮਣਾਂ ਦੀਆਂ ਗਿਟਕਾਂ, ਅਨਾਰਾਂ ਦੇ ਛਿਲਕੇ ਅਤੇ ਕਈ ਤਰ੍ਹਾਂ ਦੀਆਂ ਜੜ੍ਹੀ ਬੂਟੀਆਂ ਲੈ ਕੇ ਆਉਂਦੇ। ਇਹਨਾਂ ਨੂੰ ਸੁਕਾ ਕੇ, ਪੀਸ ਕੇ ਦੇਸੀ ਦਵਾਈਆਂ ਬਣਾਉਂਦੇ। ਜ਼ਖ਼ਮ ਸਾਫ ਕਰਕੇ ਦੇਸੀ ਮੱਲ੍ਹਮ ਲਾ ਕੇ ਪੱਟੀ ਕਰ ਦਿੰਦੇ ਸਨ। ਫੋੜੇ ਨੂੰ ਚੀਰਾ ਦੇਣ ਵਰਗੀ ਛੋਟੀ ਮੋਟੀ ਸਰਜਰੀ ਵੀ ਕਰ ਲੈਂਦੇ ਸਨ।

ਵਿਆਹਾਂ ਸ਼ਾਦੀਆਂ ਵਿਚ ਨਾਈ ਉਸ ਪਰਿਵਾਰ ਦੇ ਸਹਾਇਕ ਦਾ ਕੰਮ ਕਰਦੇ ਸਨ, ਜਿਵੇਂ ਖਾਣਾ ਬਣਾਉਣਾ, ਪਰੋਸਣਾ, ਸੱਦੇ ਸੁਨੇਹੇ ਦੇਣਾ, ਕੱਪੜੇ ਲੀੜੇ ਸੰਭਾਲਣਾ ਆਦਿ। ਵਿਆਂਦੜ ਦੇ ਵਟਣਾ ਲਾਉਣ, ਨਹਾਉਣ, ਤਿਆਰ ਹੋਣ 'ਚ ਸਹਾਇਤਾ ਕਰਨਾ ਇਹਨਾਂ ਦੀ ਕਿਰਤ ਦਾ ਹਿੱਸਾ ਸੀ। ਗ਼ਮੀ ਦੇ ਮੌਕਿਆਂ 'ਤੇ ਵੀ ਇਹ ਪਰਿਵਾਰ ਦੇ ਸਹਾਇਕ ਦਾ ਕੰਮ ਕਰਦੇ ਸਨ। ਹਰ ਤਰ੍ਹਾਂ ਦੀਆਂ ਰਸਮਾਂ ਵੇਲੇ ਇਹ ਵਿਆਂਦੜ ਜਾਂ ਪਰਿਵਾਰ ਦੇ ਮੁਖੀ ਦੇ ਅੰਗ-ਸੰਗ ਭਾਵ ਲਾਗੇ ਰਹਿੰਦੇ ਸਨ। ਨਿੱਜੀ ਸਹਾਇਕ ਵਜੋਂ ਹੁਕਮ ਬਜਾਉਣ ਅਤੇ ਲਾਗੇ ਰਹਿਣ ਕਰਕੇ ਇਹਨਾਂ ਨੂੰ ਲਾਗੀ ਕਿਹਾ ਜਾਂਦਾ ਸੀ। ਇਸ ਕਿਰਤ ਬਦਲੇ ਮਿਲਣ ਵਾਲੇ ਸੇਵਾਫਲ ਨੂੰ ਲਾਗ ਕਿਹਾ ਜਾਂਦਾ ਸੀ। ਜਦ ਲੜਕੀ ਵਿਆਹ ਕੇ ਸਹੁਰੇ ਜਾਂਦੀ ਤਾਂ ਨਾਈ ਪਰਿਵਾਰ ਦੀ ਸਿਆਣੀ ਔਰਤ ਉਸਦੇ ਨਾਲ ਨਿੱਜੀ ਸੇਵਕਾ ਵਜੋਂ ਜਾਂਦੀ। ਉਥੇ ਉਹ ਇਕ ਦੋ ਦਿਨ ਲੜਕੀ ਦੀ ਦੇਖ ਭਾਲ ਕਰਦੀ, ਉਸ ਦੇ ਖਾਣ ਪੀਣ, ਪਹਿਨਣ ਅਤੇ ਆਰਾਮ ਦਾ ਖਿਆਲ ਰੱਖਦੀ। ਵਾਪਸ ਮੁੜਦੀ ਤਾਂ ਕੁੜੀ ਦੇ ਸਹੁਰੇ ਪਰਿਵਾਰ ਵਲੋਂ ਉਸ ਨੂੰ ਇਸ ਸੇਵਾ ਬਦਲੇ ਲਾਗ ਦਿੱਤਾ ਜਾਂਦਾ। ਅਜਿਹੀ ਕਿਰਤ ਕਰਨ ਵਾਲੀ ਨਾਈ ਜਾਤੀ ਨੂੰ ਸਾਡੇ ਸਮਾਜ ਵਿਚ ਛੋਟੀ ਮੰਨਿਆਂ ਜਾਂਦਾ ਰਿਹਾ ਹੈ। ਉਹਨਾਂ ਵਲੋਂ ਨਿਭਾਈਆਂ ਜਾਂਦੀਆਂ ਉਪਰੋਕਤ ਸਾਰੀਆਂ ਮਹੱਤਵ ਪੂਰਨ ਜ਼ਿੰਮੇਵਾਰੀਆਂ ਨੂੰ ਬੁੱਤੀਆਂ (ਨਿੱਕੇ ਕੰਮ) ਆਖਿਆ ਜਾਂਦਾ ਸੀ।

ਪਹਿਲੇ ਸਮੇਂ ਵਿਚ ਆਮ ਲੋਕ ਤਾਂ ਪਰਿਵਾਰ ਵਿਚ ਖੁਸ਼ੀ ਗ਼ਮੀ ਦੇ ਮੌਕਿਆਂ 'ਤੇ ਜਾਂ ਪਰਿਵਾਰਕ ਇਕੱਠਾਂ ਵੇਲੇ ਨਾਈ ਦੀਆਂ ਸੇਵਾਵਾਂ ਲੈਂਦੇ ਸਨ ਪਰ ਰਾਜੇ ਰਾਣੇ ਆਪਣੀਆਂ ਨਿੱਜੀ ਕਿਰਿਆਵਾਂ 'ਚ ਸਹਾਇਤਾ ਅਤੇ ਸਰੀਰਕ ਸੰਭਾਲ ਲਈ ਨਾਈ ਨੂੰ ਪੱਕੇ ਤੌਰ 'ਤੇ ਆਪਣੀ ਸੇਵਾ ਵਿਚ ਹਾਜ਼ਰ ਰੱਖਦੇ ਸਨ। ਭਗਤ ਸੈਣ ਜੀ ਬਾਂਧਵਗੜ੍ਹ (ਰੇਵਾ) ਰਿਆਸਤ ਦੇ ਰਾਜੇ ਪਾਸ ਅਜਿਹੀ ਨੌਕਰੀ ਹੀ ਕਰਦੇ ਸਨ। ਰਾਜੇ ਨੂੰ ਇਸ਼ਨਾਨ ਕਰਾਉਣਾ, ਨਹੁੰ ਲਾਹੁਣੇ, ਮੁੱਠੀ ਚਾਪੀ ਕਰਨਾ, ਕਪੜੇ ਸੰਭਾਲਣੇ ਆਦਿ ਉਹਨਾਂ ਦੀ ਕਿਰਤ ਸੀ। ਉਹਨਾਂ ਬਚਪਨ ਵਿਚ ਲਹੌਰ ਆਪਣੀ ਭੂਆ ਕੋਲ ਰਹਿੰਦਿਆਂ ਥੋੜ੍ਹੀ ਬਹੁਤੀ ਹਿਕਮਤ ਵੀ ਸਿੱਖੀ ਹੋਈ ਸੀ। ਆਪਣੇ ਸਾਰੇ ਕੰਮਾਂ ਨੂੰ ਤਨਦੇਹੀ ਨਾਲ ਨਿਭਾਉਣ ਪਿਛੋਂ ਜਦ ਵਿਹਲੇ ਹੁੰਦੇ ਤਾਂ ਸ਼ਬਦ ਸਾਧਨਾ ਵਿਚ ਜੁਟ ਜਾਂਦੇ। ਕਬੀਰ ਸਾਹਿਬ ਦਾ ਕਾਵਿ ਪੜ੍ਹ ਕੇ ਅਤੇ ਉਹਨਾਂ ਬਾਬਤ ਸੁਣ ਕੇ ਆਪ ਬੜੇ ਪ੍ਰਭਾਵਤ ਅਤੇ ਪ੍ਰੇਰਤ ਹੋਏ। ਮਨ ਵਿਚ ਉਹਨਾਂ ਜੈਸਾ ਹੋਣ ਦੀ ਰੀਝ ਜਾਗੀ। ਇਸ ਲਈ ਆਪ ਵੀ ਕਬੀਰ ਜੀ ਵਾਂਗ ਸਵਾਮੀ ਰਾਮਾਨੰਦ ਜੀ ਪਾਸੋਂ ਦੀਖਿਆ ਲੈ ਕੇ ਉਹਨਾਂ ਦੇ ਸਿੱਖ ਬਣੇ। ਇਸ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ:

***ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।***
***ਪ੍ਰੇਮ ਭਗਤਿ ਰਾਤੀ ਕਰੇ ਭਲਕੈ ਰਾਜ ਦੁਆਰੈ ਜਾਈ।***

ਭਗਤ ਰਾਮਾਨੰਦ ਜੀ ਦੇ ਉਪਦੇਸ਼ ਅਤੇ ਗੁਰਭਾਈ ਕਬੀਰ ਦੀ ਸੁਹਬਤ ਨਾਲ ਸੈਣ ਜੀ ਬਹੁਤ ਉੱਚੇ ਪੱਧਰ ਦੇ ਸੁਖਨਵਰ ਹੋ ਨਿਬੜੇ। ਉਹਨਾਂ ਪਾਸ ਸਮਕਾਲੀ ਕਵੀਆਂ, ਚਿੰਤਕਾਂ, ਵਿਦਵਾਨਾਂ ਦਾ ਅਕਸਰ ਆਉਣ ਜਾਣ

Original with:
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library



ਬਣਿਆਂ ਰਹਿੰਦਾ ਸੀ। ਉਹਨਾਂ ਦੀ ਕਾਵਿ ਪ੍ਰਤਿਭਾ ਕਾਰਨ ਰਾਜਾ ਉਹਨਾਂ ਦਾ ਬਹੁਤ ਸਤਿਕਾਰ ਕਰਦਾ ਸੀ। ਰਾਜੇ ਦੇ ਨਿੱਜੀ ਸਹਾਇਕ ਹੋਣ ਕਰਕੇ ਵੰਨ-ਸੁਵੰਨੇ ਲੋਕਾਂ ਨਾਲ ਮੇਲ ਮਿਲਾਪ ਅਤੇ ਜਾਣਕਾਰੀ ਹਾਸਲ ਕਰਨ ਦਾ ਸਬੱਬ ਵੀ ਬਣਿਆਂ ਰਹਿੰਦਾ ਸੀ। ਉਹਨਾਂ ਦੀ ਜਾਤੀ ਨੂੰ ਭਾਵੇਂ ਨੀਵਾਂ ਸਮਝਿਆ ਜਾਂਦਾ ਸੀ ਪਰ ਆਪਣੀ ਸ਼ਬਦ ਸਾਧਨਾ ਅਤੇ ਰਚਨਾ ਕਾਰਨ ਆਪ ਉਸ ਸਮੇਂ ਦੇ ਪ੍ਰਸਿੱਧ ਭਗਤਾਂ, ਕਵੀਆਂ, ਵਿਦਵਾਨਾਂ ਵਿਚ ਗਿਣੇ ਜਾਣ ਲੱਗੇ ਅਤੇ ਹੋਰਾਂ ਲਈ ਪ੍ਰੇਰਨਾ ਸਰੋਤ ਬਣਨ ਲੱਗੇ। ਕਿਰਤ ਅਤੇ ਕੀਰਤੀ ਦੇ ਸੁਮੇਲ ਭਗਤ ਸੈਣ ਜੀ ਬਾਬਤ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ:

***ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥***
***ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥***
***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*** *(488, ਮ.5)*

Original with;
Jaswant Singh Zafar
Digitized by;
Panjab Digital Library

ਇਸ ਤਰ੍ਹਾਂ ਭਗਤ ਸੈਣ ਦੀ ਦੂਰ-ਦੂਰ ਤੱਕ ਫੈਲੀ ਸੋਭਾ ਵਡਿਆਈ ਕਾਰਨ ਦੂਰ ਦੇ ਇਲਾਕੇ ਰਾਜਸਥਾਨ ਵਿਚ ਬੈਠੇ ਭਗਤ ਧੰਨਾ ਜੀ ਨੂੰ ਭਗਤੀ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਮਿਲੀ ਅਤੇ ਉਹ ਵੀ ਸਵਾਮੀ ਰਾਮਾਨੰਦ ਜੀ ਦੀ ਸ਼ਰਨ ਵਿਚ ਆ ਗਏ। ਸੈਣ ਜੀ ਦਾ ਭਾਵੇਂ ਸ੍ਰੀ ਆਦਿ ਗਰੰਥ ਸਾਹਿਬ ਵਿਚ ਕੇਵਲ ਇਕ ਸ਼ਬਦ ਦਰਜ ਹੈ ਪਰ ਉਹਨਾਂ ਦੇ ਸਮਕਾਲੀ ਭਗਤਾਂ ਅਤੇ ਮਗਰਲੇ ਬਾਣੀਕਾਰਾਂ ਵਲੋਂ ਆਪਣੀਆਂ ਰਚਨਾਵਾਂ ਵਿਚ ਉਹਨਾਂ ਦੀ ਬਹੁਤ ਵੱਡੀ ਮਹਾਨਤਾ ਨੂੰ ਦਰਜ ਕੀਤਾ ਹੈ। ਰਵਿਦਾਸ ਜੀ ਨੇ ਹੋਰ ਬਾਣੀਕਾਰਾਂ ਦੇ ਨਾਲ-ਨਾਲ ਭਗਤ ਸੈਨ ਜੀ ਦੀ ਮਹਿਮਾ ਵਡਿਆਈ ਕਰਦਿਆਂ ਬੜਾ ਆਦਰ ਭਾਵ ਪ੍ਰਗਟ ਕੀਤਾ ਹੈ ਅਤੇ ਇਸ ਗੁਰਭਾਈ ਨੂੰ ਬੜੇ ਪਹੁੰਚੇ ਹੋਏ ਮਹਾਂਪੁਰਸ਼ ਤਸਲੀਮ ਕੀਤਾ ਹੈ:

**ਸੈਣ ਜੀ ਦਾ ਭਾਵੇਂ ਸ੍ਰੀ ਆਦਿ ਗਰੰਥ ਸਾਹਿਬ ਵਿਚ ਕੇਵਲ ਇਕ ਸ਼ਬਦ ਦਰਜ ਹੈ ਪਰ ਉਹਨਾਂ ਦੇ ਸਮਕਾਲੀ ਭਗਤਾਂ ਅਤੇ ਮਗਰਲੇ ਬਾਣੀਕਾਰਾਂ ਵਲੋਂ ਆਪਣੀਆਂ ਰਚਨਾਵਾਂ ਵਿਚ ਉਹਨਾਂ ਦੀ ਬਹੁਤ ਵੱਡੀ ਮਹਾਨਤਾ ਨੂੰ ਦਰਜ ਕੀਤਾ ਹੈ। ਰਵਿਦਾਸ ਜੀ ਨੇ ਹੋਰ ਬਾਣੀਕਾਰਾਂ ਦੇ ਨਾਲ-ਨਾਲ ਭਗਤ ਸੈਨ ਜੀ ਦੀ ਮਹਿਮਾ ਵਡਿਆਈ ਕਰਦਿਆਂ ਬੜਾ ਆਦਰ ਭਾਵ ਪ੍ਰਗਟ ਕੀਤਾ ਹੈ।**

***ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥***
***ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥*** *(1106, ਰਵਿਦਾਸ ਜੀ)*

ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਕੇਵਲ ਬਾਣੀ ਨੂੰ ਹੀ ਸ੍ਰੀ ਆਦਿ ਗਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤਾ ਸਗੋਂ ਜਿਹਨਾਂ ਉਘੀਆਂ ਸ਼ਖ਼ਸੀਅਤਾਂ ਨੂੰ ਉਹ ਆਪਣਾ ਰੋਲ ਮਾਡਲ ਮੰਨਦੇ ਸਨ, ਜਿਹਨਾਂ ਵਰਗੀ ਜੀਵਨ ਸ਼ੈਲੀ ਧਾਰਨ ਕਰਨਾ ਲੋੜਦੇ ਸਨ, ਜਿਹਨਾਂ ਵਰਗੀ ਆਤਮਿਕ ਅਵੱਸਥਾ ਗ੍ਰਹਿਣ ਕਰਨ ਦੀ ਚਾਹਤ ਰੱਖਦੇ ਸਨ ਅਤੇ ਜਿਹਨਾਂ ਵਰਗੀ ਰੱਬੀ ਬਖਸ਼ਿਸ਼ ਦੇ ਪਾਤਰ ਬਣਨ ਦੀ ਪ੍ਰਾਰਥਨਾ ਕਰਦੇ ਸਨ ਉਹਨਾਂ ਵਿਚ ਭਗਤ ਸੈਣ ਜੀ ਦਾ ਨਾਮ ਉਚੇਚਾ ਸ਼ਾਮਲ ਕਰਕੇ ਗੁਰੂ ਗਰੰਥ ਸਾਹਿਬ ਵਿਚ ਸਦੀਵ ਕਾਲ ਲਈ ਦਰਜ ਕੀਤਾ:

***ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥***
***ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥*** *(1192, ਮ.5)*

ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੁਰੂ ਅਰਜਨ ਸਾਹਿਬ ਆਪਣੇ ਸਿੱਖਾਂ ਤੋਂ ਭਗਤ ਸੈਣ ਜੀ ਅਤੇ ਗੁਰਿਆਈ ਦੀ ਰੀਤ ਸਥਾਪਿਤ ਹੋਣ ਤੋਂ ਪੂਰਬਲੇ ਹੋਰ ਬਾਣੀਕਾਰਾਂ ਪ੍ਰਤੀ ਕਿੰਨੇ ਮਾਣ, ਸਤਿਕਾਰ ਅਤੇ ਸ਼ਰਧਾ ਦੀ ਤਵੱਕੋਂ ਕਰਦੇ ਹਨ।

*Original with;*
Jaswant Singh Zafar
*Digitized by;*
Panjab Digital Library

# ॥ ਧੰਨਾ ਜੀ: ਬਾਣੀ ਜਾਂ ਕਹਾਣੀ ॥



*Original with;*
Jaswant Singh Zafar
*Digitized by;*
Panjab Digital Library



ਗੁਰੂ ਨਾਨਕ ਵਾਂਗ ਉਹਨਾਂ ਤੋਂ ਪੂਰਬਲੇ ਬਾਣੀਕਾਰਾਂ ਨਾਲ ਸਬੰਧਤ ਚਮਤਕਾਰਾਂ ਦੀਆਂ ਵੀ ਬਹੁਤ ਸਾਰੀਆਂ ਸਾਖੀਆਂ ਜਾਂ ਕਥਾਵਾਂ ਪ੍ਰਚਲਤ ਹਨ। ਇਹਨਾਂ ਵਿਚੋਂ ਕਈਆਂ ਦਾ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਰਾਹੀਂ ਚਿਤਰਨ ਵੀ ਕੀਤਾ ਹੈ। ਪਰ ਲਗਪਗ ਸਾਰੀਆਂ ਕਥਾਵਾਂ ਰਾਹੀਂ ਦਰਸਾਏ ਗਏ ਚਮਤਕਾਰਾਂ ਦੀ ਸਚਾਈ ਦੀ ਇਹਨਾਂ ਬਾਣੀਕਾਰਾਂ ਦੀ ਰਚਨਾ 'ਚੋਂ ਜਾਂ ਗੁਰੂ ਸਾਹਿਬਾਨ ਵਲੋਂ ਇਹਨਾਂ ਬਾਣੀਕਾਰਾਂ ਬਾਰੇ ਉਚਾਰੇ ਸ਼ਬਦਾਂ 'ਚੋਂ ਪੁਸ਼ਟੀ ਨਹੀਂ ਹੁੰਦੀ। ਪਰ ਅਫਸੋਸ ਇਸ ਗੱਲ ਦਾ ਹੈ ਕਿ ਇਹਨਾਂ ਮਹਾਂਪੁਰਖਾਂ ਦੀ ਮਾਨਤਾ, ਪ੍ਰਸਿੱਧੀ ਜਾਂ ਇਹਨਾਂ ਦੇ ਨਾਮਲੇਵਾ ਲੋਕਾਂ ਵਿਚ ਇਹਨਾਂ ਪ੍ਰਤੀ ਸ਼ਰਧਾ ਅਤੇ ਨਾਇਕਤਵ ਦਾ ਆਧਾਰ ਮੁੱਖ ਤੌਰ 'ਤੇ ਇਹ ਕਥਾ-ਕਹਾਣੀਆਂ ਹੀ ਬਣਦੀਆਂ ਹਨ ਨਾ ਕਿ ਉਹਨਾਂ ਦੀਆਂ ਚਿੰਤਨ ਭਰਪੂਰ ਰਚਨਾਵਾਂ ਜਾਂ ਮਹਾਨ ਬਾਣੀ। ਇਹਨਾਂ ਬਾਰੇ ਬਣੀਆਂ ਫਿਲਮਾਂ ਜਾਂ ਲਿਖੇ ਅਤੇ ਖੇਡੇ ਗਏ ਨਾਟਕ ਵੀ ਇਹਨਾਂ ਕਹਾਣੀਆਂ ਆਧਾਰਤ ਹੀ ਰਹੇ ਹਨ।

ਭਗਤ ਧੰਨਾ ਜੀ ਬਾਰੇ ਇਹ ਕਥਾ ਬੜੀ ਪ੍ਰਚਲਤ ਹੈ ਕਿ ਉਹਨਾਂ ਨੇ ਇਕ ਬ੍ਰਾਹਮਣ ਤੋਂ ਪੱਥਰ (ਠਾਕਰ) ਲੈ ਕੇ ਉਸ ਦੀ ਬੜੇ ਹਠ ਨਾਲ ਪੂਜਾ ਕੀਤੀ। ਉਹਨਾਂ ਦੇ ਪੂਜਾ ਹਠ ਨੂੰ ਦੇਖ ਕੇ ਪੱਥਰ ਵਿਚੋਂ ਪਰਮਾਤਮਾ ਪ੍ਰਗਟ ਹੋਇਆ। ਪਰਮਾਤਮਾ ਨੇ ਭਗਤ ਧੰਨਾ ਦੀ ਰੋਟੀ ਤੇ ਲੱਸੀ ਨੂੰ ਭੋਗ ਲਾਇਆ, ਗਊਆਂ ਚਾਰੀਆਂ, ਹਲਟ ਹੱਕਿਆ, ਕਿਆਰੇ ਮੋੜੇ। ਭਾਈ ਗੁਰਦਾਸ ਜੀ ਨੇ ਹੋਰ ਕਈ ਭਗਤ ਬਾਣੀਕਾਰਾਂ ਨਾਲ ਜੁੜੀਆਂ ਕਥਾਵਾਂ ਵਾਂਗ ਭਗਤ ਧੰਨਾ ਜੀ ਨਾਲ ਜੁੜੀ ਇਸ ਕਹਾਣੀ ਨੂੰ ਵੀ ਆਪਣੀ ਦਸਵੀਂ ਵਾਰ ਦੀ ਤੇਰ੍ਹਵੀਂ ਪੌੜੀ ਅੰਦਰ ਬਿਆਨਿਆਂ ਹੈ:

***ਠਾਕੁਰ ਕੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।***
***ਹਾਥਿ ਜੋੜਿ ਮਿੰਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।***
***ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।***
***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।***
***ਭੋਲਾ ਭਾਉ ਗੋਬਿੰਦੁ ਮਿਲਾਵੈ।***

ਇਸ ਤਰ੍ਹਾਂ ਧੰਨਾ ਜੀ ਨੂੰ ਸਫ਼ਲ ਅਤੇ ਸ੍ਰੇਸ਼ਠ ਪੱਥਰ ਪੂਜਕ ਆਖਿਆ ਅਤੇ ਪ੍ਰਚਾਰਿਆ ਗਿਆ। ਪਰ ਗੁਰੂ

Original work;
Jaswant Singh Zafar
Digitized by;
Panjab Digital Library

ਅਰਜਨ ਦੇਵ ਜੀ ਭਾਈ ਗੁਰਦਾਸ ਦੀ ਇਸ ਵਾਰ ਵਿਚਲੇ ਬਿਰਤਾਂਤ ਨੂੰ ਸਹੀ ਮੰਨਦੇ ਹੁੰਦੇ ਭਾਵ ਭਗਤ ਧੰਨਾ ਜੀ ਨੂੰ ਪੱਥਰ ਪੂਜਕ ਤਸਲੀਮ ਕਰਦੇ ਹੁੰਦੇ ਤਾਂ ਉਹ ਭਗਤ ਧੰਨਾ ਜੀ ਦੀ ਬਾਣੀ ਕਦੀ ਵੀ ਸ੍ਰੀ ਆਦਿ ਗਰੰਥ ਸਾਹਿਬ ਵਿਚ ਸ਼ਾਮਲ ਨਾ ਕਰਦੇ। ਗੁਰੂ ਅਰਜਨ ਸਾਹਿਬ ਨੇ ਤਾਂ ਲਿਖਿਆ ਹੈ ਕਿ ਪੱਥਰ ਨੂੰ ਦੇਵਤਾ ਜਾਂ ਭਗਵਾਨ ਮੰਨ ਕੇ ਉਸ ਦੀ ਸੇਵਾ ਜਾਂ ਪੂਜਾ ਕਰਨਾ ਫੋਕਟ ਅਤੇ ਨਿਹਫਲ ਕਰਮ ਹੈ। ਇਸ ਦਾ ਉੱਕਾ ਹੀ ਲਾਭ ਨਹੀਂ:

***ਜੋ ਪਾਥਰ ਕਉ ਕਹਤੇ ਦੇਵ ॥***
***ਤਾ ਕੀ ਬਿਰਥਾ ਹੋਵੈ ਸੇਵ ॥***
***ਜੋ ਪਾਥਰ ਕੀ ਪਾਂਈ ਪਾਇ ॥***
***ਤਿਸ ਕੀ ਘਾਲ ਅਜਾਂਈ ਜਾਇ ॥*** *(1160, ਮ.5)*

ਸਪੱਸ਼ਟ ਹੈ ਕਿ ਕਿਸੇ ਪੱਥਰ ਪੂਜਾ ਕਰਨ ਵਾਲੇ ਦੇ ਗੁਰੂ ਸਾਹਿਬ ਪ੍ਰਸੰਸਕ ਨਹੀਂ ਹੋ ਸਕਦੇ। ਇਸ ਤੋਂ ਵੀ ਵੱਧ ਗੁਰੂ ਸਾਹਿਬ ਨੇ ਤਾਂ ਅਪਣੀ ਬਾਣੀ ਵਿਚ ਪੱਥਰ ਪੂਜਕ ਨੂੰ ਵੱਡਾ ਗੁਨਾਹਗਾਰ ਅਤੇ ਲੂਣ ਹਰਾਮੀ ਆਖਿਆ ਹੈ। ਉਹਨਾਂ ਨੇ ਪੱਥਰ ਪੂਜਾ ਨੂੰ ਪੱਥਰ ਦੀ ਬੇੜੀ ਕਿਹਾ ਹੈ ਜਿਸ ਨਾਲ ਸੰਸਾਰ ਸਾਗਰ ਨੂੰ ਤਰਿਆ ਨਹੀਂ ਜਾ ਸਕਦਾ ਸਗੋਂ ਜਿਸ ਦੀ ਵਰਤੋਂ ਨਾਲ ਡੁੱਬਣਾ ਨਿਸਚਿਤ ਹੈ। ਉਹਨਾਂ ਮੁਤਾਬਕ ਪਰਮਾਤਮਾ ਨੂੰ ਪੱਥਰ ਪੂਜਾ ਨਾਲ ਨਹੀਂ ਸਗੋਂ ਗੁਰੂ ਦੇ ਮਿਲਾਪ ਨਾਲ ਹੀ ਪਾਇਆ ਜਾਂ ਜਾਣਿਆਂ ਜਾ ਸਕਦਾ ਹੈ:

***ਜਿਸੁ ਪਾਹਣ ਕਉ ਠਾਕੁਰੁ ਕਹਤਾ ॥***
***ਓਹੁ ਪਾਹਣੁ ਲੈ ਉਸ ਕਉ ਡੁਬਤਾ ॥***
***ਗੁਨਹਗਾਰ ਲੂਣ ਹਰਾਮੀ ॥***
***ਪਾਹਣ ਨਾਵ ਨ ਪਾਰਗਿਰਾਮੀ ॥***
***ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥***
***ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥*** *(739, ਮ.5)*

ਗੁਰੂ ਅਰਜਨ ਸਾਹਿਬ ਨੇ ਭਗਤ ਧੰਨਾ ਜੀ ਦੇ ਤਿੰਨ ਸ਼ਬਦ ਸ੍ਰੀ ਆਦਿ ਗਰੰਥ ਵਿਚ ਸ਼ਾਮਲ ਕੀਤੇ ਹਨ, ਦੋ ਆਸਾ ਰਾਗ ਵਿਚ ਪੰਨਾ 487 ਅਤੇ 488 ਉੱਤੇ ਅਤੇ ਇਕ ਧਨਾਸਰੀ ਰਾਗ 'ਚ ਪੰਨਾ 695 ਉੱਤੇ। ਆਸਾ ਰਾਗ ਵਾਲੇ ਦੋਨਾਂ ਸ਼ਬਦਾਂ ਦੇ ਵਿਚਾਲੇ ਗੁਰੂ ਅਰਜਨ ਜੀ ਦਾ ਆਪਣਾ ਸ਼ਬਦ ਹੈ। ਜਿਸ ਵਿਚ ਉਹ ਭਗਤ ਧੰਨਾ ਜੀ ਦੇ ਪ੍ਰਭੂ ਪ੍ਰਾਪਤੀ ਦੇ ਬਿਰਤਾਂਤ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਧੰਨੇ ਨੇ ਨਾਮਦੇਵ ਜੀ ਦੇ ਭਗਤੀ-ਭਾਵ ਦੀ ਸੋਭਾ ਸੁਣੀ, ਕਬੀਰ ਜੀ ਦੇ ਪ੍ਰੇਮ ਅਤੇ ਗੁਣਾ ਦੀ ਚਰਚਾ ਸੁਣੀ, ਰਵਿਦਾਸ ਜੀ ਵਲੋਂ ਕੀਤੇ ਮਾਇਆ ਦੇ ਤਿਆਗ ਕਾਰਨ ਹੋਈ ਪ੍ਰਾਪਤੀ ਦਾ ਹਾਲ ਜਾਣਿਆ ਤੇ ਸੈਣ ਜੀ ਦਾ ਉੱਚਾ ਮਰਤਬਾ ਸੁਣਿਆ। ਇਹ ਸਭ ਸੁਣ ਕੇ ਉਹਨਾਂ ਨੂੰ ਵੀ ਭਗਤੀ ਕਰਨ ਦਾ ਚਾਅ ਪੈਦਾ ਹੋਇਆ:

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*** *(487-488, ਮ.5)*

ਸਪੱਸ਼ਟ ਹੈ ਕਿ ਗੁਰੂ ਸਾਹਿਬ ਭਗਤ ਜੀ ਨੂੰ ਭਾਈ ਗੁਰਦਾਸ ਜੀ ਦੀ ਵਾਰ ਵਿਚ ਦਰਸਾਇਆ ਗਿਆ ਪੱਥਰ ਪੂਜਕ ਭਾਵ 'ਗੁਨਾਹਗਾਰ ਲੂਣ ਹਰਾਮੀ' ਧੰਨਾ ਨਹੀਂ ਮੰਨਦੇ ਸਗੋਂ ਭਗਤੀ ਮਾਰਗ 'ਤੇ ਚੱਲਣ ਵਾਲਾ ਮਹਾਨ ਸ਼ਬਦ ਸਾਧਕ 'ਧੰਨਾ ਵਡਭਾਗਾ' ਕਹਿ ਕੇ ਸਤਿਕਾਰਦੇ ਅਤੇ ਵਡਿਆਉਂਦੇ ਹਨ। ਉਹਨਾਂ ਆਪਣੇ ਇਸ ਸ਼ਬਦ ਦੇ ਆਰੰਭ ਵਿਚ 'ਮਹਲਾ 5' ਲਿਖਿਆ ਹੈ ਪਰ ਸ਼ਬਦ ਦੀ ਆਖਰੀ ਸਤਰ ਵਿਚ 'ਨਾਨਕ' ਲਿਖਣ ਦੀ ਜ਼ਰੂਰਤ ਨਹੀਂ ਸਮਝੀ, ਕਿਉਂਕਿ ਆਖਰੀ ਸਤਰ ਵਿਚ ਨਾਨਕ ਦੀ ਜਗ੍ਹਾ 'ਧੰਨਾ' ਆ ਗਿਆ ਹੈ।

Original with:
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

ਇਸ ਤੋਂ ਅਨੁਮਾਨ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਦਿਲ ਵਿਚ ਭਗਤ ਧੰਨਾ ਜੀ ਦਾ ਕਿੰਨਾ ਉਚਾ ਸਥਾਨ ਹੈ। ਧੰਨਾ ਜੀ ਦੇ ਆਪਣੇ ਸ਼ਬਦਾਂ ਤੋਂ ਵੀ ਉਹਨਾਂ ਦੇ ਪੱਥਰ ਪੂਜਕ ਰਹੇ ਹੋਣ ਦੀ ਝਲਕ ਮਾਤਰ ਸੂਚਨਾ ਨਹੀਂ ਮਿਲਦੀ। ਪਹਿਲੇ ਸ਼ਬਦ ਨਾਲ ਉਹਨਾਂ ਬਾਬਤ ਪ੍ਰਚੱਲਤ ਕਹਾਣੀ ਜਾਂ ਭਾਈ ਗੁਰਦਾਸ ਜੀ ਦੀ ਵਾਰ ਦੀ ਨਹੀਂ ਸਗੋਂ ਗੁਰੂ ਅਰਜਨ ਜੀ ਦੇ ਸ਼ਬਦ ਦੀ ਪੁਸ਼ਟੀ ਹੁੰਦੀ ਹੈ। ਇਸ ਵਿਚ ਧੰਨਾ ਜੀ ਨੇ ਕਿਹਾ ਹੈ ਕਿ ਮੇਰੇ ਮਨ ਵਿਚ ਗੁਰੂ ਦਾ ਗਿਆਨ ਪ੍ਰਵੇਸ਼ ਕਰਨ ਨਾਲ ਪ੍ਰਭੂ ਮੇਰੇ ਧਿਆਨ ਵਿਚ ਟਿਕ ਗਿਆ ਹੈ। ਪ੍ਰੇਮ ਭਗਤੀ ਦੇ ਰਸਤੇ ਚਲਦਿਆਂ ਦੁੱਖ, ਕਲੇਸ਼ ਅਤੇ ਭਟਕਣ ਤੋਂ ਮੁਕਤੀ ਮਿਲੀ ਹੈ, ਸੁੱਖ ਅਤੇ ਸੰਤੁਸ਼ਟੀ ਮਿਲੀ ਹੈ। ਆਪਣੇ ਗੁਰੂ ਦੇ ਗਿਆਨ ਦੀ ਰੌਸ਼ਨੀ 'ਚ ਮੈਂ ਪਰਮਾਤਮਾ ਦੀ ਹਸਤੀ ਨੂੰ ਪਛਾਣ ਲਿਆ ਹੈ:

**ਅਸੀਂ ਨਿੱਜ-ਮੁਖੀ ਫ਼ਿਕਰ ਦਾ ਜਾਲ ਬੁਣਦੇ ਰਹਿੰਦੇ ਹਾਂ ਅਤੇ ਅਖੀਰ ਫ਼ਿਕਰ ਦੇ ਸੰਘਣੇ ਜਾਲ ਵਿਚ ਆਪਣੇ ਆਪ ਨੂੰ ਕੱਸ ਕੇ ਨੂੜ ਲੈਂਦੇ ਹਾਂ। ਜਿਸ ਨਾਲ ਸਾਨੂੰ ਆਪਣੇ ਅਸਲ ਦੀ ਸੁੱਧ ਬੁੱਧ ਨਹੀਂ ਰਹਿੰਦੀ। ਪਰ ਭਵਿੱਖ ਤਾਂ ਕਾਦਰ ਅਤੇ ਕੁਦਰਤ ਦੇ ਹੱਥ ਹੈ, ਅਨਿਸਚਿਤ ਸੰਭਾਵਨਾ ਹੈ। ਕੁਦਰਤ ਨੇ ਪਤਾ ਨਹੀਂ ਕੀ ਵਰਤਾਉਣਾ ਹੈ।**

***ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥***
***ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥***
***ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥***
***ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥*** *(487)*

ਉਪਰਲੀਆਂ 4 ਸਤਰਾਂ ਦੀ ਬਣਤਰ ਨੂੰ ਧਿਆਨ ਨਾਲ ਦੇਖਣ 'ਤੇ ਭਗਤ ਧੰਨਾ ਜੀ ਦੀ ਇਕ ਵਿਸ਼ੇਸ਼ ਕਾਵਿ-ਜੁਗਤ ਦਾ ਵੀ ਪਤਾ ਲੱਗਦਾ ਹੈ। ਉਹਨਾਂ ਦੀਆਂ ਕਾਵਿ ਸਤਰਾਂ ਦੇ ਕਈ ਵਾਕ ਅੰਸ਼ਾਂ ਵਿਚ ਇੱਕੋ ਅੱਖਰ ਨਾਲ ਸ਼ੁਰੂ ਹੋਣ ਵਾਲੇ 2-3 ਸ਼ਬਦਾਂ ਦੇ ਕੋਲ-ਕੋਲ ਹੋਣ ਨਾਲ ਵਿਸ਼ੇਸ਼ ਰਸ ਅਤੇ ਰਵਾਨੀ ਪੈਦਾ ਹੁੰਦੀ ਹੈ। ਜਿਵੇਂ ਪਹਿਲੀ ਸਤਰ ਵਿਚ 'ਮ' ਨਾਲ ਸ਼ੁਰੂ ਹੁੰਦੇ 'ਮਾਨੁ' 'ਮਨ' ਤੇ 'ਮਏ' ਅਤੇ ਚੌਥੀ ਸਤਰ ਵਿਚ 'ਧ' ਨਾਲ ਸ਼ੁਰੂ ਹੁੰਦੇ 'ਧੰਨੈ' 'ਧਨੁ' ਤੇ 'ਧਰਣੀਧਰੁ' ਕੋਲ ਕੋਲ ਹਨ। ਸ਼ਬਦ ਦੀਆਂ ਇਸ ਤੋਂ ਪਹਿਲੀਆਂ ਪੰਕਤੀਆਂ ਵਿਚ ਵੀ 'ਜ' ਨਾਲ ਸ਼ੁਰੂ ਹੋਣ ਵਾਲੇ 'ਜਲਤ' 'ਜਾਲ' ਤੇ 'ਜਮ' ਅਤੇ 'ਪ' ਨਾਲ ਸ਼ੁਰੂ ਹੋਣ ਵਾਲੇ 'ਪਰਮ' 'ਪੁਰਖ' ਤੇ 'ਪ੍ਰਭ' ਇਕੱਠੇ ਆਏ ਹਨ:

***ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥***
***ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥*** *(487)*

ਗੁਰੂ ਗਰੰਥ ਸਾਹਿਬ ਵਿਚ ਭਗਤ ਜੀ ਦੀ ਬਾਣੀ ਮਾਤਰਾ ਵਿਚ ਭਾਵੇਂ ਘੱਟ ਹੈ ਪਰ ਇਸ ਵਿਚ ਉਹਨਾਂ ਦੇ ਸੁਖ਼ਨ ਦੀ ਬਹੁਤ ਵੱਡੀ ਰੇਂਜ ਦਾ ਪਤਾ ਲੱਗਦਾ ਹੈ। ਦੂਸਰੇ ਸ਼ਬਦ ਵਿਚ ਧੰਨਾ ਜੀ ਦੀ ਚਿੰਤਨੀ ਗਹਿਰਾਈ ਅਤੇ ਤੀਸਰੇ ਵਿਚ ਉਹਨਾਂ ਦੀ ਰਚਨਾ ਦੀ ਸਾਦਗੀ ਦੀ ਸਿਖਰ ਦੇ ਦਰਸ਼ਨ ਕਰ ਸਕਦੇ ਹਾਂ। ਪਹਿਲਾਂ ਕੁਝ ਗੱਲ਼ਾਂ ਦੂਸਰੇ ਸ਼ਬਦ ਬਾਰੇ ਕਰਦੇ ਹਾਂ।

ਆਮ ਤੌਰ 'ਤੇ ਅਸੀਂ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਆਪਣੇ ਨਿੱਜ ਨਾਲ ਸਬੰਧਤ ਫ਼ਿਕਰਾਂ ਵਿਚ ਨਸ਼ਟ ਕਰਦੇ ਹਾਂ। ਇਸ ਨਿੱਜ ਨੂੰ ਹੌਰੀਜਾਂਟਲ ਦੀ ਬਜਾਏ ਵਰਟੀਕਲ ਵਿਸਥਾਰ ਦਿੰਦੇ ਹਾਂ। ਕਹਿਣ ਤੋਂ ਭਾਵ ਸਾਡੇ ਮਨ 'ਚ ਸਰਬੱਤ ਦੇ ਭਲੇ ਦੇ ਭਾਵ ਨਹੀਂ ਫੈਲਦੇ ਸਗੋਂ ਆਪਣੀਆਂ ਨਿੱਜੀ ਲੋੜਾਂ ਅਤੇ ਸੁੱਖ ਅਰਾਮ ਦੇ ਫ਼ਿਕਰ ਨਾਲ ਅਪਣੇ ਆਪ ਨੂੰ ਸੂਤਦੇ ਰਹਿੰਦੇ ਹਾਂ, ਫਿਰ ਭਵਿੱਖ ਦੀਆਂ ਲੋੜਾਂ ਦੇ ਪ੍ਰਬੰਧਾਂ ਦਾ ਫ਼ਿਕਰ ਕਰਦੇ ਹਾਂ, ਆਪਣੀ ਸੰਤਾਨ ਦੀਆਂ ਲੋੜਾਂ ਦਾ ਫ਼ਿਕਰ ਕਰਦੇ ਹਾਂ, ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਬਾਰੇ ਸੋਚ ਕੇ ਚਿੰਤਤ ਹੁੰਦੇ ਹਾਂ। ਇੰਜ ਅਸੀਂ ਨਿੱਜ ਮੁਖੀ ਫ਼ਿਕਰ ਦਾ ਜਾਲ ਬੁਣਦੇ ਰਹਿੰਦੇ ਹਾਂ ਅਤੇ ਅਖੀਰ ਫ਼ਿਕਰ ਦੇ ਸੰਘਣੇ ਜਾਲ ਵਿਚ ਆਪਣੇ ਆਪ ਨੂੰ ਕੱਸ ਕੇ ਨੂੜ ਲੈਂਦੇ ਹਾਂ। ਜਿਸ ਨਾਲ ਸਾਨੂੰ ਆਪਣੇ ਅਸਲ ਦੀ ਸੁੱਧ

Original with;
Jaswant Singh Jeet
Digitized by;
Panjab Digital Library

ਬੁੱਧ ਨਹੀਂ ਰਹਿੰਦੀ। ਪਰ ਭਵਿੱਖ ਤਾਂ ਕਾਦਰ ਅਤੇ ਕੁਦਰਤ ਦੇ ਹੱਥ ਹੈ, ਅਨਿਸਚਿਤ ਸੰਭਾਵਨਾ ਹੈ। ਕੁਦਰਤ ਨੇ ਪਤਾ ਨਹੀਂ ਕੀ ਵਰਤਾਉਣਾ ਹੈ। ਕਾਦਰ ਦੀ ਕੁਦਰਤ ਦੇ ਸਮੁੱਚੇ ਜਲਵੇ ਨੂੰ ਅਸੀਂ ਆਪਣੇ ਨਿੱਜੀ ਫ਼ਿਕਰਾਂ ਦਾ ਗੁਲਾਮ ਨਹੀਂ ਬਣਾ ਸਕਦੇ:

***ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥***
***ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥*** *(488)*

ਜਨਮ ਤੋਂ ਪਹਿਲਾਂ ਮਾਂ ਦੀ ਕੁੱਖ ਵਿਚ ਸਾਡੀ ਖ਼ੁਰਾਕ ਦਾ ਪ੍ਰਬੰਧ ਕੁਦਰਤ ਕਰਦੀ ਹੈ ਨਾ ਕਿ ਅਸੀਂ ਆਪ ਇਸ ਦੀ ਚਿੰਤਾ ਕਰਦੇ ਹਾਂ। ਖ਼ੁਰਾਕ ਤੋਂ ਇਲਾਵਾ ਸਾਡੇ ਸੁੱਖ, ਆਰਾਮ ਅਤੇ ਸੁਰੱਖਿਆ ਦਾ ਪ੍ਰਬੰਧ ਵੀ ਅਸੀਂ ਆਪ ਨਹੀਂ ਸਗੋਂ ਕਾਦਰ ਜਾਂ ਕੁਦਰਤ ਨੇ ਕੀਤਾ ਹੁੰਦਾ ਹੈ:

***ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥***
***ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥*** *(488)*

ਅਸੀਂ ਕੁਦਰਤ ਵਿਰੋਧੀ ਰਵੱਈਏ ਅਤੇ ਜੀਵਨ ਸ਼ੈਲੀ ਕਰਕੇ ਆਪਣੇ ਲਈ ਕਈ ਦੁਸ਼ਵਾਰੀਆਂ ਅਤੇ ਮੁਸੀਬਤਾਂ ਸਹੇੜਦੇ ਹਾਂ। ਜਿਸ ਕਰਕੇ ਸਾਡੇ ਆਪਣੇ ਆਪ ਪ੍ਰਤੀ ਅਤੇ ਆਪਣੀ ਸੰਤਾਨ ਪ੍ਰਤੀ ਫ਼ਿਕਰ ਦਿਨੋਂ ਦਿਨ ਵਧਦੇ ਜਾਂਦੇ ਹਨ। ਕਿਉਂਕਿ ਸਾਡਾ ਕੁਦਰਤ ਨਾਲ ਰਿਸ਼ਤਾ ਸਹਿਜ ਅਤੇ ਪਿਆਰ ਵਾਲਾ ਨਹੀਂ ਰਿਹਾ



*Original with;*
Jaswant Singh Zafar
*Digitized by;*
Panjab Digital Library

ਸਗੋਂ ਦੁਸ਼ਮਣਾਨਾ ਕਿਸਮ ਦਾ ਹੋ ਗਿਆ ਹੈ, ਇਸ ਕਰਕੇ ਸਾਨੂੰ ਕੁਦਰਤ ਦੀ ਪਾਲਣਹਾਰਤਾ 'ਤੇ ਭਰੋਸਾ ਨਹੀਂ ਰਿਹਾ। ਇਸ ਪੱਖੋਂ ਪਸ਼ੂ ਪੰਛੀ ਸਾਡੇ ਨਾਲੋਂ ਬਿਹਤਰ ਸਥਿਤੀ ਵਿਚ ਹਨ। ਮਿਸਾਲ ਦੇ ਤੌਰ 'ਤੇ ਕੱਛੂਕੁੰਮੀ ਆਪ ਪਾਣੀ 'ਚ ਮਸਤ ਰਹਿੰਦੀ ਹੈ ਪਰ ਉਸ ਦੇ ਅੰਡੇ ਬਾਹਰ ਸਮੁੰਦਰ ਕਿਨਾਰੇ ਰੇਤ 'ਤੇ ਪਏ ਹੁੰਦੇ ਹਨ। ਇਥੋਂ ਤੱਕ ਕਿ ਅੰਡਿਆਂ ਨੂੰ ਨਿੱਘ ਅਤੇ ਸੁਰੱਖਿਆ ਦੇਣ ਲਈ ਕੱਛੂਕੁੰਮੀ ਦੇ ਪੰਛੀਆਂ ਵਾਂਗ ਖੰਭ ਵੀ ਨਹੀਂ ਹੁੰਦੇ। ਇਸਦੇ ਬਾਵਜੂਦ ਕੁਦਰਤ ਕੱਛੂ ਕੁੰਮਿਆਂ ਦੀਆਂ ਨਸਲਾਂ ਨੂੰ ਅੱਗੇ ਵਧਾਉਂਦੀ ਜਾਂਦੀ ਹੈ। ਚਟਾਨਾਂ ਵਿਚਲੇ ਕੀਟਾਂ ਦੇ ਪੈਦਾ ਹੋਣ ਅਤੇ ਉਹਨਾਂ ਦੀ ਪਰਵਰਿਸ਼ ਦਾ ਪ੍ਰਬੰਧ ਵੀ ਕੁਦਰਤ ਨੇ ਆਪਣੇ ਨਿਯਮਾਂ ਅਨੁਸਾਰ ਥਾਓਂ ਥਾਈਂ ਕੀਤਾ ਹੋਇਆ ਹੈ:

***ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥***
***ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥***
***ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥***
***ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥*** *(488, ਧੰਨਾ ਜੀ)*

ਭਗਤ ਧੰਨਾ ਜੀ ਨੇ ਤਾਂ ਇਸ ਆਖਰੀ ਸਤਰ ਵਿਚ ਪਰਮਾਤਮਾ ਦੀ ਪੂਰਨਤਾ ਵਿਚ ਭਰੋਸਾ ਕਰਦੇ ਹੋਏ ਸਾਨੂੰ ਚੜ੍ਹਦੀ ਕਲਾ ਵਿਚ ਰਹਿਣ ਦੀ ਤਾਕੀਦ ਕਰ ਦਿੱਤੀ ਹੈ ਪਰ ਸਾਡੇ ਮਨ ਆਪੋ ਆਪਣੇ ਨਿੱਜੀ ਅਤੇ ਪਰਿਵਾਰਕ ਫ਼ਿਕਰਾਂ ਅਤੇ ਡਰਾਂ ਨਾਲ ਵਿੰਨ੍ਹੇ ਰਹਿੰਦੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਅਜਿਹੇ ਸਮਾਜਿਕ ਪ੍ਰਬੰਧ ਦਾ ਨਿਰਮਾਣ ਨਹੀਂ ਕੀਤਾ ਜੋ ਕੁਦਰਤ ਦੇ 'ਸਰਬੱਤ ਦੇ ਭਲੇ' ਵਾਲੇ ਅਸੂਲ 'ਤੇ ਆਧਾਰਤ ਹੋਵੇ। ਜਿਸ ਵਿਚ 'ਮਾਇਆ' (ਪੂੰਜੀ) ਦਾ ਬੋਲ ਬਾਲਾ ਨਾ ਹੋਵੇ ਸਗੋਂ ਸਭ ਲਈ ਹਰ ਪ੍ਰਕਾਰ ਦਾ ਪੌਸ਼ਟਿਕ ਅਤੇ ਸ਼ੁੱਧ ਭੋਜਨ ਭਾਵ ਆਟਾ, ਦਾਲਾਂ, ਫਲ, ਸਬਜ਼ੀਆਂ, ਦੁੱਧ, ਘਿਓ ਆਦਿਕ ਉਪਲਬਦ ਹੋਵੇ। ਸਾਰੇ ਖੁਸ਼ ਅਤੇ ਖੁਸ਼ਹਾਲ ਹੋਣ। ਸਿਰੀਂ ਪੈਰੀਂ ਸੋਹਣੇ ਕੱਪੜੇ ਲੱਤੇ ਸੋਭਦੇ ਹੋਣ। ਸਭ ਲਈ ਆਵਾਜਾਈ ਦੇ ਸੁਖਾਵੇਂ ਸਾਧਨਾਂ ਦੀ ਵਿਵਸਥਾ ਹੋਵੇ। ਹਰ ਕੋਈ ਚੰਗੇ ਜੀਵਨ ਸਾਥੀ ਦੇ ਪਿਆਰ ਦਾ ਭਾਗੀ ਹੋਵੇ। ਆਪਣੇ ਤੀਸਰੇ ਸ਼ਬਦ ਵਿਚ ਭਗਤ ਧੰਨਾ ਜੀ ਅਜਿਹੀ ਸਮਾਜੀ ਵਿਵਸਥਾ ਦਾ ਸੁਪਨਾ ਲੈਂਦੇ ਹਨ ਅਤੇ ਇਸ ਦੀ ਪੂਰਤੀ ਲਈ ਪਾਲਣਹਾਰ ਗੋਪਾਲ ਅੱਗੇ ਪ੍ਰਾਰਥਨਾ ਕਰਦੇ ਹਨ। ਕਿਉਂਕਿ ਇਹ ਪ੍ਰਾਰਥਨਾ ਸੌੜੀ ਮੰਗ ਜਾਂ ਨਿੱਜ ਲਈ ਨਹੀਂ ਸਗੋਂ ਜਨ ਸਮੂਹ ਲਈ ਹੈ, ਤਦੇ ਉਹ ਇਸ ਨੂੰ ਨਿੱਕੀ ਆਰਤੀ ਦੀ ਬਜਾਏ ਵਿਸ਼ਾਲ ਆਰਤਾ ਆਖਦੇ ਹਨ। ਸਰਬੱਤ ਵਾਸਤੇ ਕੀਤੀ ਗਈ ਇਸ ਪ੍ਰਾਰਥਨਾ ਵਿਚ ਉਹ ਆਪਣੇ ਨਾਲ ਸਮੂਹ ਭਗਤ ਜਨਾਂ ਨੂੰ ਸ਼ਾਮਲ ਕਰਦੇ ਹਨ:

**ਅਸੀਂ ਕੁਦਰਤ ਵਿਰੋਧੀ ਰਵੱਈਏ ਅਤੇ ਜੀਵਨ ਸ਼ੈਲੀ ਕਰਕੇ ਆਪਣੇ ਲਈ ਕਈ ਦੁਸ਼ਵਾਰੀਆਂ ਅਤੇ ਮੁਸੀਬਤਾਂ ਸਹੇੜਦੇ ਹਾਂ। ਜਿਸ ਕਰਕੇ ਸਾਡੇ ਆਪਣੇ ਆਪ ਪ੍ਰਤੀ ਅਤੇ ਆਪਣੀ ਸੰਤਾਨ ਪ੍ਰਤੀ ਫ਼ਿਕਰ ਦਿਨੋਂ ਦਿਨ ਵਧਦੇ ਜਾਂਦੇ ਹਨ। ਕਿਉਂਕਿ ਸਾਡਾ ਕੁਦਰਤ ਨਾਲ ਰਿਸ਼ਤਾ ਸਹਿਜ ਅਤੇ ਪਿਆਰ ਵਾਲਾ ਨਹੀਂ ਰਿਹਾ ਸਗੋਂ ਦੁਸ਼ਮਣਾਨਾ ਕਿਸਮ ਦਾ ਹੋ ਗਿਆ ਹੈ, ਇਸ ਕਰਕੇ ਸਾਨੂੰ ਕੁਦਰਤ ਦੀ ਪਾਲਣਹਾਰਤਾ ਤੇ ਭਰੋਸਾ ਨਹੀਂ ਰਿਹਾ।**

***ਗੋਪਾਲ ਤੇਰਾ ਆਰਤਾ॥***
***ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥*** *(695)*

ਉਪਰੀ ਨਜ਼ਰੇ ਇਹ ਸ਼ਬਦ ਜਿੰਨਾ ਜਟਕਾ ਅਤੇ ਸਾਦਾ ਜਾਪਦਾ ਹੈ ਵਰਤਮਾਨ ਸਮਾਜਕ ਅਤੇ ਆਰਥਕ ਵਿਵਸਥਾ ਦੇ ਮੱਦੇ ਨਜ਼ਰ ਇਹ ਓਨੀ ਹੀ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ। ਧੰਨਾ ਜੀ ਤੋਂ ਪੰਜ ਸਦੀਆਂ ਮਗਰਲੇ ਸਮਾਜਕ ਅਤੇ ਸੱਭਿਆਚਾਰਕ 'ਵਿਕਾਸ' ਅਤੇ ਵਰਤਮਾਨ ਸਮੇਂ ਦੇ ਤੇਜ਼ ਰਫ਼ਤਾਰ ਆਰਥਿਕ 'ਵਿਕਾਸ' ਦੇ ਬਾਵਜੂਦ ਹਰੇਕ ਕਿਰਤੀ ਲਈ ਇਹ ਲੋੜਾਂ ਅਜੇ ਵੀ ਵੱਡੀਆਂ ਥੁੜਾਂ ਦਾ ਰੂਪ ਧਾਰੀ ਬੈਠੀਆਂ ਹਨ:

*Original with;*
Jaswant Singh Zafar
*Digitized by;*
Panjab Digital Library

*ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥*
*ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥*
*ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥*
*ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥* (695)

ਖੁਸ਼ਹਾਲ ਕਹਾਉਂਦੇ ਸਾਡੇ ਸੂਬੇ ਵਿਚ ਕੋਈ ਕਿਰਤੀ ਕਾਮਾ ਆਪਣੀ ਕਿਰਤ ਦੇ ਸਿਰੋਂ ਪਰਿਵਾਰ ਲਈ ਪੌਸ਼ਟਿਕ ਅਤੇ ਵੰਨ-ਸੁਵੰਨਾ ਭੋਜਨ ਤਾਂ ਕੀ ਸਾਦੀ ਦਾਲ ਰੋਟੀ ਨਹੀਂ ਜੁਟਾ ਸਕਦਾ। ਇਸ ਵਾਸਤੇ ਉਸ ਨੂੰ ਆਪਣੀ ਵੋਟ ਵੇਚਣੀ ਪੈਂਦੀ ਹੈ। ਇਹਨਾਂ ਹਾਲਤਾਂ ’ਚ ਸਮਾਜ ਅੰਦਰ ਖੁਸ਼ੀਆਂ ਖੇੜਿਆਂ ਜਾਂ ਆਤਮਿਕ ਅਨੰਦ ਦਾ ਨਹੀਂ ਸਗੋਂ ਲੁੱਟਾਂ-ਖੋਹਾਂ ਦਾ ਮਹੌਲ ਹੀ ਬਣ ਸਕਦਾ ਹੈ। ਧੰਨਾ ਬਾਬਾ ਜੀ, ਆਪ ਆਟੇ, ਦੁੱਧ, ਘਿਓ ਅਤੇ ਭਾਂਤ-ਸੁਭਾਂਤੇ ਅਨਾਜ ਦੀ ਗੱਲ ਕਰਦੇ ਹੋ, ਇਥੇ ਤਾਂ ਪੀਣ ਯੋਗ ਪਾਣੀ ਬਹੁਤੀ ਜਨ ਸੰਖਿਆ ਦੀ ਪਹੁੰਚ ਤੋਂ ਬਾਹਰ ਹੋ ਚੱਲਿਆ ਹੈ, ਪੀਣ ਵਾਲਾ ਪਾਣੀ ਵੀ ‘ਮਾਇਆ’ ਨਾਲ ਮਿਲਦਾ ਹੈ। ਸਾਰੀਆਂ ਸੇਵਾਵਾਂ ਅਤੇ ਸਰਗਰਮੀਆਂ ਵਪਾਰ ਦਾ ਰੂਪ ਧਾਰ ਰਹੀਆਂ ਹਨ, ਇਸ ਵਪਾਰ ਦੀ ਤਾਸੀਰ ਸਰਬੱਤ ਦਾ ਭਲਾ ਨਹੀਂ ਸਗੋਂ ਮੁਨਾਫ਼ਾ ਹੈ। ਇਹ ਤਾਂ ਸਭ ਦੀ ਲੁੱਟ ਦਾ ਸਿਲਸਿਲਾ ਹੈ ਜਿਸ ਦਾ ਅੰਤਮ ਨਤੀਜਾ ਕੁਦਰਤ ਦੀ ਲੁੱਟ ਹੈ। ਸਾਡਾ ਸਨਅਤੀ ‘ਵਿਕਾਸ’ ਕਹਿੰਦਾ ਹੈ ਕਿ ਲੋਕਾਂ ਦੇ ਸਾਹ ਲੈਣ ਯੋਗ ਹਵਾ ਨਹੀਂ ਰਹਿਣ ਦੇਣੀ। ਰਹੀ ਗੱਲ ਆਵਾਜਾਈ ਦੇ ਸਾਧਨ ਦੀ, ਅੱਜ ਕੱਲ੍ਹ ਘੋੜੀ ਮੁਫਤ ਦਾ ਘਾਹ ਖਾ ਕੇ ਨਹੀਂ ਸਾਰਦੀ ਉਸ ਲਈ ਬਹੁਤ ਮਹਿੰਗੇ ਭਾਅ ਦਾ ਡੀਜ਼ਲ ਜਾਂ ਪੈਟਰੋਲ ਚਾਹੀਦਾ ਹੈ। ਸਾਡਾ ਸਮਾਜਕ ਮਹੌਲ ਕੁੜੀਆਂ ਦੇ ਜਿਉਣ ਅਤੇ ਜੰਮਣ ਦੇ ਬਿਲਕੁਲ ਅਨੁਕੂਲ ਨਹੀਂ। ਨਤੀਜਾ ਇਹ ਹੈ ਕਿ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਬੜੀ ਘਟ ਰਹੀ ਹੈ। ਗੁਰੂਦੇਵ ਧੰਨਾ ਬਾਬਾ ਜੀ, ਸਭ ਨੂੰ ਸੁਚੱਜੀ ਪਤਨੀ ਕਿਥੋਂ ਮਿਲ ਸਕਣੀ ਹੈ?



*Original with;*
Jaswant Singh Zafar
*Digitized by;*
Panjab Digital Library

# ॥ ਪੀਪਾ ਜੀ: ਕਾਇਆ ਦਾ ਸੁਖ਼ਨ ॥



*Original with;*
Jaswant Singh Zafar
*Digitized by;*
Panjab Digital Library



ਭਗਤ ਪੀਪਾ ਜੀ ਦਾ ਜਨਮ 1425 ਈ. ਵਿਚ ਭਾਵ ਗੁਰੂ ਨਾਨਕ ਜੀ ਤੋਂ ਲਗਪਗ 44-45 ਸਾਲ ਪਹਿਲਾਂ ਦਾ ਹੋਇਆ ਮੰਨਿਆਂ ਜਾਂਦਾ ਹੈ। ਉਹ ਰਾਜਸਥਾਨ ਦੇ ਇਕ ਰਾਜ ਘਰਾਣੇ ਨਾਲ ਸਬੰਧਤ ਸਨ। ਉਹਨਾਂ ਕਾਸ਼ੀ ਜਾ ਕੇ ਭਗਤ ਰਾਮਾਨੰਦ ਜੀ ਨੂੰ ਗੁਰੂ ਧਾਰਨ ਕੀਤਾ। ਰਾਜ ਭਾਗ ਛੱਡ ਛਡਾ ਕੇ ਗੁਜਰਾਤ ਵਿਖੇ ਦੁਆਰਕਾ ਦੇ ਸਥਾਨ 'ਤੇ ਚਲੇ ਗਏ। ਆਪਣੀਆਂ ਸਾਰੀਆਂ ਰਾਣੀਆਂ ਨੂੰ ਤਿਆਗ ਕੇ ਕੇਵਲ ਇਕ ਪਤਨੀ ਸੀਤਾ ਨਾਲ ਇਕ ਗੁਫ਼ਾ 'ਚ ਰਹਿਣ ਲੱਗੇ। ਸਮੁੰਦਰੀ ਤੱਟ ਦੇ ਕੰਢੇ ਸਥਿਤ ਕ੍ਰਿਸ਼ਨ ਮੰਦਰ ਵਿਖੇ ਜਾਣਾ ਉਹਨਾਂ ਦਾ ਨਿੱਤਨੇਮ ਸੀ। ਫਿਰ ਮੂਰਤੀ ਪੂਜਾ ਤਿਆਗ ਦਿੱਤੀ ਅਤੇ ਪਰਮਾਤਮਾ ਦੇ ਨਿਰਗੁਣ ਸਰੂਪ ਦੇ ਵਿਸ਼ਵਾਸੀ ਬਣੇ। ਨਿਰਗੁਣ ਵਿਚਾਰਧਾਰਾ ਨੂੰ ਅਪਣਾ ਕੇ ਭਗਤ ਪੀਪਾ ਜੀ ਪਤਨੀ ਸਮੇਤ ਕੁਝ ਸਮੇਂ ਲਈ ਜੰਗਲਾਂ ਵਿਚ ਚਲੇ ਗਏ। ਫਿਰ ਆਪਣੇ ਅਨੁਭਵ ਅਤੇ ਵਿਚਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਰਮਣ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ ਦਾ ਪਹਿਲੀ ਉਦਾਸੀ ਦੌਰਾਨ ਪੁਸ਼ਕਰ ਤੋਂ ਕਾਸ਼ੀ ਜਾਂਦਿਆਂ ਰਸਤੇ ਵਿਚ ਪੈਂਦੇ ਟੋਡਾ ਨਗਰ ਵਿਖੇ ਭਗਤ ਪੀਪਾ ਜੀ ਨਾਲ ਮਿਲਾਪ ਹੋਇਆ। ਗੁਰੂ ਨਾਨਕ ਸਾਹਿਬ ਓਦੋਂ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਸਨ ਅਤੇ ਭਗਤ ਪੀਪਾ ਜੀ ਲਗਪਗ 70-75 ਸਾਲ ਦੇ ਬਜ਼ੁਰਗ ਸਨ। ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪੀਪਾ ਜੀ ਗੁਰੂ ਨਾਨਕ ਵਰਗੀ ਨੌਜਵਾਨ ਪ੍ਰਤਿਭਾ ਨੂੰ ਮਿਲ ਕੇ ਕਿੰਨੇ ਖੁਸ਼ ਹੋਏ ਹੋਣਗੇ ਅਤੇ ਗੁਰੂ ਨਾਨਕ ਨੇ ਇਸ ਵਡਾਰੂ ਬਾਣੀਕਾਰ ਦਾ ਕਿੰਨਾ ਸਤਿਕਾਰ ਕੀਤਾ ਹੋਵੇਗਾ। ਇਸ ਮਿਲਾਪ ਸਮੇਂ ਨੌਜਵਾਨ ਨਾਨਕ ਨੇ ਭਗਤ ਪੀਪਾ ਜੀ ਤੋਂ ਉਹਨਾਂ ਦੀ ਕੁਝ ਬਾਣੀ ਬੜੇ ਹੀ ਆਦਰ ਭਾਵ ਨਾਲ ਪ੍ਰਾਪਤ ਕੀਤੀ।

ਪੀਪਾ ਜੀ ਦਾ ਕੇਵਲ 6 ਸਤਰਾਂ ਦਾ ਇਕ ਸ਼ਬਦ ਗੁਰੂ ਗਰੰਥ ਸਾਹਿਬ ਦੇ ਪੰਨਾ 695 'ਤੇ ਦਰਜ ਹੈ। ਇਸ ਵਿਚ ਬ੍ਰਹਮ, ਬ੍ਰਹਿਮੰਡ, ਪਿੰਡ ਅਤੇ ਪਿੰਡੇ ਦੇ ਇਕਸੁਰਤਾ ਅਤੇ ਇਕਸਾਰਤਾ ਭਰੇ ਸਬੰਧ ਨੂੰ ਬੜੇ ਕਮਾਲ ਨਾਲ ਚਿਤਰਿਆ ਗਿਆ ਹੈ। ਇਸ ਵਿਚੋਂ ਅਧੁਨਿਕ ਵਿਗਿਆਨ ਦੇ ਹੈਰਾਨ ਕਰਨ ਵਾਲੇ ਝਲਕਾਰੇ ਮਿਲਦੇ ਹਨ। ਇਹ ਸ਼ਬਦ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਅਤੇ ਸਰੀਰ ਦੇ ਸਬੰਧ ਦੀ ਚਰਚਾ ਕਰਨ ਵਾਲੀ ਪ੍ਰਤੀਨਿਧ ਰਚਨਾ ਲਗਦੀ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ:

***ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥***<br>
***ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥***<br>
***ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥***<br>
***ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥ਰਹਾਉ॥***

Original with
Jaswant Singh Zafar
Digitized by;
Panjab Digital Library

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥***
***ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥***

ਰਵਾਇਤੀ ਧਾਰਮਿਕ ਪ੍ਰਵਚਨਾਂ ਵਿਚ ਦੇਹੀ ਨੂੰ ਛੁਟਿਆਇਆ ਅਤੇ ਨਕਾਰਿਆ ਜਾਂਦਾ ਹੈ ਕਿਉਂਕਿ ਜਿਥੇ ਆਤਮਾ ਨੂੰ ਅਮਰ ਕਿਹਾ ਜਾਂਦਾ ਹੈ ਉਥੇ ਸਰੀਰ ਨੂੰ ਨਾਸ਼ਵਾਨ ਮੰਨਿਆਂ ਜਾਂਦਾ ਹੈ। ਪਰ ਇਸ ਸ਼ਬਦ ਵਿਚ ਕਾਇਆ ਭਾਵ ਦੇਹੀ ਦੀ ਮਹਿਮਾ ਕੀਤੀ ਗਈ ਹੈ, ਇਸ ਦੇ ਮਹੱਤਵ ਨੂੰ ਵਡਿਆਇਆ ਗਿਆ ਹੈ, ਦੇਹੀ ਦੇ ਜਲਵੇ ਦੀ ਬੇਅੰਤਤਾ ਨੂੰ ਗਾਇਆ ਗਿਆ ਹੈ। ਪਹਿਲਾਂ ਮੈਂ ਇਸ ਸ਼ਬਦ ਦੀ ਸਿਰਫ਼ ਪੰਜਵੀਂ ਸਤਰ ਹੀ ਕਿਧਰੇ ਸੁਣੀ ਪੜ੍ਹੀ ਸੀ ਜਿਸ ਨੇ ਮੈਨੂੰ ਬੇਹੱਦ ਅਚੰਭਿਤ ਕੀਤਾ। ਇਸ ਇਕੱਲੀ ਸਤਰ ਦੇ ਸੁਣਨ ਪੜ੍ਹਨ ਨਾਲ ਮੇਰੀ ਪੂਰੇ ਸ਼ਬਦ ਨੂੰ ਜਾਣਨ ਸਮਝਣ ਦੀ ਜਗਿਆਸਾ ਬਣੀ। ਇਹ ਸਤਰ ਹੈ:

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥***

ਗੁਰੂ ਨਾਨਕ ਸਾਹਿਬ ਦੀ ਇਸ ਸ਼ਬਦ ਨਾਲ ਏਨੀ ਭਾਵਨਾਤਮਕ ਅਤੇ ਰਚਨਾਮਕ ਨੇੜਤਾ ਅਤੇ ਸਾਂਝ ਬਣੀ ਦਿਸਦੀ ਹੈ ਕਿ ਇਸ ਦਾ ਵਿਚਾਰ ਉਹਨਾਂ ਦੇ ਆਪਣੇ ਸ਼ਬਦ ਰਾਹੀਂ ਵੀ ਪ੍ਰਗਟ ਹੋਇਆ ਹੈ:

***ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥ ਬੂਝਹੁ ਸਬਦਿ ਪਛਾਣਹੁ॥*** *(1041, ਮ.1)*

ਇਕ ਅਣੂੰ ਤੋਂ ਲੈ ਕੇ ਸਮੁੱਚੇ ਬ੍ਰਹਿਮੰਡ ਨੂੰ ਇਕੋ ਹੀ ਮਹਾਂਚੇਤਨਾ ਸੰਚਾਲਤ ਕਰਨ ਵਾਲੀ ਹੈ। ਜਿਵੇਂ ਕਿਸੇ ਵੱਡੇ ਚੁੰਬਕ ਨੂੰ ਵੱਖ-ਵੱਖ ਆਕਾਰਾਂ ਅਤੇ ਸ਼ਕਲਾਂ ਦੇ ਟੁਕੜਿਆਂ ਵਿਚ ਵੰਡਣ 'ਤੇ ਵੀ ਹਰੇਕ ਨਿੱਕੇ ਤੋਂ ਨਿੱਕਾ ਟੁਕੜਾ ਸੰਪੂਰਨ ਚੁੰਬਕ ਹੀ ਰਹਿੰਦਾ ਹੈ, ਇਸੇ ਤਰ੍ਹਾਂ ਸ੍ਰਿਸ਼ਟੀ ਦੀ ਨਿੱਕੀ ਤੋਂ ਨਿੱਕੀ ਇਕਾਈ ਵਿਚ ਸੰਪੂਰਨ ਬ੍ਰਹਮ ਦਾ ਵਾਸ ਹੈ। ਸ੍ਰਿਸ਼ਟੀ ਦਾ ਹਰੇਕ ਨਿੱਕਾ ਵੱਡਾ ਅੰਗ ਸੰਪੂਰਨ ਬ੍ਰਹਿਮੰਡੀ ਏਕਤਾ ਵਿਚ ਬੱਝਾ ਹੋਇਆ ਹੈ। ਸਾਡਾ ਪਿੰਡ (ਧਰਤੀ) ਬ੍ਰਹਿਮੰਡ ਤੋਂ ਵੱਖਰਾ ਨਹੀਂ, ਉਸ ਦਾ ਸਹਿਜ ਭਾਗ ਹੈ। ਇਸੇ ਤਰ੍ਹਾਂ ਸਾਡਾ ਪਿੰਡਾ (ਸਰੀਰ) ਪਿੰਡ (ਦੁਨੀਆਂ) ਤੋਂ ਅਲਹਿਦਾ ਨਹੀਂ। ਜਿਸ ਮਾਦੇ (ਤੱਤਾਂ) ਨਾਲ ਧਰਤੀ ਬਣੀ ਹੈ ਉਸੇ ਨਾਲ ਹੀ ਧਰਤੀ 'ਤੇ ਰਹਿੰਦਾ ਹਰ ਸਰੀਰ ਬਣਿਆਂ ਹੈ। ਜੋ ਗੱਲ ਦੁਨੀਆਂ ਬਾਰੇ ਕਹੀ ਜਾ ਸਕਦੀ ਹੈ ਉਹੀ ਬੰਦੇ ਬਾਰੇ ਕਹੀ ਜਾ ਸਕਦੀ ਹੈ। ਭਗਤ ਪੀਪਾ ਜੀ ਨੇ ਜਿਵੇਂ ਬੰਦੇ ਦੇ ਸਰੀਰ ਅਤੇ ਧਰਤੀ (ਸ੍ਰਿਸ਼ਟੀ) ਦੇ ਸਬੰਧ ਦੀ ਗੱਲ ਕੀਤੀ ਭਗਤ ਕਬੀਰ ਜੀ ਨੇ ਬੰਦੇ ਦੇ ਮਨ ਅਤੇ ਦੁਨੀਆਂ ਦੇ ਉਸੇ ਤਰ੍ਹਾਂ ਦੇ ਸਬੰਧ ਨੂੰ ਦੇਖਿਆ ਅਤੇ ਬਿਆਨਿਆਂ:

***ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥*** *(1103, ਕਬੀਰ ਜੀ)*

ਇਹੀ ਵਿਚਾਰ ਗੁਰੂ ਨਾਨਕ ਜੀ ਦੀ ਜਪੁ ਬਾਣੀ ਵਿਚ ਵੀ ਪ੍ਰਗਟ ਹੋਇਆ:

***ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥*** *(6, ਮ.1)*

ਭਗਤ ਪੀਪਾ ਜੀ ਦਾ ਇਹ ਸ਼ਬਦ ਜੀਵਨ ਪ੍ਰਤੀ ਉਦਾਸੀਨਤਾ ਨੂੰ ਦੂਰ ਕਰਦਾ ਹੋਇਆ ਪੜ੍ਹਨਹਾਰੇ ਵਿਚ ਆਤਮ ਬਲ ਅਤੇ ਆਤਮ ਵਿਸ਼ਵਾਸ ਪੈਦਾ ਕਰਦਾ ਹੈ। ਰੱਬ ਨਾਲ ਰੁੱਸਿਆਂ ਨੂੰ ਚੜ੍ਹਦੀ ਕਲਾ ਪ੍ਰਦਾਨ ਕਰਦਾ ਹੈ। ਉਤਸ਼ਾਹੀ ਢੰਗ ਨਾਲ ਜੀਵਨ ਨੂੰ ਮਾਨਣ ਅਤੇ ਜਾਣਨ ਦਾ ਚਾਅ ਪੈਦਾ ਕਰਦਾ ਹੈ। ਧਾਰਮਿਕਤਾ ਜਾਂ ਆਸਤਿਕਤਾ ਨੂੰ ਕਰਮਕਾਂਡੀ ਝਮੇਲਾ ਬਣਾਉਣ ਦੀ ਬਜਾਏ ਇਸ ਨੂੰ ਚੰਗੇਰੇ ਜੀਵਨ ਲਈ ਉਪਯੋਗੀ ਬਣਾਉਣ ਦਾ ਯਤਨ ਹੈ ਇਹ ਸ਼ਬਦ। ਪੂਰਾ ਸ਼ਬਦ ਜਿਸ ਤਰ੍ਹਾਂ ਮੇਰੇ ਸਾਹਮਣੇ ਆਪਣੇ ਵਿਚਾਰ ਅਤੇ ਭਾਵ ਨਾਲ ਪ੍ਰਗਟ ਹੋਇਆ, ਉਸ ਨੂੰ ਸਤਰਵਾਰ ਸਾਂਝਾ ਕਰਦਾ ਹਾਂ:

### ਪਹਿਲੀ ਸਤਰ:

***ਕਾਇਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥***

*Original with;*
Jaswant Singh Zafar
*Digitized by;*
Panjab Digital Library



*Original with:*
Jaswant Singh Zafar
*Digitized by;*
Panjab Digital Library

ਸਰੀਰ ਵਿਚ ਪਰਮਾਤਮਾ ਦਾ ਨਿਵਾਸ ਹੈ, ਨਿਵਾਸ ਹੀ ਨਹੀਂ ਪਰਮਾਤਮਾ ਇਸ ਵਿਚ ਰਚਿਆ-ਮਿਚਿਆ ਜਾਂ ਰਮਿਆਂ ਹੋਇਆ ਹੈ। ਸਰੀਰ ਈਸ਼ਵਰ ਦਾ ਮੰਦਰ ਹੈ, ਤੀਰਥ ਹੈ ਭਾਵ ਪਵਿਤਰ ਸਥਾਨ ਹੈ। ਗੁਰੂ ਨਾਨਕ ਅਤੇ ਗੁਰੂ ਅਰਜਨ ਸਾਹਿਬ ਨੇ ਇਸ ਵਿਚਾਰ ਦੀ ਪ੍ਰੋੜ੍ਹਤਾ ਇਸ ਤਰ੍ਹਾਂ ਕੀਤੀ ਹੈ:

***ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥*** *(952, ਮ.1)*

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥*** *(293, ਮ.5)*

ਨਾਲ ਹੀ ਗੁਰੂ ਸਾਹਿਬ ਇਹ ਕਥਨ ਵੀ ਦੁਹਰਾਉਂਦੇ ਹਨ ਕਿ ਪਰਮਾਤਮਾ ਦਾ ਨਿਵਾਸ ਹੋਣ ਕਰਕੇ ਸਾਡਾ ਸਰੀਰ ਪਵਿਤਰ ਹੈ:

***ਦੇਹੀ ਨਗਰੀ ਊਤਮ ਥਾਨਾ ॥*** *(1039, ਮ.1)*

***ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥*** *(680, ਮ.5)*

ਕਿਉਂਕਿ ਪਿੰਡੇ ਅਤੇ ਪਿੰਡ ਅਰਥਾਤ ਬੰਦੇ ਅਤੇ ਜਗਤ ਵਿਚ ਭੇਦ ਨਹੀਂ ਇਸ ਲਈ ਗੁਰੂ ਅੰਗਦ ਸਾਹਿਬ ਪਰਮਾਤਮਾ ਦੀ ਮੌਜੂਦਗੀ ਦੇ ਹਵਾਲੇ ਨਾਲ ਸਮੁੱਚੇ ਜਗਤ ਦੀ ਉਸੇ ਤਰ੍ਹਾਂ ਮਹਿਮਾ ਕਰਦੇ ਹਨ ਜਿਵੇਂ ਭਗਤ ਪੀਪਾ ਜੀ ਨੇ ਸਰੀਰ ਦੀ ਕੀਤੀ:

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*** *(463, ਮ.2)*

**ਦੂਸਰੀ ਸਤਰ:**

***ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥***

ਧੂਫ਼, ਦੀਵੇ, ਨਲੇਰ ਅਤੇ ਫੁੱਲ ਪੱਤੀਆਂ ਆਦਿਕ ਰਵਾਇਤੀ ਪੂਜਾ ਜਾਂ ਆਰਤੀ ਦੀ ਸਮੱਗਰੀ ਹਨ। ਜੇ ਪਰਮਾਤਮਾ ਨੂੰ ਕੋਈ ਬਾਹਰੀ ਸ਼ਕਤੀ ਜਾਂ ਹਸਤੀ ਮੰਨਦੇ ਹੋਈਏ ਤਾਂ ਹੀ ਉਸ ਦੀ ਪੂਜਾ ਜਾਂ ਆਰਤੀ ਲਈ ਇਸ ਬਾਹਰੀ ਸਮੱਗਰੀ ਦੀ ਲੋੜ ਹੈ। ਭਗਤ ਪੀਪਾ ਜੀ ਅਨੁਸਾਰ ਜਦ ਸੰਪੂਰਨ ਬ੍ਰਹਮ ਜਾਂ ਪਰਮਾਤਮਾ ਸਾਡੇ ਸਰੀਰ ਅੰਦਰ ਹੀ ਰਮਿਆ ਹੋਇਆ ਹੈ ਫਿਰ ਉਸ ਦੀ ਪੂਜਾ ਜਾਂ ਆਰਤੀ ਲਈ ਬਾਹਰੀ ਸਮੱਗਰੀ ਦੀ ਲੋੜ ਨਹੀਂ, ਉਸ ਵਾਸਤੇ ਸਾਡੀ ਦੇਹ ਹੀ ਧੂਫ਼, ਦੀਵਾ, ਨਲੇਰ, ਫੁੱਲ ਆਦਿ ਹੈ। ਅਸੀਂ ਆਪਣੀ ਦੇਹੀ ਨੂੰ ਸੁਰ ਕਰਕੇ ਇਸ ਨਾਲ ਅੰਦਰ ਰਮੇ ਹੋਏ ਈਸ਼ਵਰ ਦੀ ਪੂਜਾ ਕਰਨੀ ਹੈ। ਭਗਤ ਪੀਪਾ ਜੀ ਨੇ ਕਿਹਾ: ਜੋ ਬ੍ਰਹਮੰਡੇ ਸੋਈ ਪਿੰਡੇ। ਜਿਵੇਂ ਭਗਤ ਜੀ ਅਨੁਸਾਰ ਪਿੰਡੇ 'ਚ ਵਸਦੇ ਦੀ ਆਰਤੀ ਲਈ ਪਿੰਡਾ ਹੀ ਆਰਤੀ ਦੀ ਸਮੱਗਰੀ ਹੈ ਹੋਰ ਧੂਫ਼, ਦੀਵੇ, ਨਲੇਰ, ਫੁੱਲਾਂ ਆਦਿ ਦੀ ਲੋੜ ਨਹੀਂ ਇਵੇਂ ਹੀ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਪੂਰੇ ਬ੍ਰਹਿਮੰਡ 'ਚ ਵਸਦੇ ਉਸ ਪਰਮਾਤਮਾ ਲਈ ਪੂਰਾ ਬ੍ਰਹਿਮੰਡ ਹੀ ਆਰਤੀ ਦੀ ਸਮੱਗਰੀ ਹੈ:

**ਸਾਨੂੰ ਸਾਰੀਆਂ ਪ੍ਰਾਪਤੀਆਂ-ਅਪ੍ਰਾਪਤੀਆਂ, ਜਿੱਤਾਂ-ਹਾਰਾਂ, ਭਟਕਣਾਂ, ਅਨੁਭਵਾਂ ਉਪਰੰਤ ਆਪਣੇ ਆਪ ਕੋਲ ਹੀ ਆਉਣਾ ਪੈਂਦਾ ਹੈ। ਸਭ ਕਾਸੇ ਦਾ ਮਿਲਨ-ਬਿੰਦੂ ਅਸੀਂ ਆਪ ਹੀ ਬਣਦੇ ਹਾਂ। ਖੋਜ ਦੀ ਸਾਰੀ ਯਾਤਰਾ ਆਪਣੇ ਅੰਦਰ ਪਹੁੰਚ ਕੇ ਹੀ ਸੰਪੂਰਨ ਹੁੰਦੀ ਹੈ। ਈਸ਼ਵਰ ਮਿਲਾਪ ਆਪਣੇ ਆਪ ਨਾਲ ਬਖਸ਼ਿਸ਼ ਭਰਿਆ ਮਿਲਾਪ ਹੈ, ਆਪਣੀ ਸਮੁੱਚਤਾ ਦਾ ਵਿਸਮਾਦੀ ਮਿਲਾਪ ਹੈ।**

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥***

*Original with;*
Jaswant Singh Zafar
*Digitized by;*
Panjab Digital Library

***ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥*** *(663, ਮ.1)*

**ਤੀਸਰੀ ਸਤਰ:**

***ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥***

ਭਗਤ ਪੀਪਾ ਜੀ ਦੀ ਇਸ ਸਤਰ ਦੇ ਭਾਵ ਨੂੰ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਦੋ ਵਾਰ ਵਿਸਥਾਰ ਕੇ ਦੱਸਿਆ ਗਿਆ ਹੈ:

***ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥***
***ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥*** *(235, ਮ.4)*

***ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥***
***ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥*** *(1191, ਮ.4)*

ਸਾਨੂੰ ਸਾਰੀਆਂ ਪ੍ਰਾਪਤੀਆਂ-ਅਪ੍ਰਾਪਤੀਆਂ, ਜਿੱਤਾਂ-ਹਾਰਾਂ, ਭਟਕਣਾਂ, ਅਨੁਭਵਾਂ ਉਪਰੰਤ ਆਪਣੇ ਆਪ ਕੋਲ ਹੀ ਆਉਣਾ ਪੈਂਦਾ ਹੈ। ਸਭ ਕਾਸੇ ਦਾ ਮਿਲਨ-ਬਿੰਦੂ ਅਸੀਂ ਆਪ ਹੀ ਬਣਦੇ ਹਾਂ। ਖੋਜ ਦੀ ਸਾਰੀ ਯਾਤਰਾ ਆਪਣੇ ਅੰਦਰ ਪਹੁੰਚ ਕੇ ਹੀ ਸੰਪੂਰਨ ਹੁੰਦੀ ਹੈ। ਈਸ਼ਵਰ ਮਿਲਾਪ ਆਪਣੇ ਆਪ ਨਾਲ ਬਖ਼ਸ਼ਿਸ਼ ਭਰਿਆ ਮਿਲਾਪ ਹੈ, ਆਪਣੀ ਸਮੁੱਚਤਾ ਦਾ ਵਿਸਮਾਦੀ ਮਿਲਾਪ ਹੈ। ਪਰਮਾਤਮਾ ਦੀ ਖੋਜ ਸਰੀਰ ਦੇ ਅੰਦਰੋਂ ਹੀ ਕਰਨੀ ਬਣਦੀ ਹੈ, ਅੰਦਰੋਂ ਹੀ ਉਸ ਨਾਲ ਮਿਲਾਪ ਹੁੰਦਾ ਹੈ। ਜਿਥੇ ਜੀਵਨ ਦੇ ਹੋਰ ਸਾਰੇ ਰਸਾਂ ਅਤੇ ਰੰਗਾਂ ਨੂੰ ਦੇਹੀ ਨਾਲ ਮਾਣਿਆਂ ਜਾਂਦਾ ਹੈ ਉਥੇ ਸ੍ਰੇਸ਼ਟ ਅਧਿਆਤਮਿਕ ਅਵੱਸਥਾ ਦੀ ਪ੍ਰਾਪਤੀ ਵੀ ਦੇਹੀ ਨਾਲ ਹੀ ਹੁੰਦੀ ਹੈ। ਇਸੇ ਕਰਕੇ ਦੇਵਤੇ ਵੀ ਮਨੁੱਖੀ ਦੇਹ ਨੂੰ ਪ੍ਰਾਪਤ ਕਰਨ ਲਈ ਤਰਸਦੇ ਹਨ:

***ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥*** *(1159, ਕਬੀਰ ਜੀ)*

**ਚੌਥੀ ਸਤਰ:**

***ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥***

ਵਿਗਿਆਨ ਦੇ ਨਿਊਟਨ-ਕਾਲ ਸਮੇਂ ਪਦਾਰਥ ਨੂੰ ਅਮਰ ਐਲਾਨਿਆਂ ਗਿਆ ਸੀ, ਕਿ ਪਦਾਰਥ (ਮਾਦਾ) ਨਾ ਪੈਦਾ ਹੁੰਦਾ ਹੈ ਨਾ ਨਸ਼ਟ ਹੁੰਦਾ ਹੈ ਸਿਰਫ਼ ਰੂਪ ਬਦਲਦਾ ਹੈ। ਥਰਮੋਡਾਈਨਾਮਿਕਸ ਨੇ ਇਹ ਗੱਲ ਸਥਾਪਿਤ ਕੀਤੀ ਕਿ ਊਰਜਾ ਨਾ ਪੈਦਾ ਹੁੰਦੀ ਹੈ ਨਾ ਨਸ਼ਟ ਹੁੰਦੀ ਹੈ ਇਸ ਦੀ ਸਿਰਫ਼ ਕਿਸਮ ਬਦਲਦੀ ਹੈ। ਅਧੁਨਿਕ ਵਿਗਿਆਨ ਦੇ ਐਟਮੀ ਗਿਆਨ (ਆਈਂਸਟਾਈਨ-ਕਾਲ) ਨੇ ਸਿੱਧ ਕੀਤਾ ਕਿ ਇਹ ਦੋਨੋਂ ਗੱਲਾਂ ਸੁਤੰਤਰ ਰੂਪ ਵਿਚ ਤਾਂ ਸੱਚ ਨਹੀਂ ਪਰ ਦੋਨਾਂ ਦਾ ਜੋੜ ਸੱਚ ਹੈ। ਭਾਵ ਮਾਦਾ ਊਰਜਾ ਵਿਚ ਵਟ ਸਕਦਾ ਹੈ ਅਤੇ ਊਰਜਾ ਮਾਦੇ ਵਿਚ ਵਟ ਸਕਦੀ ਹੈ, ਪਰ ਤਬਦੀਲੀ ਦੇ ਵਰਤਾਰੇ ਦੌਰਾਨ ਪਦਾਰਥ ਅਤੇ ਊਰਜਾ ਦੇ ਜੋੜ ਨਹੀਂ ਵਧਦੇ ਘਟਦੇ। ਭਾਵ ਸ੍ਰਿਸ਼ਟੀ ਵਿਚ ਕੁਛ ਵੀ ਵਾਪਰੀ ਜਾਣ ਦੇ ਬਾਵਜੂਦ ਮਾਦੇ ਅਤੇ ਊਰਜਾ ਦੀ ਕੁਲ ਮਾਤਰਾ ਵਿਚ ਕੋਈ ਫਰਕ ਨਹੀਂ ਪੈਂਦਾ। ਪਰਮਾਤਮਾ ਕਦੀ ਆਪਣੀ ਰਚਨਾ ਨੂੰ ਖੋਲ੍ਹ ਕੇ ਪ੍ਰਗਟ ਕਰ ਦਿੰਦਾ ਹੈ ਕਦੀ ਆਪਣੀ ਸੁੰਨ ਅੰਦਰ ਸਮੇਟ ਲੈਂਦਾ ਹੈ। ਇਹੀ ਗੱਲ ਇਸ ਸਤਰ ਵਿਚ ਭਗਤ ਪੀਪਾ ਜੀ ਆਖਦੇ ਹਨ ਕਿ ਪਰਮਾਤਮਾ ਦੀ ਕੁਲ ਮਲਕੀਅਤ ਵਿਚ ਕੋਈ ਵਾਧਾ ਘਾਟਾ ਨਹੀਂ ਹੁੰਦਾ। ਪਰ ਭਗਤ ਜੀ ਇਹ ਗੱਲ ਰਾਮ ਦੁਹਾਈ ਨਾਲ ਭਾਵ ਰੱਬ ਦਾ ਵਾਸਤੇ ਪਾ ਕੇ ਕਹਿ

**ਜਿਸ ਨੂੰ ਅਸੀਂ ਮੌਤ ਕਹਿੰਦੇ ਹਾਂ ਉਸ ਤੋਂ ਮਗਰੋਂ ਅਸੀਂ ਫਿਰ ਕਿਸੇ ਨਾ ਕਿਸੇ ਰੂਪ 'ਚ ਧਰਤੀ ਅਤੇ ਹਵਾ 'ਚ ਰਲ-ਮਿਲ ਜਾਂਦੇ ਹਾਂ। ਅਸੀਂ ਨਾ ਕਿਤੋਂ ਆਉਂਦੇ ਹਾਂ ਨਾ ਕਿਤੇ ਜਾਂਦੇ ਹਾਂ, ਸਦਾ ਧਰਤੀ ਅਤੇ ਇਸ ਦੇ ਵਾਯੂਮੰਡਲ ਦਾ ਹਿੱਸਾ ਹੀ ਹੁੰਦੇ ਹਾਂ, ਸਿਰਫ਼ ਰੂਪ ਬਦਲਦਾ ਹੈ।**

Original with;
Jaswant Singh Zafar
Digitized by;
Panjab Digital Library

ਰਹੇ ਹਨ। ਜੇ ਇਹ ਗੱਲ ਸਧਾਰਨ ਜਾਂ ਸਹਿ-ਸੁਭਾਅ ਕਹੀ ਜਾਵੇ ਤਾਂ ਇਸ ਨੂੰ ਕੌਣ ਸੁਣੇ? ਕਿਉਂਕਿ ਪ੍ਰਚੱਲਤ ਅਤੇ ਸਥਾਪਿਤ ਵਿਚਾਰ ਤਾਂ ਏਹੀ ਹੈ ਕਿ ਕੁਛ ਪੈਦਾ ਹੁੰਦਾ ਹੈ ਕੁਛ ਖ਼ਤਮ ਹੁੰਦਾ ਹੈ, ਕੋਈ ਦੁਨੀਆਂ 'ਤੇ ਆਉਂਦਾ ਹੈ ਕੋਈ ਜਾਂਦਾ ਹੈ, ਕੋਈ ਜੰਮਦਾ ਹੈ ਕੋਈ ਮਰਦਾ ਹੈ। ਪਰ ਮਾਨਸ ਦੇਹੀ (ਜਿਸ ਬਾਰੇ ਗੱਲ ਚੱਲ ਰਹੀ ਹੈ) ਸਬੰਧੀ ਗਹੁ ਨਾਲ ਦੇਖਿਆ ਜਾਵੇ ਕਿ ਜਨਮ ਤੋਂ ਪਹਿਲਾਂ ਸਾਡਾ ਸਰੀਰ ਮਾਂ ਦੇ ਖ਼ੂਨ ਤੋਂ ਬਣਦਾ ਰਹਿੰਦਾ ਹੈ, ਇਹ ਖ਼ੂਨ ਧਰਤੀ ਤੋਂ ਪੈਦਾ ਹੋਈ ਮਾਂ ਦੁਆਰਾ ਖਾਧੀ ਜਾਂਦੀ ਖ਼ੁਰਾਕ ਅਤੇ ਹਵਾ 'ਚੋਂ ਸਵਾਸਾਂ ਰਾਹੀਂ ਲਈ ਜਾਂਦੀ ਆਕਸੀਜਨ ਨਾਲ ਬਣਦਾ ਹੈ। ਜਨਮ ਪਿੱਛੋਂ ਸਾਡਾ ਸਰੀਰ ਸਿੱਧੇ ਤੌਰ 'ਤੇ ਧਰਤੀ ਤੋਂ ਮਿਲੀ ਖ਼ੁਰਾਕ ਅਤੇ ਹਵਾ ਨਾਲ ਬਣਦਾ ਵਿਗਸਦਾ ਹੈ। ਜਿਸ ਨੂੰ ਅਸੀਂ ਮੌਤ ਕਹਿੰਦੇ ਹਾਂ ਉਸ ਤੋਂ ਮਗਰੋਂ ਅਸੀਂ ਫਿਰ ਕਿਸੇ ਨਾ ਕਿਸੇ ਰੂਪ 'ਚ ਧਰਤੀ ਅਤੇ ਹਵਾ 'ਚ ਰਲ-ਮਿਲ ਜਾਂਦੇ ਹਾਂ। ਅਸੀਂ ਨਾ ਕਿਤੋਂ ਆਉਂਦੇ ਹਾਂ ਨਾ ਕਿਤੇ ਜਾਂਦੇ ਹਾਂ, ਸਦਾ ਧਰਤੀ ਅਤੇ ਇਸ ਦੇ ਵਾਯੂਮੰਡਲ ਦਾ ਹਿੱਸਾ ਹੀ ਹੁੰਦੇ ਹਾਂ, ਸਿਰਫ਼ ਰੂਪ ਬਦਲਦਾ ਹੈ।

**ਅੰਤਮ ਸਤਰ:**

*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥*

ਭਗਤ ਜੀ ਸ਼ੁਕਰਾਨੇ ਸਹਿਤ ਪ੍ਰਾਰਥਨਾ ਕਰਦੇ ਹਨ ਕਿ ਸਤਿਗੁਰੂ ਦੀ ਕਿਰਪਾ ਨਾਲ ਉਸਨੂੰ ਬ੍ਰਹਮ ਦੇ ਭੇਦ ਨੂੰ ਜਾਣਨ, ਵਿਚਾਰਨ ਅਤੇ ਲਿਖਣ ਦੀ ਸੋਝੀ ਮਿਲੇ। ਪੰਜ ਸਤਰਾਂ ਵਿਚ ਚਰਚਾ ਕਰਕੇ ਇਸ ਆਖਰੀ ਸਤਰ 'ਚ ਸਤਿਗੁਰੂ ਦੀ ਮਹਿਮਾ ਨਾਲ ਇਸ ਸ਼ਬਦ ਨੂੰ ਮੁਕੰਮਲ ਕੀਤਾ ਗਿਆ ਹੈ। ਜੋ ਸੋਝੀ ਤੇ ਗਿਆਨ ਪ੍ਰਾਪਤ ਹੋਇਆ ਓਸ ਲਈ ਗੁਰੂ ਦਾ ਸ਼ੁਕਰਾਨਾ ਅਤੇ ਹੋਰ ਸੋਝੀ ਬਖਸ਼ਣ ਲਈ ਬੇਨਤੀ। ਮੂਲ ਮੰਤਰ ਵਿਚ ਵੀ ਗੁਰੂ ਸਾਹਿਬ ਨੇ ਪਰਮਾਤਮਾ ਦੇ ਗੁਣਾ ਨੂੰ ਦਰਜ ਕਰਕੇ ਇਸ ਨੂੰ ਗੁਰ ਪ੍ਰਸਾਦਿ ਨਾਲ ਸੰਪੂਰਨ ਕੀਤਾ ਹੈ। ਇਹ ਸ਼ੈਲੀ ਗੁਰਬਾਣੀ ਦੇ ਹੋਰ ਵੀ ਅਨੇਕਾਂ ਸ਼ਬਦਾਂ ਵਿਚ ਅਪਣਾਈ ਗਈ ਮਿਲਦੀ ਹੈ।

ਭਗਤ ਪੀਪਾ ਜੀ ਦੇ ਇਸ ਦੇਹੀ-ਸੁਖ਼ਨ ਦੀ ਚਰਚਾ ਦੀ ਲਗਾਤਾਰਤਾ ਵਿਚ ਅਸੀਂ ਗੁਰੂ ਅਮਰਦਾਸ ਜੀ ਦੇ ਵਲੋਂ ਮਾਰੂ ਰਾਗ ਵਿਚ ਕੀਤੀ ਗਈ ਦੇਹੀ-ਉਪਮਾ ਦਾ ਆਨੰਦ ਮਾਣ ਸਕਦੇ ਹਾਂ। ਵੇਖੋ ਗੁਰੂ ਸਾਹਿਬ ਨੇ ਦੇਹੀ ਦਾ ਜੱਸ ਗਾਉਂਦਿਆਂ ਕਿਵੇਂ ਧੰਨ-ਧੰਨ ਕਰਾਈ ਪਈ ਹੈ:

*ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥*
*ਕੋਇ ਨ ਕਿਸ ਹੀ ਜੇਹਾ ਉਪਾਇਆ ॥*
*ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥*



*Original with;*
Jaswant Singh Zafar
*Digitized by;*
Panjab Digital Library

ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥

ਦੇਹੀ ਅੰਦਰਿ ਵਸਤੁ ਅਪਾਰਾ ॥
ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥

ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥

ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥

ਮੇਰੈ ਕਰਤੈ ਇਕ ਬਣਤ ਬਣਾਈ ॥
ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥

ਵਡੈ ਭਾਗਿ ਇਹੁ ਸਰੀਰੁ ਪਾਇਆ ॥
ਮਾਣਸ ਜਨਮਿ ਸਬਦਿ ਚਿਤੁ ਲਾਇਆ ॥
ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥

ਗੁਰ ਕੈ ਸਬਦਿ ਪਵਿਤ੍ਰੁ ਸਰੀਰਾ ॥
ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥
ਸਚੋ ਸਚੁ ਵੇਖੈ ਸਭ ਥਾਈ ਸਚੁ ਸੁਣਿ ਮੰਨਿ ਵਸਾਇਦਾ ॥

ਏਹ ਕਾਇਆ ਪਵਿਤੁ ਹੈ ਸਰੀਰੁ ॥
ਗੁਰ ਸਬਦੀ ਚੇਤੈ ਗੁਣੀ ਗਹੀਰੁ ॥
ਅਨਦਿਨੁ ਗੁਣ ਗਾਵੈ ਰੰਗਿ ਰਾਤਾ ਗੁਣ ਕਹਿ ਗੁਣੀ ਸਮਾਇਦਾ ॥

ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥

ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥
ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥

*Original with;*
Jaswant Singh Zafar
*Digitized by;*
Panjab Digital Library

## ॥ ਬੇਣੀ ਕਹੈ ਸੁਨਹੁ ਰੇ ਭਗਤਹੁ ॥



*Original with;*
Jaswant Singh Zafar
*Digitized by;*
Panjab Digital Library



ਭਗਤ ਬੇਣੀ ਜੀ ਦਾ ਜਨਮ ਕਬੀਰ ਸਾਹਿਬ ਤੋਂ ਬਾਅਦ ਅਤੇ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਇਆ ਮੰਨਿਆਂ ਜਾਂਦਾ ਹੈ। ਉਹਨਾਂ ਦੀ ਬਾਣੀ ਦੇ ਵਿਸ਼ਿਆਂ, ਤਕਨੀਕ, ਸ਼ੈਲੀ ਅਤੇ ਤਾਸੀਰ ਦੀ ਸਾਂਝ ਤੋਂ ਇਹ ਅਨੁਮਾਨ ਲਗਾਉਣਾ ਮੁਸ਼ਕਲ ਨਹੀਂ ਕਿ ਆਪ ਕਬੀਰ ਸਾਹਿਬ ਦੇ ਪੈਰੋਕਾਰ ਸਨ। ਆਪਣੀ ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਨੇ ਉਹਨਾਂ ਦੀ ਬਾਣੀ ਹਾਸਲ ਕੀਤੀ ਅਤੇ ਆਪਣੀ ਅਤੇ ਹੋਰ ਬਾਣੀਕਾਰਾਂ ਦੀ ਰਚਨਾ ਦੇ ਨਾਲ ਇਸ ਨੂੰ ਵੀ ਸੰਭਾਲ ਕੇ ਰੱਖਿਆ। ਗੁਰੂ ਗਰੰਥ ਸਾਹਿਬ ਵਿਚ ਬੇਣੀ ਜੀ ਦੇ ਤਿੰਨ ਸ਼ਬਦ ਦਰਜ ਹਨ।

ਕਵੀ ਸਾਧੂ ਦਇਆ ਸਿੰਘ ਨੇ ਆਪਣੀ ਵੱਡ ਆਕਾਰੀ ਰਚਨਾ 'ਜ਼ਿੰਦਗੀ ਬਿਲਾਸ' ਵਿਚ ਮਨੁੱਖੀ ਜੀਵਨ ਦਾ ਆਰੰਭ ਤੋਂ ਅਖੀਰ ਤੱਕ ਵਰ੍ਹੇਵਾਰ ਕਾਵਿ-ਬਿਰਤਾਂਤ ਲਿਖਿਆ ਹੈ। ਇਸ ਵਿਚ ਆਮ, ਸਧਾਰਨ ਅਤੇ ਦੁਨਿਆਵੀ ਬੰਦੇ ਦੇ ਜੀਵਨ ਪੰਧ ਨੂੰ ਜਨਰਲਾਈਜ਼ ਕੀਤਾ ਗਿਆ ਹੈ। ਬੰਦੇ ਦੀ ਉਮਰ 100 ਸਾਲ ਮੰਨ ਕੇ ਹਰ ਵਰ੍ਹੇ ਦੇ ਹਵਾਲੇ ਨਾਲ ਕਾਵਿ-ਬੰਦ ਰਚੇ ਗਏ ਹਨ। ਆਮ ਬੰਦਾ ਜੀਵਨ ਵਿਚ ਜੋ ਸਧਾਰਨ ਗੱਲਾਂ ਕਰਦਾ ਹੈ ਉਹਨਾਂ ਦਾ ਵਰਨਣ ਅਤੇ ਜੋ ਅਸਧਾਰਨ ਕੰਮ ਰਚਨਾਕਾਰ ਮੁਤਾਬਕ ਬੰਦੇ ਨੂੰ ਕਰਨੇ ਚਾਹੀਦੇ ਹਨ ਉਹਨਾਂ ਦਾ ਉਪਦੇਸ਼ ਨਾਲ-ਨਾਲ ਚਲਦਾ ਹੈ। ਆਮ ਮਨੁੱਖ ਦੇ ਜੀਵਨ ਦਾ ਕਾਵਿ ਚਿਤਰਨ ਕਰਨ ਦੀ ਅਜਿਹੀ ਰਵਾਇਤ ਬੜੀ ਪੁਰਾਣੀ ਹੈ। ਗੁਰੂ ਗਰੰਥ ਸਾਹਿਬ ਦੇ ਪੰਨਾ 76 ਅਤੇ 77 ਉੱਤੇ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਿਰੀਰਾਗ ਵਿਚ ਦੋ ਰਲਦੇ ਮਿਲਦੇ ਸ਼ਬਦ ਹਨ ਜਿਹਨਾਂ ਵਿਚ ਮਨੁੱਖੀ ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਵਾਂਗ ਚਾਰ ਹਿੱਸਿਆਂ ਵਿਚ ਵੰਡ ਕੇ ਇਸ ਦਾ ਚਿਤਰਨ ਕੀਤਾ ਗਿਆ ਹੈ। ਦੋਨਾਂ ਸ਼ਬਦਾਂ ਵਿਚ ਪਹਿਲਾ ਪਹਿਰ ਗਰਭ ਅਵਸਥਾ ਅਤੇ ਬਚਪਨ ਨੂੰ ਮੰਨਿਆਂ ਹੈ, ਦੂਸਰਾ ਜਵਾਨੀ ਨੂੰ, ਤੀਸਰਾ ਕਬੀਲਦਾਰੀ ਦੇ ਝਮੇਲਿਆਂ ਦੇ ਸਮੇਂ ਨੂੰ ਅਤੇ ਚੌਥਾ ਮੌਤ ਦੇ ਨੇੜੇ ਪਹੁੰਚੀ ਬੁਢਾਪੇ ਦੀ ਅਵੱਸਥਾ ਨੂੰ। ਇਹਨਾਂ ਦੋਵਾਂ ਸ਼ਬਦਾਂ ਤੋਂ ਪਹਿਲਾਂ ਪੰਨਾ 74 ਅਤੇ 75 'ਤੇ ਸਿਰੀ ਰਾਗ ਵਿਚ ਹੀ ਗੁਰੂ ਨਾਨਕ ਦੇ ਦੋ ਸ਼ਬਦ ਹਨ, ਜਿਹਨਾਂ ਦਾ ਸਿਰਲੇਖ ਹੈ "ਸਿਰੀਰਾਗੁ ਮਹਲਾ 1 ਪਹਰੇ ਘਰੁ 1"। ਪਹਿਲੇ ਸ਼ਬਦ ਵਿਚ ਗਰਭ ਸਮੇਂ ਨੂੰ ਪਹਿਲਾ ਪਹਿਰ, ਲਾਡ ਭਰੇ ਬਚਪਨ ਨੂੰ ਦੂਜਾ ਪਹਿਰ, ਬੇਫ਼ਿਕਰੀ ਵਾਲੀ ਜਵਾਨੀ ਨੂੰ ਤੀਜਾ ਪਹਿਰ ਅਤੇ ਬੁਢਾਪੇ ਨੂੰ ਚੌਥਾ ਪਹਿਰ ਕਿਹਾ ਗਿਆ ਹੈ। ਦੂਸਰੇ ਸ਼ਬਦ ਵਿਚ ਬਚਪਨ ਨੂੰ ਪਹਿਲਾ ਪਹਿਰ, ਜਵਾਨੀ ਨੂੰ ਦੂਜਾ ਪਹਿਰ, ਕੰਮਾਂ ਧੰਦਿਆਂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਸਮੇਂ ਨੂੰ ਤੀਜਾ ਪਹਿਰ ਅਤੇ ਅੰਤਲੇ ਸਮੇਂ ਨੂੰ ਚੌਥਾ ਪਹਿਰ ਕਿਹਾ ਗਿਆ ਹੈ। ਇਹ ਬਹੁਤ ਸਪੱਸ਼ਟ ਹੈ ਕਿ ਗੁਰੂ ਨਾਨਕ ਦੇ ਇਹਨਾਂ ਦੋਵਾਂ ਸ਼ਬਦਾਂ ਦੀ

Original with;
Jaswant Singh Neki
Digitized by;
Panjab Digital Library

ਲਗਾਤਾਰਤਾ ਵਿਚ ਹੀ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਉਪਰੋਕਤ ਸ਼ਬਦਾਂ ਦੀ ਰਚਨਾ ਕੀਤੀ ਹੈ ਕਿਉਂਕਿ ਚਾਰਾਂ ਹੀ ਸ਼ਬਦਾਂ ਦੀ ਵਿਚਾਰ, ਤਕਨੀਕ, ਸੰਬੋਧਨ, ਉਦੇਸ਼, ਬੋਲੀ, ਛੰਦ ਚਾਲ, ਰਾਗ, ਤਾਲ ਅਦਿ ਸਭ ਇਕੋ ਜਿਹੇ ਹੀ ਹਨ। ਚਾਰਾਂ ਸ਼ਬਦਾਂ 'ਚੋਂ ਹਰੇਕ ਦੀ ਪਹਿਲੀ ਸਤਰ ਪੜ੍ਹਨ ਨਾਲ ਹੀ ਇਸ ਗੱਲ ਦੀ ਤਸੱਲੀ ਹੋ ਜਾਂਦੀ ਹੈ:

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥** *(74, ਮ.1)*

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥** *(75, ਮ.1)*

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ ॥** *(76, ਮ.4)*

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ ॥** *(77, ਮ.5)*

ਇਹਨਾਂ ਚਾਰਾਂ ਸ਼ਬਦਾਂ ਨੂੰ ਪਹਰਿਆਂ ਦੀ ਬਾਣੀ ਕਿਹਾ ਜਾਂਦਾ ਹੈ। ਇਸੇ ਸਿਰੀ ਰਾਗ ਵਿਚ ਭਗਤ ਬੇਣੀ ਜੀ ਦੇ ਪੰਨਾ 93 ਉਤਲੇ ਸ਼ਬਦ ਦਾ ਸਿਰਲੇਖ ਹੈ 'ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ'। ਸਿਰਲੇਖ ਦੇ ਨਾਲ ਹੀ ਇਸ ਸ਼ਬਦ ਦੇ ਗਾਇਨ ਸਬੰਧੀ ਖਾਸ ਹਦਾਇਤ ਦਰਜ ਹੈ, "ਪਹਰਿਆ ਕੈ ਘਰ ਗਾਵਣਾ"। ਇਸ ਹਦਾਇਤ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੀ ਪਹਰਿਆਂ ਦੀ ਬਾਣੀ ਦਾ ਇਸ ਸ਼ਬਦ ਨਾਲ ਸਬੰਧ ਹੈ। ਇਸ ਸ਼ਬਦ ਵਿਚ ਬੜੀ ਸੰਖੇਪਤਾ ਨਾਲ ਮਨੁੱਖ ਦੇ ਗਰਭਕਾਲ ਤੋਂ ਅੰਤ ਕਾਲ ਤੱਕ ਬਣਦੀਆਂ ਅਤੇ ਬਦਲਦੀਆਂ ਰੁਚੀਆਂ ਅਤੇ ਸਥਿਤੀਆਂ ਦਾ ਵਰਨਣ ਕੀਤਾ ਗਿਆ ਹੈ।

ਗੁਰਬਾਣੀ ਦੇ ਸ਼੍ਰੋਮਣੀ ਵਿਦਵਾਨ ਪ੍ਰੋ. ਸਾਹਿਬ ਸਿੰਘ ਨੇ ਆਪਣੀ ਖੋਜ ਰਾਹੀਂ ਸਿੱਧ ਕੀਤਾ ਹੈ ਕਿ ਪਹਰਿਆਂ ਦੇ ਸ਼ਬਦ ਉਚਾਰਨ ਸਮੇਂ ਭਗਤ ਬੇਣੀ ਦਾ ਇਹ ਸ਼ਬਦ ਗੁਰੂ ਨਾਨਕ ਜੀ ਦੇ ਸਾਹਮਣੇ ਸੀ ਅਤੇ ਭਗਤ ਬੇਣੀ ਜੀ ਦੇ ਇਸ ਸ਼ਬਦ ਦੇ ਖਿਆਲਾਂ ਨੂੰ ਗੁਰੂ ਨਾਨਕ ਜੀ ਨੇ ਆਪਣੇ ਦੋ ਸ਼ਬਦਾਂ ਰਾਹੀਂ ਵਿਸਥਾਰ ਕੇ ਬਿਆਨਿਆਂ ਹੈ। ਪ੍ਰੋ. ਸਾਹਿਬ ਸਿੰਘ ਜੀ ਦੇ ਇਸ ਕਥਨ ਦੀ ਸਚਾਈ ਨੂੰ ਦੇਖਣ ਲਈ ਦੋਹਾਂ ਬਾਣੀਕਾਰਾਂ ਦੁਆਰਾ ਉਚਾਰੀਆਂ ਪਹਿਲੀਆਂ ਕੁਝ ਸਤਰਾਂ ਦਾ ਅਧਿਅਨ ਕਰਦੇ ਹਾਂ ਜਿਹਨਾਂ ਵਿਚ ਮਨੁੱਖ ਦੇ ਗਰਭਕਾਲ ਦਾ ਵਰਨਣ ਹੈ:

ਬੇਣੀ ਜੀ: **ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥**
**ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥** *(93)*

ਗੁਰੂ ਨਾਨਕ: **ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥**
**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥**
**ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥**
**ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥** *(74)*

ਇਹਨਾਂ ਸਤਰਾਂ ਵਿਚ ਭਾਵ, ਵਿਚਾਰ ਅਤੇ ਸ਼ਬਦਾਂ ਦੀਆਂ ਬਹੁਤ ਸਾਰੀਆਂ ਸਮਾਨਤਾਵਾਂ ਹਨ। ਫਰਕ ਇਹ ਹੈ ਕਿ ਬੇਣੀ ਜੀ ਨੇ ਸੰਬੋਧਨ ਲਈ 'ਰੇ ਨਰ' ਵਰਤਿਆ ਹੈ ਅਤੇ ਗੁਰੂ ਸਾਹਿਬ ਨੇ 'ਵਣਜਾਰਿਆ ਮਿਤ੍ਰਾ' ਕਹਿ ਕੇ ਪੁਕਾਰਿਆ ਹੈ। ਬੇਣੀ ਜੀ ਵਲੋਂ ਕਹੇ ਗਏ 'ਗਰਭ ਕੁੰਡਲ' ਨੂੰ ਗੁਰੂ ਨਾਨਕ ਨੇ 'ਗਰਭਾਸਿ' ਕਿਹਾ ਹੈ, 'ਉਰਧ ਧਿਆਨ' ਨੂੰ 'ਉਰਧ ਤਪੁ' ਕਿਹਾ ਹੈ।"ਉਰਧ ਧਿਆਨ ਲਿਵ ਲਾਗਾ" ਵਾਲੀ ਅੱਧੀ ਤੁਕ ਤਾਂ ਹੂ-ਬ-ਹੂ ਓਹੀ ਹੈ। ਸ਼ਬਦ ਦੀਆਂ ਰਹਾਉ ਵਾਲੀਆਂ ਦੋ ਸਤਰਾਂ ਵਿਚ ਭਗਤ ਬੇਣੀ ਜੀ ਨੇ ਮਨੁੱਖ ਨੂੰ ਕੁਮੱਤ ਅਤੇ ਭਰਮ ਤਿਆਗ ਕੇ ਰਾਮ ਨੂੰ ਚੇਤੇ ਰੱਖਣ ਦਾ ਉਪਦੇਸ਼ ਕੀਤਾ ਹੈ ਜਿਸ ਨੂੰ ਪਹਰਿਆ ਦੀ ਬਾਣੀ ਵਿਚ ਗੁਰੂ ਸਾਹਿਬਾਨ ਨੇ ਵਾਰ-ਵਾਰ ਦ੍ਰਿੜਾਇਆ ਹੈ:

**ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥**

Original with;
Jaswant Singh Zafar
Digitized by;
Panjab Digital Library



Original with;
Jaswant Singh Zafar
Digitized by;
Panjab Digital Library

***ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥*** *(93, ਬੇਣੀ ਜੀ)*

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਜ਼ਿੰਦਗੀ ਬਿਲਾਸ ਦੀ ਤਕਨੀਕ ਵਾਲੇ ਸੁਖਨ ਦੀ ਪ੍ਰੰਪਰਾ ਭਗਤ ਬੇਣੀ ਜੀ ਤੋਂ ਸ਼ੁਰੂ ਹੋਈ।

ਭਗਤ ਬੇਣੀ ਜੀ ਨਾ ਕੇਵਲ ਭਗਤੀ ਦੇ ਗਿਆਨੀ ਉਪਦੇਸ਼ਕ ਸਨ ਸਗੋਂ ਧਿਆਨ ਸਾਧਨਾ ਦੀਆਂ ਜੁਗਤਾਂ ਦੇ ਜਾਣਕਾਰ, ਅਭਿਆਸੀ ਅਤੇ ਅਨੁਭਵੀ ਸਨ। ਇਸ ਗੱਲ ਦਾ ਵਰਨਣ ਭੱਟ ਕਲ ਜੀ ਨੇ ਉਹਨਾਂ ਦੇ ਆਦਰ ਵਿਚ ਉਚਾਰੀਆਂ ਪੰਕਤੀਆਂ ਵਿਚ ਕੀਤਾ ਹੈ:

***ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥***
***ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥*** *(1390, ਕਲ)*

ਉਹਨਾਂ ਆਪਣੇ ਜੋਗ ਧਿਆਨ ਜਾਂ ਸਮਾਧੀ ਸਬੰਧੀ ਜੁਗਤ ਅਤੇ ਅਨੁਭਵ ਦਾ ਵਰਨਣ ਆਪਣੀ ਰਾਮਕਲੀ ਬਾਣੀ ਵਿਚ ਕੀਤਾ ਹੈ:

***ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥***
***ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥*** *(974, ਬੇਣੀ ਜੀ)*

ਪ੍ਰੋ. ਸਾਹਿਬ ਸਿੰਘ ਦਾ ਮੱਤ ਹੈ ਕਿ ਇਸ ਸ਼ਬਦ ਦੀ ਤਕਨੀਕੀ ਸ਼ਬਦਾਵਲੀ ਅਤੇ ਕਠਿਨ ਬੋਲੀ ਕਾਰਨ ਗੁਰੂ ਨਾਨਕ ਸਾਹਿਬ ਨੇ ਪੰਨਾ 903-904 ਉੱਤੇ ਦਰਜ ਆਪਣੀ ਇਸੇ ਰਾਗ ਵਿਚ ਉਚਾਰੀ ਇਕ ਅਸ਼ਟਪਦੀ ਦੇ ਸਾਦਾ ਲਫ਼ਜ਼ਾਂ ਰਾਹੀਂ ਇਸ ਦੇ ਭਾਵ ਨੂੰ ਅਸਾਨ ਤਰੀਕੇ ਨਾਲ ਸਮਝਾਉਣ ਦਾ ਕਾਰਜ ਕੀਤਾ ਹੈ। ਇਸ ਲਈ ਪ੍ਰੋ. ਸਾਹਿਬ ਸਿੰਘ ਨੇ ਬੇਣੀ ਜੀ ਦੀ ਰਾਮਕਲੀ ਬਾਣੀ ਨੂੰ ਗੁਰੂ ਨਾਨਕ ਦੀ ਅਸ਼ਟਪਦੀ ਨਾਲ ਮਿਲਾ ਕੇ ਪੜ੍ਹਨ ਅਤੇ ਸਮਝਣ ਦੀ ਤਾਕੀਦ ਕੀਤੀ ਹੈ। ਦੋਨਾਂ ਪਦਿਆਂ ਦਾ ਸੰਪੂਰਨ ਪਾਠ ਪਾਠਕ ਆਪਣੀ ਜਗਿਆਸਾ ਅਤੇ ਮਰਜ਼ੀ ਅਨੁਸਾਰ ਆਪ ਲੱਭ ਕੇ ਕਰਨ ਤਾਂ ਚੰਗਾ ਹੈ। ਅਜਿਹਾ ਕਰਦਿਆਂ ਦੋਨਾਂ ਰਚਨਾਵਾਂ ਵਿਚ ਹੇਠ ਲਿਖੇ ਅਨੁਸਾਰ ਬੜੀ ਸਾਂਝ ਅਤੇ ਸਮਾਨਤਾ ਨਜ਼ਰ ਆਉਂਦੀ ਹੈ:

ਭਗਤ ਬੇਣੀ: ***ਉਪਜੈ ਗਿਆਨੁ ਦੁਰਮਤਿ ਛੀਜੈ ॥***
ਗੁਰੂ ਨਾਨਕ: ***ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥***

ਭਗਤ ਬੇਣੀ: ***ਮਨੁ ਮਾਣਕੁ ਰਤਨਾ ਮਹਿ ਗੁਹੈ ॥***
ਗੁਰੂ ਨਾਨਕ: ***ਨਾਮੁ ਰਤਨੁ ਨਿਰਮੋਲਕੁ ਹੀਰਾ ॥***

ਭਗਤ ਬੇਣੀ: ***ਗੁਰ ਕੀ ਸਾਖੀ ਰਾਖੈ ਚੀਤਿ ॥***
ਗੁਰੂ ਨਾਨਕ: ***ਗੁਰ ਬਚਨੀ ਸਚਿ ਨਾਮਿ ਪਤੀਣਾ ॥***

ਭਗਤ ਬੇਣੀ: ***ਤਹ ਬਾਜੇ ਸਬਦ ਅਨਾਹਦ ਬਾਣੀ ॥***
ਗੁਰੂ ਨਾਨਕ: ***ਵਾਜੈ ਅਨਹਦੁ ਮੇਰਾ ਮਨੁ ਲੀਣਾ ॥***
ਅਨਹਦ ਸਬਦੁ ਵਜੈ ਦਿਨੁ ਰਾਤੀ ॥

ਭਗਤ ਬੇਣੀ: ***ਪੰਚ ਸਬਦ ਨਿਰਮਾਇਲ ਬਾਜੇ ॥***
ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥

*Original with;*
Jaswant Singh Zafar
*Digitized by;*
Panjab Digital Library

ਬੇਣੀ ਜੀ



੦੫ ੦੬ ੨੦੧੬ ਸਿਧਾਰਥ

*Original with;*
Jaswant Singh Zafar
*Digitized by;*
Panjab Digital Library

ਗੁਰੂ ਨਾਨਕ: **ਤਸਕਰ ਪੰਚ ਸਬਦਿ ਸੰਘਾਰੇ॥**

ਭਗਤ ਬੇਣੀ: ***ਮਨੂਆ ਉਲਟਿ ਸੁੰਨ ਮਹਿ ਗਹੈ॥***
ਗੁਰੂ ਨਾਨਕ: ***ਸੁੰਨ ਸਮਾਧਿ ਸਹਜਿ ਮਨੁ ਰਾਤਾ॥***

ਭਗਤ ਬੇਣੀ: ***ਜਾਗਤੁ ਰਹੈ ਨ ਅਲੀਆ ਭਾਖੈ॥***
ਗੁਰੂ ਨਾਨਕ: ***ਅਨਦਿਨੁ ਜਾਗਿ ਰਹੇ ਲਿਵ ਲਾਈ॥***
***ਗੁਰਮੁਖਿ ਜਾਗਿ ਰਹੇ ਅਉਧੂਤਾ॥***

ਬੇਣੀ ਜੀ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਸਨ ਪਰ ਉਹਨਾਂ ਲੋਕਾਈ ਦਾ ਸ਼ੋਸ਼ਨ ਕਰਨ ਲਈ ਬ੍ਰਾਹਮਣਾਂ ਦੁਆਰਾ ਵਿਛਾਏ ਹੋਏ ਕਰਮ-ਕਾਂਡ ਦੇ ਜਾਲ ਨੂੰ ਨਸ਼ਰ ਕੀਤਾ। ਉਹ ਕੇਵਲ ਜਾਤ ਕਾਰਨ ਹੀ ਬ੍ਰਾਹਮਣ ਨਹੀਂ ਸਨ ਸਗੋਂ ਬੜੇ ਵਿਚਾਰਵਾਨ, ਵਿਦਵਾਨ ਅਤੇ ਗੁਰਮਤਿ ਦੇ ਧਾਰਨੀ ਬ੍ਰਾਹਮਣ ਸਨ। ਆਮ ਤੌਰ 'ਤੇ ਅਸੀਂ ਦੂਸਰਿਆਂ ਦੀਆਂ ਧਾਰਮਿਕ ਰਸਮਾਂ ਅਤੇ ਭੇਖ ਨੂੰ ਕਰਮਕਾਂਡ ਅਤੇ ਪਾਖੰਡ ਗਰਦਾਨਦੇ ਹਾਂ ਅਤੇ ਆਪਣੇ ਕਰਮਕਾਂਡਾਂ ਅਤੇ ਪਾਖੰਡਾਂ ਨੂੰ ਮਰਿਯਾਦਾ ਕਹਿ ਕੇ ਵਡਿਆਉਂਦੇ ਹਾਂ। ਪਰ ਭਗਤ ਬੇਣੀ ਜੀ ਨੇ ਆਪਣੇ ਜਾਤ-ਭਾਈ ਬ੍ਰਾਹਮਣਾਂ ਦੇ ਨਾਲ ਮਿਲ ਕੇ ਕਰਮ-ਕਾਂਡੀ ਜਾਲ ਤੋਂ ਲਾਭ ਉਠਾਉਣ ਦੀ ਬਜਾਏ ਇਸ ਦਾ ਥੋਥਾਪਨ ਉਘਾੜਨ ਦਾ ਯਤਨ ਕੀਤਾ। ਉਹਨਾਂ ਦੀ ਇਸ ਬਹਾਦਰੀ ਕਾਰਨ ਹੀ ਉਹਨਾਂ ਦੀ ਬਾਣੀ ਨੇ ਗੁਰੂ ਨਾਨਕ ਦੇ ਦਿਲ ਨੂੰ ਖਿੱਚ ਪਾਈ। ਗੁਰੂ ਗਰੰਥ ਸਾਹਿਬ ਦੇ ਪੰਨਾ 1351 'ਤੇ ਪ੍ਰਭਾਤੀ ਰਾਗ ਵਿਚ ਭਗਤ ਬੇਣੀ ਜੀ ਦਾ ਉਹ ਸ਼ਬਦ ਦਰਜ ਹੈ ਜਿਸ ਵਿਚ ਧਰਮ ਦੇ ਨਾਂ 'ਤੇ ਹੁੰਦੇ ਪਾਖੰਡ ਦਾ ਵਰਨਣ ਹੈ ਕਿ ਕਿਵੇਂ ਬਾਹਰੋਂ ਧਾਰਮਿਕ ਭੇਖ ਧਾਰ ਕੇ ਅੰਦਰ ਕਪਟ ਨੂੰ ਪਾਲਿਆ ਜਾਂਦਾ ਹੈ। ਸਰੀਰ 'ਤੇ ਚੰਦਨ ਅਤੇ ਮੱਥੇ 'ਤੇ ਤੁਲਸੀ ਦਾ ਲੇਪ ਪਰ ਦਿਲ ਵਿਚ ਕਪਟ ਦੀ ਕੈਂਚੀ। ਸਮਾਧੀ ਬਗਲੇ ਵਾਲੀ ਅਤੇ ਨਜ਼ਰ ਠੱਗਾਂ ਵਾਲੀ। ਸਰੀਰ ਦਾ ਇਸ਼ਨਾਨ ਪਰ ਮਨ ਵਿਚ ਦੂਸਰਿਆਂ ਦਾ ਨੁਕਸਾਨ ਕਰਨ ਵਾਲੀ ਛੁਰੀ। ਦਿਖਾਉਣ ਲਈ ਹੇਠਾਂ ਮਿਰਗ ਦੀ ਖੱਲ ਦਾ ਆਸਣ, ਮੱਥੇ ਤਿਲਕ, ਗਲ਼ ਤੁਲਸੀ ਤੇ ਰੁਦਰਾਖ ਦੀ ਮਾਲਾ ਪਰ ਦਿਲ ਵਿਚ ਠੱਗੀ ਦਾ ਭਾਵ। ਬੇਣੀ ਜੀ ਅਜਿਹੀ ਧਾਰਮਿਕਤਾ ਦੇ ਵਿਰੋਧੀ ਸਨ:

**ਆਮ ਤੌਰ ਤੇ ਅਸੀਂ ਦੂਸਰਿਆਂ ਦੀਆਂ ਧਾਰਮਿਕ ਰਸਮਾਂ ਅਤੇ ਭੇਖ ਨੂੰ ਕਰਮਕਾਂਡ ਅਤੇ ਪਾਖੰਡ ਗਰਦਾਨਦੇ ਹਾਂ ਅਤੇ ਆਪਣੇ ਕਰਮਕਾਂਡਾਂ ਅਤੇ ਪਾਖੰਡਾਂ ਨੂੰ ਮਰਿਯਾਦਾ ਕਹਿ ਕੇ ਵਡਿਆਉਂਦੇ ਹਾਂ। ਪਰ ਭਗਤ ਬੇਣੀ ਜੀ ਨੇ ਆਪਣੇ ਜਾਤ-ਭਾਈ ਬ੍ਰਾਹਮਣਾਂ ਦੇ ਨਾਲ ਮਿਲ ਕੇ ਕਰਮ-ਕਾਂਡੀ ਜਾਲ ਤੋਂ ਲਾਭ ਉਠਾਉਣ ਦੀ ਬਜਾਏ ਇਸ ਦਾ ਥੋਥਾਪਨ ਉਘਾੜਨ ਦਾ ਯਤਨ ਕੀਤਾ।**

***ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥***
***ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥***
***ਕਲਿ ਭਗਵਤ ਬੰਦ ਚਿਰਾਮੰ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥ਰਹਾਉ॥***
***ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥***
***ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥***
***ਸਿਲ ਪੂਜਸਿ ਚਕ੍ਰ ਗਣੇਸੰ॥ ਨਿਸਿ ਜਾਗਸਿ ਭਗਤਿ ਪ੍ਰਵੇਸੰ॥***
***ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ॥***
***ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥***
***ਰਿਦੈ ਕੂੜੁ ਕੰਠਿ ਰੁਦ੍ਰਾਖੰ॥ ਰੇ ਲੰਪਟ ਕ੍ਰਿਸਨੁ ਅਭਾਖੰ॥***

*Original with;*
Jaswant Singh Zafar
*Digitized by;*
Panjab Digital Library

***ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥***
***ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥*** *(1351)*

ਆਖਰੀ ਸਤਰਾਂ ਵਿਚ ਬੇਣੀ ਜੀ ਨੇ ਕਰਮਕਾਂਡ ਵਾਲੇ ਫੋਕਟ ਧਰਮ ਨੂੰ ਤਿਆਗ ਕੇ ਸੱਚੀ ਗੁਰਮੁਖਤਾਈ ਧਾਰਨ ਕਰਨ ਦੀ ਤਾਕੀਦ ਕੀਤੀ ਹੈ। ਇਸ ਸ਼ਬਦ ਦੀ ਰੌਸ਼ਨੀ ਵਿਚ ਗੁਰੂ ਨਾਨਕ ਸਾਹਿਬ ਨੇ ਪੰਨਾ 1331 'ਤੇ ਦਰਜ ਪ੍ਰਭਾਤੀ ਰਾਗ ਦੇ ਚੌਧਵੇਂ ਸ਼ਬਦ ਵਿਚ ਅਜਿਹੇ ਗੁਰਮੁਖ ਨੂੰ ਪਰਿਭਾਸ਼ਿਤ ਕੀਤਾ ਹੈ। ਇਸ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਦੀ ਚੌਧਵੀਂ ਪਉੜੀ ਦੇ ਦੂਜੇ ਸਲੋਕ ਵਿਚ ਬੇਣੀ ਜੀ ਦੇ ਉਪਰੋਕਤ ਸ਼ਬਦ ਦਾ ਸੰਖੇਪ ਸਾਰ ਬਿਆਨ ਕੀਤਾ ਹੈ। ਆਖਰੀ ਤਿੰਨ ਸਤਰਾਂ ਤਾਂ ਬਿਲਕੁਲ ਸਮਾਨ ਹੀ ਹਨ:

***ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥***
***ਮੁਖਿ ਝੂਠੁ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥***
***ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥***
***ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥***
***ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥*** *(470, ਮ.1)*

ਸ਼ਬਦ ਦੇ ਅਖੀਰ ਵਿਚ ਭਗਤ ਬੇਣੀ ਜੀ ਗੁਰੂ ਦੇ ਮਹੱਤਵ ਨੂੰ ਵਡਿਆਉਂਦੇ ਹੋਏ ਗੁਰੂ ਦੇ ਦਰਸਾਏ ਮਾਰਗ 'ਤੇ ਜਾਂ ਗੁਰਸ਼ਬਦ ਦੀ ਰੋਸ਼ਨੀ ਵਿਚ ਚੱਲਣ ਦੀ ਤਾਕੀਦ ਕਰਦੇ ਹਨ। ਗੁਰਸ਼ਬਦ ਨਾਲ ਭਗਤ ਬੇਣੀ ਜੀ ਨੇ ਜਿਸ ਤਰ੍ਹਾਂ ਦੀ ਜੀਵਨ ਸ਼ੈਲੀ ਪ੍ਰਾਪਤ ਕੀਤੀ ਉਸ ਨੂੰ ਗੁਰੂ ਅਰਜਨ ਸਾਹਿਬ ਆਪਣੇ ਲਈ ਪ੍ਰੇਰਨਾ ਸਰੋਤ ਮੰਨਦੇ ਹਨ ਅਤੇ ਆਪਣੇ ਆਤਮਿਕ ਖੇੜੇ ਲਈ ਆਪਣੇ-ਆਪ ਨੂੰ ਉਹਨਾਂ ਵਰਗੀ ਅਵਸਥਾ ਗ੍ਰਹਿਣ ਕਰਨ ਲਈ ਆਖਦੇ ਹਨ। ਇਸ ਲਈ ਆਪ ਬਸੰਤ ਰਾਗ ਵਿਚ ਉਚਾਰਨ ਕਰਦੇ ਹਨ:

***ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥***
***ਰੇ ਮਨ ਤੂ ਭੀ ਹੋਹਿ ਦਾਸੁ ॥*** *(1192, ਮ.5)*

*Original with;*
Jaswant Singh Zafar
*Digitized by;*
Panjab Digital Library

॥ ਗੁਰ ਪਰਸਾਦਿ ਕਹੈ ਜਨੁ ਭੀਖਨੁ ॥



*Original with;*
Jaswant Singh Zafar
*Digitized by;*
Panjab Digital Library



ਭਗਤ ਭੀਖਨ ਜੀ ਦੇ ਗੁਰੂ ਗਰੰਥ ਸਾਹਿਬ ਵਿਚ ਰਾਗ ਸੋਰਠਿ ਵਿਚ 2 ਸ਼ਬਦ ਇਕੱਠੇ ਪੰਨਾ 659 'ਤੇ ਦਰਜ ਹਨ। ਪਹਿਲੇ ਸ਼ਬਦ ਵਿਚ ਰਹਾਉ ਦੀਆਂ ਦੋ ਪੰਕਤੀਆਂ ਤੋਂ ਇਲਾਵਾ 6 ਪੰਕਤੀਆਂ ਹਨ ਅਤੇ ਦੂਜੇ ਸ਼ਬਦ ਵਿਚ ਰਹਾਉ ਦੀਆਂ ਦੋ ਪੰਕਤੀਆਂ ਤੋਂ ਇਲਾਵਾ ਕੇਵਲ 4 ਪੰਕਤੀਆਂ ਹਨ।

ਕੁਝ ਇਤਿਹਾਸਕਾਰਾਂ ਨੇ ਭੀਖਨ ਜੀ ਦਾ ਜਨਮ ਉਤਰ ਪ੍ਰਦੇਸ਼ ਵਿਚ ਲਖਨਊ ਦੇ ਇਲਾਕੇ ਵਿਚ 1480 ਈ. ਨੂੰ ਹੋਇਆ ਲਿਖਿਆ ਹੈ ਅਤੇ ਉਹਨਾਂ ਨੂੰ ਮੁਸਲਿਮ ਸੂਫ਼ੀ ਸੰਤ ਖਿਆਲ ਕੀਤਾ ਹੈ। ਇਸ ਕਰਕੇ ਚਿਤਰਕਾਰਾਂ ਨੇ ਉਹਨਾਂ ਦੀਆਂ ਤਸਵੀਰਾਂ ਅਤੇ ਸਕੈੱਚ ਵੀ ਇਸਲਾਮੀ ਦਿੱਖ ਵਾਲੇ ਬਣਾਏ ਹਨ। ਪਰ ਗੁਰੂ ਗਰੰਥ ਸਾਹਿਬ ਵਿਚਲੇ ਉਹਨਾਂ ਦੇ ਦੋਵਾਂ ਸ਼ਬਦਾਂ ਦੀ ਪੜ੍ਹਤ ਨਾਲ ਉਹਨਾਂ ਨੂੰ ਮੁਸਲਿਮ ਪਰਿਵਾਰ ਜਾਂ ਪਿਛੋਕੜ ਨਾਲ ਸਬੰਧਤ ਸਮਝਣਾ ਠੀਕ ਨਹੀਂ ਬੈਠਦਾ। ਹੋ ਸਕਦਾ ਹੈ ਕਿ ਭੀਖਨ ਨਾਮ ਦੇ ਕੋਈ ਮੁਸਲਿਮ ਸੂਫ਼ੀ ਸੰਤ ਉਤਰ ਪ੍ਰਦੇਸ਼ ਦੇ ਉਸੇ ਇਲਾਕੇ ਵਿਚ ਹੋਏ ਹੋਣ ਅਤੇ 1480 ਈ. ਦਾ ਜਨਮ ਵਰ੍ਹਾ ਉਸੇ ਮੁਸਲਿਮ ਸੂਫ਼ੀ ਭੀਖਨ ਦਾ ਹੋਵੇ। ਪਰ ਜਿਸ ਭਗਤ ਭੀਖਨ ਜੀ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਉਹਨਾਂ ਨੂੰ ਮੁਸਲਿਮ ਸੂਫ਼ੀ ਨਹੀਂ ਮੰਨਿਆਂ ਜਾ ਸਕਦਾ। ਉਹਨਾਂ ਦੇ ਦੋਵਾਂ ਸ਼ਬਦਾਂ ਵਿਚ ਇਸਲਾਮੀ ਰੰਗਤ ਵਾਲਾ ਕੋਈ ਲਫ਼ਜ਼ ਨਹੀਂ, ਕਿਸੇ ਇਸਲਾਮੀ ਮਰਿਯਾਦਾ ਦਾ ਜ਼ਿਕਰ ਨਹੀਂ। ਸਗੋਂ ਇਹਨਾਂ ਦੀ ਸ਼ਬਦਾਵਲੀ ਕੇਵਲ ਗੁਰਮਤਿ ਦੇ ਗੂੜ੍ਹੇ ਰੰਗ ਵਾਲੀ ਹੈ। ਉਦਾਹਰਣ ਦੇ ਤੌਰ 'ਤੇ ਉਹਨਾਂ ਦੀ ਬਾਣੀ ਵਿਚ ਸੰਤ, ਰਾਮ ਰਾਇ, ਹਰਿ, ਨਾਮੁ, ਅੰਮ੍ਰਿਤ, ਗੁਰ ਪਰਸਾਦਿ ਆਦਿ ਸ਼ਬਦ ਆਉਂਦੇ ਹਨ। ਦੂਸਰਾ, ਗੁਰੂ ਗਰੰਥ ਸਾਹਿਬ ਵਿਚ ਓਹਨਾਂ ਦੀ ਬਾਣੀ ਨੂੰ ਦਰਜ ਕੀਤੇ ਜਾਣ ਦੇ ਅੰਦਾਜ਼ ਤੋਂ ਵੀ ਉਹ ਇਸਲਾਮੀ ਸੰਤ ਨਹੀਂ ਜਾਪਦੇ। ਇਸਲਾਮੀ ਸੂਫ਼ੀ ਬਾਬਾ ਫ਼ਰੀਦ ਜੀ ਦੀ ਬਾਣੀ ਦਰਜ ਕਰਨ ਸਮੇਂ ਇਸ ਬਾਣੀ ਦੇ ਸਿਰਲੇਖ ਵਿਚ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਨੂੰ 'ਸੇਖ ਫਰੀਦ' ਲਿਖਿਆ ਹੈ ਪਰ ਭੀਖਨ ਜੀ ਦਾ ਬਾਣੀ ਦਾ ਸਿਰਲੇਖ ਹੈ: 'ਬਾਣੀ ਭਗਤ ਭੀਖਨ ਕੀ'।

ਭਗਤ ਭੀਖਨ ਜੀ ਦਾ ਜਨਮ ਜਿਥੇ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ 10-11 ਸਾਲ ਮਗਰੋਂ (1480 ਈ.) ਮੰਨਿਆਂ ਜਾਂਦਾ ਹੈ ਉਥੇ ਉਹਨਾਂ ਦਾ ਚਲਾਣਾ ਗੁਰੂ ਅਰਜਨ ਦੇਵ ਜੀ ਦੇ ਜਨਮ ਤੋਂ 10-11 ਸਾਲ ਮਗਰੋਂ (1573 ਈ.) ਹੋਇਆ ਮੰਨਿਆਂ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਦੇ ਜੀਵਨ ਕਾਲ ਦਾ ਸਬੰਧ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਨਾਲ ਹੈ। ਪਰ ਉਹਨਾਂ

Original with:
Jaswant Singh Zafar
Digitized by;
Panjab Digital Library

ਦਾ ਸਬੰਧ ਕਦੀ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਜਾਂ ਅੰਮ੍ਰਿਤਸਰ ਨਾਲ ਰਿਹਾ ਹੋਵੇ ਇਸ ਦਾ ਕੋਈ ਆਲੇਖ ਪ੍ਰਾਪਤ ਨਹੀਂ ਹੈ। ਉਸ ਵੇਲੇ ਦੀਆਂ ਸਿੱਖ ਸੰਸਥਾਵਾਂ ਨਾਲ ਉਹਨਾਂ ਦੀ ਕਿਸੇ ਤਰ੍ਹਾਂ ਦੀ ਸਾਂਝ ਦਾ ਵੀ ਕੋਈ ਇਤਿਹਾਸਕ ਵੇਰਵਾ ਪ੍ਰਾਪਤ ਨਹੀਂ ਹੈ। ਉਹਨਾਂ ਦੀ ਕਿਸੇ ਗੁਰੂ ਸਾਹਿਬ ਨਾਲ ਹੋਈ ਮੁਲਾਕਾਤ ਜਾਂ ਵਾਰਤਾ ਸਬੰਧੀ ਕੋਈ ਕਥਾ ਜਾਂ ਸਾਖੀ ਵੀ ਪ੍ਰਚਲਤ ਨਹੀਂ ਹੈ। ਕਹਿਣ ਤੋਂ ਭਾਵ ਭਗਤ ਭੀਖਨ ਜੀ ਸਿੱਖ ਅਸਥਾਨਾਂ, ਸੰਸਥਾਵਾਂ, ਸਿੱਖ ਸਰਗਰਮੀਆਂ ਤੋਂ ਬਾਹਰ ਵਿਚਰਨ ਵਾਲੀ ਸ਼ਖ਼ਸੀਅਤ ਸਨ। ਭੱਟਾਂ ਦੇ ਸਵੱਈਆਂ ਵਿਚ ਵੀ ਉਹਨਾਂ ਦਾ ਕੋਈ ਜ਼ਿਕਰ ਨਹੀਂ ਹੈ।

ਭਗਤ ਭੀਖਨ ਜੀ ਦੀ ਬਾਣੀ ਦੀ ਹੋਰ ਬਾਣੀਕਾਰਾਂ ਦੀ ਰਚਨਾ ਨਾਲ ਭਾਸ਼ਾਈ ਅਤੇ ਵਿਚਾਰਧਾਰਕ ਸਾਂਝ ਤੋਂ ਇਹ ਅੰਦਾਜ਼ਾ ਲੱਗ ਸਕਦਾ ਹੈ ਕਿ ਉਹਨਾਂ ਦੀ ਬਾਣੀ ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਦੇ ਹੱਥਾਂ ਅਤੇ ਨਜ਼ਰਾਂ ’ਚੋਂ ਗੁਜ਼ਰੀ ਸੀ, ਉਹਨਾਂ ਦੇ ਹਿਰਦਿਆਂ ਵਿਚ ਵਸੀ ਹੋਈ ਸੀ। ਇਹ ਵੀ ਸੰਭਵ ਹੈ ਕਿ ਉਹਨਾਂ ਦਾ ਜਨਮ ਗੁਰੂ ਨਾਨਕ ਸਾਹਿਬ ਤੋਂ ਕੁਝ ਸਮਾਂ ਪਹਿਲਾਂ ਦਾ ਹੋਵੇ। ਪੂਰੇ ਵਿਸਥਾਰ ਤੋਂ ਪਹਿਲਾਂ ਇਸ ਸਾਂਝ ਦੇ ਕੁਝ ਝਲਕਾਰੇ ਉਦਾਹਰਣ ਮਾਤਰ ਪੇਸ਼ ਹਨ:

***ਹਰਿ ਗੁਨ ਕਹਤੇ ਕਹਨੁ ਨ ਜਾਈ॥ ਜੈਸੇ ਗੂੰਗੇ ਕੀ ਮਿਠਿਆਈ॥*** *(659, ਭੀਖਨ ਜੀ)*

***ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ॥*** *(635, ਮ.1)*

***ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ॥*** *(311, ਮ.4)*

***ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ॥*** *(659, ਭੀਖਨ ਜੀ)*

***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥*** *(1279, ਮ.1)*

***ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥*** *(659, ਭੀਖਨ ਜੀ)*

***ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ॥***<br>
***ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ॥*** *(566, ਮ.1)*

***ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ॥*** *(554, ਮ.3)*

***ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ॥*** *(814, ਮ.5)*

***ਹਰਿ ਹਰਿ ਅਉਖਧੁ ਜੋ ਜਨੁ ਖਾਇ॥***<br>
***ਤਾ ਕਾ ਰੋਗੁ ਸਗਲ ਮਿਟਿ ਜਾਇ॥*** *(893, ਮ.5)*

ਗੁਰੂ ਗਰੰਥ ਸਾਹਿਬ ਵਿਚ ਦਰਜ ਆਪਣੇ ਪਹਿਲੇ ਸ਼ਬਦ ਵਿਚ ਭਗਤ ਭੀਖਨ ਜੀ ਨੇ ਬੁਢਾਪੇ ਦੀ ਤਕਲੀਫ਼, ਬੇਵਸੀ ਅਤੇ ਉਦਾਸੀ ਦਾ ਵਰਨਣ ਕਰਦਿਆਂ ਇਸ ਨਾਲ ਪੈਦਾ ਹੁੰਦੀ ਮਨੋਦਸ਼ਾ ਦਾ ਵੈਰਾਗਮਈ ਵਰਨਣ ਕੀਤਾ ਹੈ ਅਤੇ ਅਜਿਹੀ ਸਥਿਤੀ ਦਾ ਇਲਾਜ ਪਰਮਾਤਮਾ ਦੇ ਨਾਮ ਦੇ ਅੰਮ੍ਰਿਤ ਜਲ ਨੂੰ ਦੱਸਿਆ ਹੈ:

***ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥***<br>
***ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥***<br>
***ਰਾਮ ਰਾਇ ਹੋਹਿ ਬੈਦ ਬਨਵਾਰੀ॥ਅਪਨੇ ਸੰਤਹ ਲੇਹੁ ਉਬਾਰੀ॥ਰਹਾਉ॥***

***ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ॥***

Original with;
Jaswant Singh
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

*ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥*
*ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥*
*ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥* (659, ਭੀਖਨ ਜੀ)

ਇਸ ਸ਼ਬਦ ਨੂੰ ਭਗਤ ਬੇਣੀ ਜੀ ਦੇ ਪਹਿਰਿਆ ਦੇ ਘਰ ਗਾਏ ਜਾਣ ਵਾਲੇ ਸ਼ਬਦ ਦੇ ਮਗਰਲੇ ਭਾਗ ਨਾਲ ਮਿਲਾ ਕੇ ਪੜ੍ਹਨ 'ਤੇ ਦੋਹਾਂ ਸ਼ਬਦਾਂ ਵਿਚ ਕਾਫ਼ੀ ਸਾਂਝ ਦਿਖਾਈ ਦਿੰਦੀ ਹੈ। ਬੇਣੀ ਜੀ ਨੇ ਬੁਢਾਪੇ ਵਿਚ ਅਜਿਹੀ ਦਸ਼ਾ ਹੋਣ ਬਾਰੇ ਖ਼ਬਰਦਾਰ ਕੀਤਾ ਸੀ। ਪਹਿਲੀਆਂ ਦੋ ਸਤਰਾਂ ਤਾਂ ਬਿਲਕੁਲ ਸਮਾਨ ਅਰਥੀ ਹਨ:

*ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥*
*ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥*
*ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥*
*ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥*
*ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥*
*ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥*
*ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥*
*ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥* (93, ਬੇਣੀ ਜੀ)

ਇਹਨਾਂ ਸ਼ਬਦਾਂ ਅੰਦਰਲੀ ਵਿਚਾਰ ਅਤੇ ਮੁਹਾਵਰੇ ਦੀ ਸਾਂਝ ਦੇ ਨਾਲ ਨਾਲ ਇਲਾਕੇ ਦੇ ਪੱਖ ਨੂੰ ਦੇਖਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਭਗਤ ਭੀਖਨ ਜੀ ਮੁਸਲਿਮ ਸੂਫ਼ੀ ਹੋਣ ਦੀ ਬਜਾਏ ਭਗਤ ਬੇਣੀ ਜੀ ਵਾਂਗ ਭਗਤ ਕਬੀਰ ਜੀ ਅਤੇ ਰਵਿਦਾਸ ਜੀ ਵਾਲੀ ਕਾਵਿ ਪਰੰਪਰਾ ਨਾਲ ਸਬੰਧਤ ਸਨ।

ਗੁਰੂ ਨਾਨਕ ਨੇ ਗੁਰਮਤਿ ਚਿੰਤਨ ਦੇ ਜਿਹਨਾਂ ਪੁਰਾਤਨ ਅਸਥਾਨਾਂ ਦੀ ਯਾਤਰਾ ਕੀਤੀ ਅਤੇ ਉਥੋਂ ਕਾਫ਼ੀ ਸਮਾਂ ਪਹਿਲਾਂ ਹੋ ਚੁੱਕੇ ਬਾਣੀਕਾਰਾਂ ਦੀ ਰਚਨਾ ਹਾਸਿਲ ਕੀਤੀ। ਉਹਨਾਂ ਵਿਚੋਂ ਕਈ ਅਸਥਾਨ ਉਸ ਸਮੇਂ ਵੀ ਗੁਰਮਤਿ ਸ਼ਬਦ-ਵਿਚਾਰ ਦੀ ਸਰਗਰਮੀ ਨਾਲ ਊਰਜਤ ਸਨ। ਗੁਰੂ ਨਾਨਕ ਦੇ ਸਮਕਾਲ ਵਿਚ ਅਤੇ ਮਗਰੋਂ ਵੀ ਇਹਨਾਂ ਅਸਥਾਨਾਂ 'ਤੇ ਅਜਿਹੇ ਸੁਖ਼ਨ ਦੀ ਰਚਨਾ ਹੁੰਦੀ ਰਹੀ। ਇਸ ਸਬੰਧੀ ਭਗਤ ਪਰਮਾਨੰਦ ਜੀ ਅਤੇ ਭਗਤ ਭੀਖਨ ਜੀ ਦੀ ਮਿਸਾਲ ਦੇਖੀ ਜਾ ਸਕਦੀ ਹੈ। ਜਿਸ ਮਹਾਰਾਸ਼ਟਰ ਵਿਚ 1267 ਅਤੇ 1270 ਈ. ਵਿਚ ਜਨਮੇ ਭਗਤ ਤ੍ਰਿਲੋਚਨ ਜੀ ਅਤੇ ਭਗਤ ਨਾਮਦੇਵ ਜੀ ਨੇ ਗੁਰਮਤਿ ਵਿਚਾਰਧਾਰਾ ਦਾ ਬਾਨ੍ਹਣੂੰ ਬੰਨ੍ਹਿਆਂ ਉਸੇ ਮਹਾਰਾਸ਼ਟਰ ਵਿਚ 1483 ਈ. ਵਿਚ ਜਨਮੇ (ਮੰਨੇ ਜਾਂਦੇ) ਭਗਤ ਪਰਮਾਨੰਦ ਜੀ ਗੁਰਮਤਿ ਬਾਣੀ ਦੀ ਰਚਨਾ ਕਰ ਰਹੇ ਸਨ। ਇਸੇ ਤਰ੍ਹਾਂ 1395 ਈ. ਦੇ ਆਸ ਪਾਸ ਉਤਰ ਪ੍ਰਦੇਸ਼ ਵਿਚ ਜਨਮੇ ਕਬੀਰ ਜੀ ਦੇ ਕਦਮ ਚਿੰਨਾਂ 'ਤੇ ਚਲਦੇ ਹੋਏ ਇਸੇ ਉਤਰ ਪ੍ਰਦੇਸ਼ ਵਿਚ ਉਹਨਾਂ ਤੋਂ ਪੌਣੀ ਕੁ ਸਦੀ ਬਾਅਦ ਜਨਮੇ ਭਗਤ ਭੀਖਨ ਜੀ ਗੁਰਮਤਿ ਕਾਵਿ ਦੇ ਉੱਘੇ ਹਸਤਾਖਰ ਬਣੇ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੀਆਂ ਉਦਾਸੀਆਂ ਤੋਂ ਬਾਅਦ ਗੁਰਿਆਈ ਦੀ ਰੀਤ ਨਾਲ ਗੁਰਮਤਿ ਚਿੰਤਨ ਦਾ ਕੇਂਦਰੀਕਰਨ ਨਹੀਂ ਹੋਇਆ ਜਾਂ ਗੁਰਮਤਿ ਦੀ ਵਿਚਾਰਧਾਰਕ ਸਰਗਰਮੀ ਕੇਵਲ ਇਕ ਝੰਡੇ ਹੇਠ ਇਕੋ ਜਗ੍ਹਾ ਸੰਗਠਤ ਨਹੀਂ ਹੋਈ ਸਗੋਂ ਦੂਰਦਰਾਜ਼ ਵਿਚਰਦੇ ਅਤੇ ਗੁਰਮਤਿ ਦੇ ਪੁਰਤਨ ਕੇਂਦਰਾਂ ਅਤੇ ਅਸਥਾਨਾਂ ਨਾਲ ਜੁੜੇ ਸੁਖ਼ਨਵਰ ਵੀ ਸੁਤੰਤਰ ਰੂਪ ਵਿਚ ਆਪੋ ਆਪਣੀ ਥਾਈਂ ਯੋਗਦਾਨ ਪਾਉਂਦੇ ਰਹੇ। ਪਰ ਇਹਨਾਂ ਵਿਚ ਵਿਚਾਰਧਾਰਾ ਦੀ ਸਾਂਝ ਦੇ ਨਾਲ-ਨਾਲ

**ਭਗਤ ਭੀਖਨ ਜੀ ਦੀ ਬਾਣੀ ਦੀ ਹੋਰ ਬਾਣੀਕਾਰਾਂ ਦੀ ਰਚਨਾ ਨਾਲ ਭਾਸ਼ਾਈ ਅਤੇ ਵਿਚਾਰਧਾਰਕ ਸਾਂਝ ਤੋਂ ਇਹ ਅੰਦਾਜ਼ਾ ਲੱਗ ਸਕਦਾ ਹੈ ਕਿ ਉਹਨਾਂ ਦੀ ਬਾਣੀ ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਦੇ ਹੱਥਾਂ ਅਤੇ ਨਜ਼ਰਾਂ 'ਚੋਂ ਗੁਜ਼ਰੀ ਸੀ, ਉਹਨਾਂ ਦੇ ਹਿਰਦਿਆਂ ਵਿਚ ਵਸੀ ਹੋਈ ਸੀ**

Original with;
Jaswant Singh Zafar
Digitized by;
Panjab Digital Library

ਕਾਵਿ ਮੁਹਾਵਰੇ, ਕਾਵਿ ਭਾਸ਼ਾ, ਕਾਵਿ ਜੁਗਤਾਂ ਅਤੇ ਬਿਆਨ ਦੀਆਂ ਸਮਾਨਤਾਵਾਂ ਹੈਰਾਨ ਕਰਨ ਵਾਲੀਆਂ ਹਨ। ਮਿਸਾਲ ਦੇ ਤੌਰ 'ਤੇ ਕਬੀਰ ਜੀ ਅਤੇ ਰਵਿਦਾਸ ਜੀ ਦੀ ਬਾਣੀ ਨੂੰ ਪ੍ਰਾਪਤ ਕਰਕੇ ਸੰਭਾਲਣ ਵਾਲੇ ਗੁਰੂ ਨਾਨਕ ਦੀ ਗੁਰਿਆਈ ਧਾਰਨ ਕਰਨ ਵਾਲੇ ਤੀਜੀ ਪੀੜ੍ਹੀ ਦੇ ਗੋਇੰਦਵਾਲ ਵਿਚ ਬੈਠੇ ਗੁਰੂ ਅਮਰਦਾਸ ਜੀ ਅਤੇ ਦੂਜੇ ਪਾਸੇ ਕਬੀਰ ਜੀ ਦੀ ਸਥਾਨਕ ਪਰੰਪਰਾ ਨਾਲ ਸਬੰਧਤ ਉਤਰ ਪ੍ਰਦੇਸ਼ ਵਿਚ ਬੈਠੇ ਭਗਤ ਭੀਖਨ ਜੀ ਦੇ ਇਕ-ਇਕ ਸ਼ਬਦ ਦੀ ਆਖਰੀ ਸਤਰ ਕੋਲ-ਕੋਲ ਰੱਖ ਕੇ ਦੇਖਦੇ ਹਾਂ:

**ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥** *(659, ਭੀਖਨ ਜੀ)*

**ਗੁਰ ਪਰਸਾਦਿ ਕਹੈ ਜਨੁ ਨਾਨਕੁ ਹਰਿ ਸਚੇ ਕੇ ਗੁਣ ਗਾਏ ॥** *(550, ਮ.3)*

**ਗੁਰੂ ਨਾਨਕ ਦੀਆਂ ਉਦਾਸੀਆਂ ਤੋਂ ਬਾਅਦ ਗੁਰਿਆਈ ਦੀ ਰੀਤ ਨਾਲ ਗੁਰਮਤਿ ਚਿੰਤਨ ਦਾ ਕੇਂਦਰੀਕਰਨ ਨਹੀਂ ਹੋਇਆ ਜਾਂ ਗੁਰਮਤਿ ਦੀ ਵਿਚਾਰਧਾਰਕ ਸਰਗਰਮੀ ਕੇਵਲ ਇਕ ਝੰਡੇ ਹੇਠ ਇਕੋ ਜਗ੍ਹਾ ਸੰਗਠਤ ਨਹੀਂ ਹੋਈ ਸਗੋਂ ਦੂਰਦਰਾਜ਼ ਵਿਚਰਦੇ ਅਤੇ ਗੁਰਮਤਿ ਦੇ ਪੁਰਤਨ ਕੇਂਦਰਾਂ ਅਤੇ ਅਸਥਾਨਾਂ ਨਾਲ ਜੁੜੇ ਸੁਖ਼ਨਵਰ ਵੀ ਸੁਤੰਤਰ ਰੂਪ ਵਿਚ ਆਪੋ ਆਪਣੀ ਥਾਈਂ ਯੋਗਦਾਨ ਪਾਉਂਦੇ ਰਹੇ। ਪਰ ਇਹਨਾਂ ਵਿਚ ਵਿਚਾਰਧਾਰਾ ਦੀ ਸਾਂਝ ਦੇ ਨਾਲ ਨਾਲ ਕਾਵਿ ਮੁਹਾਵਰੇ, ਕਾਵਿ ਭਾਸ਼ਾ, ਕਾਵਿ ਜੁਗਤਾਂ ਅਤੇ ਬਿਆਨ ਦੀਆਂ ਸਮਾਨਤਾਵਾਂ ਹੈਰਾਨ ਕਰਨ ਵਾਲੀਆਂ ਹਨ।**

ਇਹਨਾਂ ਦੋਵਾਂ ਸਤਰਾਂ ਦਾ ਪਹਿਲਾ ਅੱਧ ਬਿਲਕੁਲ ਸਮਾਨ ਹੈ। ਭਗਤ ਭੀਖਨ ਜੀ ਦੀ ਉਪਰੋਕਤ ਸਤਰ ਦੇ ਦੂਸਰੇ ਅੱਧ ਨਾਲ ਨਾਲ ਗੁਰੂ ਸਾਹਿਬਾਨ ਦੀਆਂ ਦੋ ਹੋਰ ਤੁਕਾਂ ਦਾ ਮਗਰਲਾ ਭਾਗ ਮਿਲਾ ਕੇ ਦੇਖ ਸਕਦੇ ਹਾਂ:

**ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥** *(443, ਮ.3)*

**ਸਤਿਗੁਰੁ ਸੇਵੇ ਸੋਈ ਬੂਝੈ ਪਾਏ ਮੋਖ ਦੁਆਰਾ ॥** *(1234, ਮ.4)*

ਗੁਰੂ ਗਰੰਥ ਸਾਹਿਬ ਵਿਚ ਦਰਜ ਭਗਤ ਭੀਖਨ ਜੀ ਦੀ ਬਾਣੀ ਗੁਰੂ ਸਾਹਿਬਾਨ ਪਾਸ ਕਦੋਂ ਅਤੇ ਕਿਵੇਂ ਪਹੁੰਚੀ, ਇਸ ਬਾਰੇ ਕੁਛ ਕਿਹਾ ਨਹੀਂ ਜਾ ਸਕਦਾ। ਪਰ ਇਹ ਨਿਸਚਤ ਹੈ ਕਿ ਇਹ ਬਾਣੀ ਆਦਿ ਗਰੰਥ ਸਾਹਿਬ ਦੀ ਸੰਪਦਨਾ ਤੋਂ ਕਾਫੀ ਸਮਾਂ ਪਹਿਲਾਂ ਗੁਰੂ ਸਾਹਿਬਾਨ ਪਾਸ ਮੌਜੂਦ ਸੀ। ਗੁਰੂ ਰਾਮ ਦਾਸ ਜੀ ਦੇ ਸੋਰਠਿ ਰਾਗ ਦੇ ਇਕ ਸ਼ਬਦ ਵਿਚ ਹੇਠ ਲਿਖੀਆਂ ਪੰਕਤੀਆਂ ਆਉਂਦੀਆਂ ਹਨ:

**ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥**
**ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥** *(608, ਮ.4)*

ਇਹ ਪੰਕਤੀਆਂ ਉਚਾਰਨ ਸਮੇਂ ਗੁਰੂ ਰਾਮ ਦਾਸ ਜੀ ਦੇ ਸਨਮੁਖ ਭਗਤ ਭੀਖਨ ਜੀ ਦਾ ਸੋਰਠਿ ਰਾਗ ਵਿਚ ਹੀ ਦਰਜ ਦੂਸਰਾ ਸ਼ਬਦ ਮੌਜੂਦ ਹੋਵੇਗਾ ਜਿਸ ਵਿਚ ਉਹਨਾਂ ਨੇ ਵੀ ਨਾਮ ਨੂੰ ਨਾ-ਲੁਕਣ ਵਾਲਾ ਰਤਨ ਕਿਹਾ ਹੈ ਅਤੇ ਪਰਮਾਤਮਾ ਦੇ ਗੁਣਾਂ ਦੇ ਅਨੁਭਵ ਨੂੰ ਗੂੰਗੇ ਦੀ ਮਿਠਿਆਈ ਦੇ ਅਨੁਭਵ ਵਰਗਾ ਨਾ-ਵਰਨਣਯੋਗ ਲਿਖਿਆ ਹੈ। ਭੀਖਨ ਜੀ ਦੇ ਇਸ ਦੂਸਰੇ ਸ਼ਬਦ ਦੀਆਂ ਪਹਿਲੀਆਂ ਚਾਰ ਸਤਰਾਂ ਹਨ:

**ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥**
**ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥**
**ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥** *(659, ਭੀਖਨ ਜੀ)*

ਇਸ ਸ਼ਬਦ ਦੀਆਂ ਅਗਲੀਆਂ ਅਤੇ ਆਖਰੀ ਪੰਕਤੀਆਂ ਵਿਚ ਭਗਤ ਭੀਖਨ ਜੀ ਨੇ ਜ਼ੁਬਾਨ ਨਾਲ ਪਰਮਾਤਮਾ ਦੇ ਨਾਮ ਰਸ ਨੂੰ ਜਪਣ ਅਤੇ ਕੰਨਾਂ ਨਾਲ ਸੁਣ ਕੇ ਮਾਣਨ ਦਾ ਮਹਾਤਮ ਦਰਜ ਕੀਤਾ ਹੈ। ਅੱਖਾਂ ਬੰਦ ਕਰਕੇ ਈਸ਼ਵਰ ਦੀ ਸਰਬ ਵਿਆਪਕਤਾ ਨੂੰ ਮਹਿਸੂਸ ਕਰਨ ਅਤੇ ਅਜਿਹਾ ਕਰਨ ਨਾਲ ਆਪਣੇ ਮਨ

Original with;
Jaswant Singh Zafar
Digitized by;
Panjab Digital Library

ਅੰਦਰ ਸੁੱਖ, ਸੰਤੋਖ ਅਤੇ ਅਨੰਦ ਪ੍ਰਾਪਤ ਹੋਣ ਦੀ ਗੱਲ ਕੀਤੀ ਹੈ:

***ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥***
***ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥*** *(659, ਭੀਖਨ ਜੀ)*

ਹੂ-ਬ-ਹੂ ਇਹੀ ਵਿਚਾਰ ਗੁਰੂ ਨਾਨਕ ਅਤੇ ਗੁਰੂ ਅਰਜਨ ਸਾਹਿਬ ਦੇ ਦੋ ਸ਼ਬਦਾਂ ਵਿਚ ਪ੍ਰਗਟ ਹੋਏ ਹਨ:

***ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥***
***ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥*** *(224, ਮ.1)*

***ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥***
***ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥*** *(1181, ਮ.5)*

ਭੀਖਨ ਜੀ ਅਤੇ ਗੁਰੂ ਸਾਹਿਬਾਨ ਦੀਆਂ ਇਹਨਾਂ ਪੰਕਤੀਆਂ ਵਿਚ ਅੱਖਾਂ ਬੰਦ ਕਰਨ ਦੀ ਕਿਰਿਆ ਨੂੰ ਸੰਤੋਖਣਾ ਕਿਹਾ ਗਿਆ ਹੈ। ਇਥੋਂ ਹੀ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਬੰਦ ਕਰਨ ਵਾਸਤੇ ਸ਼ਬਦ



*Original with;*
Jaswant Singh Zafar
*Digitized by;*
Panjab Digital Library

ਸੰਤੋਖਣਾ ਵਰਤਿਆ ਜਾਣ ਲੱਗਾ ਹੈ। ਇਸ ਤਰ੍ਹਾਂ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਅੱਖ ਵਾਂਗ ਤਸਲੀਮ ਕੀਤਾ ਜਾਣ ਲੱਗਾ। ਜਿਸ ਤਰ੍ਹਾਂ ਅੱਖ ਨੂੰ ਬੰਦ ਕਰਨ ਸਮੇਂ ਦੋਨੋਂ ਪਾਸਿਆਂ ਦੀਆਂ ਪਲਕਾਂ ਇਕ ਦੂਸਰੀ ਨਾਲ ਮਿਲ ਜਾਂਦੀਆਂ ਹਨ, ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਬੰਦ ਕਰਨ ਸਮੇਂ ਦੋਨਾਂ ਪਾਸਿਆਂ ਦੀ ਜਿਲਦ ਨਾਲ ਲਗਾਏ ਛੋਟੇ ਰੁਮਾਲੇ ਇਕ ਦੂਸਰੇ ਦੇ ਕੋਲ ਆ ਜਾਂਦੇ ਹਨ। ਇਸੇ ਕਰਕੇ ਬੀੜ ਦੇ ਦੋਨਾਂ ਪਾਸਿਆਂ 'ਤੇ ਲਟਕਾਏ ਜਾਂਦੇ ਇਹਨਾਂ ਨਿੱਕੇ ਰੁਮਾਲਿਆਂ ਨੂੰ ਪਲਕਾਂ ਕਿਹਾ ਜਾਣ ਲੱਗਾ ਹੈ।

*Original with;*
Jaswant Singh Zafar
*Digitized by;*
Panjab Digital Library

## ॥ ਪਰਮਾਨੰਦ ਜੀ: ਹਰਿ ਮਾਰਗੁ ਸਾਧੂ ਦਸਿਆ ॥



*Original with;*
Jaswant Singh Zafar
*Digitized by;*
Panjab Digital Library



ਗੁਰੂ ਨਾਨਕ ਸਾਹਿਬ ਨੇ ਦੂਸਰੀ ਉਦਾਸੀ ਦੱਖਣ ਦਿਸ਼ਾ ਦੀ ਕੀਤੀ। ਇਸ ਉਦਾਸੀ ਦੌਰਾਨ ਉਹ ਮਹਾਰਾਸ਼ਟਰ ਵਿਚੋਂ ਲੰਘੇ। ਮਹਾਰਾਸ਼ਟਰ ਵਾਸੀ ਭਗਤ ਪਰਮਾਨੰਦ ਦੀ ਉਮਰ ਉਸ ਸਮੇਂ 25 ਤੋਂ 30 ਸਾਲ ਦਰਮਿਆਨ ਸੀ। ਉਹਨਾਂ ਦਾ ਤਖ਼ੱਲੁਸ 'ਸਾਰੰਗ' ਸੀ ਅਤੇ ਗੁਰੂ ਗਰੰਥ ਸਾਹਿਬ ਵਿਚ ਉਹਨਾਂ ਦਾ ਇਕੋ-ਇਕ ਸ਼ਬਦ ਵੀ ਸਾਰੰਗ ਰਾਗ ਵਿਚ ਹੀ ਪੰਨਾ 1253 ਉੱਤੇ ਦਰਜ ਹੈ:

*ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥*
*ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥ਰਹਾਉ॥*
*ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥*
*ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥*
*ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥*
*ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥*
*ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥*
*ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥*

**ਪਹਿਲੀਆਂ ਦੋ ਸਤਰਾਂ** (ਰਹਾਓ ਵਾਲੀਆਂ) ਵਿਚ ਆਪ ਕਿਸੇ ਧਰਮ ਪੋਥੀ ਜਾਂ ਧਰਮ ਗਰੰਥ ਦੇ ਪਾਠ ਨੂੰ ਸੁਣਨ ਦਾ ਮੁੱਢਲਾ ਉਦੇਸ਼ ਅਤੇ ਮਹੱਤਵ ਦਰਜ ਕਰਦੇ ਹੋਏ ਆਖਦੇ ਹਨ ਕਿ ਜੇ ਪੁਰਾਨ ਦਾ ਪਾਠ ਸੁਣਨ ਵਾਲੇ ਦੇ ਮਨ ਵਿਚ ਭਗਤੀ ਭਾਵ ਪੈਦਾ ਨਹੀਂ ਹੁੰਦਾ ਅਤੇ ਗਰੀਬ ਲੋੜਵੰਦ ਦੀ ਸਹਾਇਤਾ ਕਰਨ ਦਾ ਜਜ਼ਬਾ ਪੈਦਾ ਨਹੀਂ ਹੁੰਦਾ ਤਾਂ ਉਹ ਪਾਠ ਸੁਣਨਾ ਅਜਾਈਂ ਜਾਂਦਾ ਹੈ:

*ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥*
*ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥ (1253)*

ਗੱਲ ਸੁਣਨ ਤੋਂ ਸ਼ੁਰੂ ਹੁੰਦੀ ਹੈ। ਸੁਣਨ ਤੋਂ ਬਾਅਦ ਵਿਚਾਰਨਾ, ਮੰਨਣਾ, ਮਨ 'ਚ ਵਸਾਉਣਾ ਅਤੇ ਅਮਲ ਵਿਚ ਲਿਆਉਣਾ ਹੁੰਦਾ ਹੈ। ਜੋ ਯਾਤਰਾ ਸੁਣਨ ਨਾਲ ਸ਼ੁਰੂ ਹੁੰਦੀ ਹੈ ਉਹ ਅਮਲ 'ਤੇ ਪਹੁੰਚ ਕੇ ਸੰਪੂਰਨ ਹੋਣੀ

Original with
Jaswant Singh Zafar
Digitized by;
Panjab Digital Library

ਚਾਹੀਦੀ ਹੈ। ਪਰਮਾਨੰਦ ਜੀ ਦਾ ਵਿਚਾਰ ਹੈ ਕਿ ਜੇ ਯਾਤਰਾ ਸੁਣਨ ਤੋਂ ਸ਼ੁਰੂ ਹੋ ਕੇ ਸੁਣਨ 'ਤੇ ਹੀ ਖ਼ਤਮ ਹੋ ਗਈ ਤਾਂ ਸੁਣਨਾ ਨਿਹਫਲ ਹੈ, ਉਹ ਧਰਮ ਨਹੀਂ, ਕਰਮਕਾਂਢ ਹੈ। ਗੁਰੂ ਅਰਜਨ ਦੇਵ ਜਦੋਂ ਇਹ ਸ਼ਬਦ ਆਦਿ ਗਰੰਥ ਸਾਹਿਬ ਵਿਚ ਦਰਜ ਕਰਦੇ ਹਨ ਤਾਂ ਜ਼ਾਹਿਰ ਹੈ ਕਿ ਉਹ ਸਾਨੂੰ ਦੱਸਣਾ ਚਾਹੁੰਦੇ ਹਨ ਕਿ ਉਹਨਾਂ ਦੁਆਰਾ ਤਿਆਰ ਕੀਤੇ ਜਾ ਰਹੇ ਇਸ ਧਰਮ ਗਰੰਥ ਦਾ ਪਾਠ ਸੁਣਨ ਨਾਲ ਘੱਟੋ-ਘੱਟ ਕਿਹੜੇ-ਕਿਹੜੇ ਪ੍ਰਭਾਵ ਸੁਣਨ ਵਾਲੇ 'ਤੇ ਪੈਣੇ ਚਾਹੀਦੇ ਹਨ। ਜੇ ਇਹ ਪ੍ਰਭਾਵ ਪੈਦਾ ਨਹੀਂ ਹੋਏ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਯਾਤਰਾ ਸੁਣਨ ਤੋਂ ਅੱਗੇ ਨਹੀਂ ਤੁਰੀ। ਵੈਸੇ ਤਾਂ ਗੁਰੂ ਨੂੰ ਸਾਰੀ ਲੋਕਾਈ ਦਾ ਫ਼ਿਕਰ ਹੁੰਦਾ ਹੈ ਪਰ ਜੇ ਥੋੜ੍ਹਾ ਸੰਕੀਰਨ ਹੋ ਕੇ ਵੀ ਸੋਚੀਏ ਤਾਂ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਸਾਹਿਬ ਨੂੰ ਪੁਰਾਨ ਦੇ ਸੰਦੇਸ਼ ਦੇ ਪੂਰੀ ਤਰ੍ਹਾਂ ਅਮਲ ਵਿਚ ਆਉਣ ਦਾ ਫ਼ਿਕਰ ਭਾਵੇਂ ਨਾ ਹੋਵੇ ਪਰ ਆਦਿ ਗਰੰਥ ਸਾਹਿਬ ਬਾਰੇ ਇਹ ਫ਼ਿਕਰ ਜ਼ਰੂਰ ਹੋਵੇਗਾ ਕਿ ਇਸ ਦਾ ਪਾਠ ਸੁਣਨ ਵਾਲੇ ਲੋਕਾਂ ਦੇ ਦਿਲਾਂ ਦਿਮਾਗਾਂ ਤੱਕ ਇਸ ਦਾ ਭਾਵ ਜ਼ਰੂਰ ਪਹੁੰਚੇ ਅਤੇ ਇਸ ਦੀ ਵਿਚਾਰ ਪੜ੍ਹਨ ਸੁਣਨ ਵਾਲਿਆਂ ਦੇ ਆਚਾਰ ਅਤੇ ਵਿਹਾਰ ਦਾ ਹਿੱਸਾ ਬਣੇ। ਪੁਰਾਨ ਦੇ ਵਿਸ਼ਾ ਵਸਤੂ ਦਾ ਤਾਂ ਸਾਨੂੰ ਇਲਮ ਨਹੀਂ ਪਰ ਗੁਰਬਾਣੀ ਦਾ ਪਹਿਲਾ ਉਦੇਸ਼ ਇਸ ਨੂੰ ਪੜ੍ਹਨ ਸੁਣਨ ਵਾਲਿਆਂ ਅੰਦਰ ਭਗਤੀ ਭਾਵ ਪੈਦਾ ਕਰਨਾ ਹੈ, ਇਸ ਬਾਬਤ ਥਾਂ ਪੁਰ ਥਾਂ ਅਣਗਿਣਤ ਵਾਰ ਉਪਦੇਸ਼ ਦਰਜ ਹੈ। ਲੋੜਵੰਦ ਦੀ ਸਹਾਇਤਾ ਕਰਨ ਦੀ ਵੀ ਵਾਰ-ਵਾਰ ਪ੍ਰੇਰਨਾ ਕੀਤੀ ਗਈ ਹੈ। ਗੁਰੂ ਨਾਨਕ ਜੀ ਨੇ ਸਾਰੰਗ ਰਾਗ ਵਿਚ ਹੀ ਗਰੀਬ ਲੋੜਵੰਦ ਨੂੰ ਦਾਨ ਕਰਨ ਬਾਬਤ ਦੋ ਵਾਰ ਤਾਕੀਦ ਕੀਤੀ ਹੈ:

***ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥*** *(1240, ਮ.1)*

***ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥*** *(1245, ਮ.1)*

**ਤੀਸਰੀ ਸਤਰ** ਵਿਚ ਭਗਤ ਜੀ ਆਖਦੇ ਹਨ ਕਿ ਜੇ ਧਰਮ ਗਰੰਥ ਪੜ੍ਹਨ ਸੁਣਨ ਨਾਲ ਕਾਮ, ਕਰੋਧ ਅਤੇ ਲੋਭ ਨਹੀਂ ਛੁਟਦੇ ਤਾਂ ਉਸ ਨੂੰ ਸੁਣਨ ਦਾ ਕੋਈ ਲਾਭ ਨਹੀਂ:

***ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥*** *(1253)*

ਅਸੀਂ ਆਮ ਤੌਰ 'ਤੇ ਪੰਜਾਂ ਵਕਾਰਾਂ ਭਾਵ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਬੰਦੇ ਦੇ ਦੁਸ਼ਮਣ ਆਖਦੇ ਹਾਂ, ਪਰ ਮੋਹ ਲੋਭ ਨਾਲ ਮਿਲਦੀ ਜੁਲਦੀ ਸ਼ੈਅ ਹੈ ਅਤੇ ਕਰੋਧ ਅਤੇ ਹੰਕਾਰ ਮੂਲ ਰੂਪ ਵਿਚ ਇਕ ਹੀ ਹਨ। ਦੂਸਰੇ ਸ਼ਬਦਾਂ ਵਿਚ ਮੋਹ ਲੋਭ ਨਾਲ ਅਤੇ ਕਰੋਧ ਹੰਕਾਰ ਨਾਲ ਅੰਤਰ ਸਬੰਧਤ ਹੈ। ਇਸ ਤਰ੍ਹਾਂ ਮੁੱਖ ਤੌਰ 'ਤੇ ਤਿੰਨ ਵਕਾਰ ਹਨ। ਭਗਤ ਜੀ ਨੇ ਇਸ ਪੰਕਤੀ ਵਿਚ ਵੀ ਤਿੰਨਾਂ ਦਾ ਹੀ ਜ਼ਿਕਰ ਕੀਤਾ ਹੈ, ਕਿਉਂਕਿ ਤਿੰਨਾਂ ਦੇ ਮਿਟਣ ਨਾਲ ਪੰਜ ਮਿਟਦੇ ਹਨ। ਗੁਰੂ ਅਮਰਦਾਸ ਜੀ ਦਾ ਫ਼ੈਸਲਾ ਹੈ ਕਿ ਜੇ ਇਹਨਾਂ ਨੂੰ ਮਿਟਾਉਣ ਦਾ ਯਤਨ ਨਹੀਂ ਕਰਦੇ ਤਾਂ ਪਹਿਰਾਵੇ ਜਾਂ ਬਾਹਰੀ ਭੇਖ ਨਾਲ ਆਪਣੀ ਧਾਰਮਿਕ ਪਛਾਣ ਬਣਾਉਣਾ ਫ਼ਜ਼ੂਲ ਹੈ। ਐਸੇ ਲੋਕਾਂ ਨੂੰ ਦਰ-ਦਰ ਭੌਂਕਣ ਅਤੇ ਭਟਕਣ ਵਾਲੇ ਸਮਝਿਆ ਜਾਵੇਗਾ:

***ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥***
***ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ ॥*** *(1132, ਮ.3)*

ਗੁਰੂ ਅਰਜਨ ਸਾਹਿਬ ਨੇ ਆਦਿ ਗਰੰਥ ਸਾਹਿਬ ਨੂੰ ਆਪਣੇ ਤੋਂ ਵੱਡਾ ਸਥਾਨ ਦਿੱਤਾ। ਇਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਐਨ ਵਿਚਕਾਰ ਸਥਾਪਿਤ ਕੀਤਾ ਅਤੇ ਆਪ ਇਸ ਤੋਂ ਨੀਵੇਂ ਬੈਠਦੇ ਰਹੇ, ਕਿਉਂਕਿ ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਕਹਿ ਗਏ ਸਨ:

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*** *(982, ਮ.4)*

ਗੁਰੂ ਉਹ ਹਸਤੀ ਹੁੰਦੀ ਹੈ ਜਿਸ ਦੀ ਗੱਲ ਅਸੀਂ ਸਭ ਤੋਂ ਵੱਧ ਧਿਆਨ ਨਾਲ ਸੁਣਨੀ ਹੁੰਦੀ ਹੈ, ਜਿਸ ਦੀ

*Original with;*
Jaswant Singh Zafar
*Digitized by;*
Panjab Digital Library



*Orig*
Jaswant Singh Zafar
*Digitized by;*
Panjab Digital Library



ਗੱਲ ਸਭ ਤੋਂ ਵੱਧ ਤੱਤਪਰਤਾ ਨਾਲ ਮੰਨਣੀ ਹੁੰਦੀ ਹੈ। ਗੁਰੂ ਸਾਹਿਬ ਨੇ ਬਾਣੀ ਨੂੰ ਗੁਰੂ ਕਹਿ ਕੇ ਇਸ ਦਾ ਮਹੱਤਵ ਇਕ ਧਰਮ ਗਰੰਥ ਜਾਂ ਧਰਮ ਪੋਥੀ ਤੋਂ ਉਪਰ ਸਥਾਪਿਤ ਕੀਤਾ ਹੈ। ਇਸ ਲਈ ਪਰਮਾਨੰਦ ਜੀ ਜੋ ਤਵੱਕੋਂ ਪੁਰਾਨ ਦਾ ਪਾਠ ਸੁਣਨ ਵਾਲੇ ਤੋਂ ਕਰਦੇ ਹਨ ਗੁਰੂ ਅਰਜਨ ਉਸ ਤੋਂ ਵੀ ਵਧੇਰੇ ਤਵੱਕੋਂ ਬਾਣੀ ਦਾ ਪਾਠ ਸੁਣਨ ਵਾਲੇ ਤੋਂ ਕਰਦੇ ਹਨ ਕਿ ਬਾਣੀ ਨੂੰ ਸੁਣਨ ਉਪਰੰਤ ਇਸ ਨੂੰ ਸਮਝਿਆ, ਵਿਚਾਰਿਆ ਅਤੇ ਜੀਵਨ ਅਮਲ 'ਚ ਲਿਆਂਦਾ ਜਾਏ। ਕਿਉਂਕਿ ਬਾਣੀ ਨੂੰ ਵਿਚਾਰਨਾ ਅਤੇ ਸਮਝਣਾ ਹੀ ਗੁਰੂ ਦਾ ਮਿਲਾਪ ਹੈ ਅਤੇ ਇਸ 'ਤੇ ਅਮਲ ਕਰਨਾ ਹੀ ਗੁਰੂ ਦੀ ਕਿਰਪਾ ਹਾਸਲ ਕਰਨਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਪ੍ਰਕਿਰਿਆ ਨਾਲ ਉਹ ਸਭ ਹਾਸਲ ਕਰਨਾ ਹੈ ਜਿਸ ਦੀ ਪਰਮਾਨੰਦ ਜੀ ਨੇ ਪਹਿਲੀਆਂ ਤਿੰਨਾਂ ਪੰਕਤੀਆਂ ਵਿਚ ਤਵੱਕੋਂ ਕੀਤੀ ਹੈ:

***ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥***
***ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥*** *(46, ਮ.5)*

**ਚੌਥੀ ਸਤਰ** ਵਿਚ ਪਰਮਾਨੰਦ ਜੀ ਨੇ ਧਰਮ ਗਰੰਥ ਪੜ੍ਹਨ ਸੁਣਨ ਵਾਲਿਆਂ ਲਈ ਦੂਸਰਿਆਂ ਦੀ ਨਿੰਦਾ ਕਰਨਾ ਵਰਜਿਤ ਕੀਤਾ ਹੈ। ਪਰਾਈ ਨਿੰਦਾ ਨਾਲ ਹਰ ਤਰ੍ਹਾਂ ਦੀ ਸੇਵਾ ਨਿਹਫਲ ਹੋ ਜਾਂਦੀ ਹੈ:

***ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥*** *(1253)*

ਕਿਉਂਕਿ ਕਿਸੇ ਦੀ ਨਿੰਦਾ ਕਰਨ ਵਾਲੇ ਦੀ ਸਾਰੀ ਸੇਵਾ ਐਵੇਂ ਰੁੜ ਜਾਂਦੀ ਹੈ ਇਸ ਲਈ ਉਹ ਸੇਵਾਦਾਰ ਨਹੀਂ ਮੰਨਿਆਂ ਜਾ ਸਕਦਾ, ਉਸ ਨੂੰ ਸੇਵਾਦਾਰ ਹੋਣ ਦੀ ਵਡਿਆਈ ਅਤੇ ਖੁਸ਼ੀ ਨਹੀਂ ਮਿਲ ਸਕਦੀ। ਸਾਡੀਆਂ ਚੋਣਾਂ ਵਿਚ ਅਕਸਰ ਦੂਸਰੇ ਉਮੀਦਵਾਰਾਂ, ਦੂਸਰੀਆਂ ਧਿਰਾਂ ਜਾਂ ਦੂਸਰੀਆਂ ਪਾਰਟੀਆਂ ਦੀ ਨਿੰਦਾ ਕੀਤੀ ਜਾਂਦੀ ਹੈ। ਉਹਨਾਂ ਨੂੰ ਬੇਈਮਾਨ, ਚੋਰ, ਲੁਟੇਰੇ, ਭ੍ਰਿਸ਼ਟ, ਆਚਰਨਹੀਣ, ਨੀਚ, ਨਲਾਇਕ ਆਦਿ ਆਖਿਆ ਜਾਂਦਾ ਹੈ ਅਤੇ ਆਪਣੇ ਆਪ ਨੂੰ ਲੋਕਾਂ ਦੇ ਸੇਵਕ ਜਾਂ ਸੇਵਾਦਾਰ ਦੱਸਿਆ ਜਾਂਦਾ ਹੈ। ਉਹਨਾਂ ਦੇ ਨਿੰਦਿਆ ਕਰਮ ਕਰਕੇ ਵੋਟਰ ਉਹਨਾਂ ਨੂੰ ਆਪਣੇ ਸੇਵਾਦਾਰ ਵਜੋਂ ਕਦੀ ਤਸਲੀਮ ਨਹੀਂ ਕਰਦੇ। ਚੋਣ ਵਿਚ ਸਫਲਤਾ ਤੋਂ ਬਾਅਦ ਉਹ ਹਾਕਮ, ਪ੍ਰਸ਼ਾਸਕ, ਨੁਮਾਇੰਦੇ, ਪ੍ਰਧਾਨ ਜਾਂ ਕੁਝ ਹੋਰ ਤਾਂ ਹੋ ਸਕਦੇ ਹਨ, ਪਰੰਤੂ ਨਿੰਦਿਆ ਬਿਰਤੀ ਕਰਕੇ ਸੇਵਾਦਾਰ ਪਦ ਪ੍ਰਾਪਤ ਨਹੀਂ ਹੋ ਸਕਦਾ। ਆਪਣੇ ਆਪ ਨੂੰ ਧਾਰਮਿਕ ਜਾਂ ਪੰਥਕ ਅਖਵਾਉਣ ਵਾਲੇ ਆਗੂਆਂ, ਜਥੇਬੰਦੀਆਂ, ਧੜਿਆਂ, ਪਾਰਟੀਆਂ ਨੂੰ ਇਕ ਦੂਸਰੇ ਦੀ ਨਿੰਦਿਆ ਕਰਨ ਲੱਗਿਆਂ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਰੂ ਨੇ ਨਿੰਦਿਆ ਤੋਂ ਬਹੁਤ ਕਰੜਾਈ ਨਾਲ ਵਰਜਿਆ ਹੈ। ਗੁਰੂ ਨਾਨਕ ਨੇ ਪਰਾਈ ਨਿੰਦਿਆ ਕਰਨ ਨੂੰ ਪਰਾਈ ਮੱਲ ਖਾਣ ਬਰਾਬਰ ਦੱਸਿਆ ਹੈ। ਨਿੰਦਿਆ ਕਰਨ ਵਾਲੇ ਨੂੰ ਕਾਲੇ ਮੂੰਹ ਵਾਲਾ ਨਰਕ ਨਿਵਾਸੀ ਆਖਿਆ ਹੈ। ਸਿਰਫ਼ ਨਿੰਦਾ ਦੇ ਸ਼ਬਦ ਬੋਲਣ ਦੀ ਗੱਲ ਨਹੀਂ, ਗੁਰੂ ਅਨੁਸਾਰ ਜੇ ਕਿਸੇ ਦੇ ਢਿੱਡ ਵਿਚ ਵੀ ਪਰਾਈ ਨਿੰਦਿਆ ਹੈ ਤਾਂ ਉਹ ਵੀ ਵੱਢੇ ਨੱਕ ਵਾਲਾ ਮਹਾਂ ਕਰੂਪ ਸਮਝਿਆ ਜਾਣਾ ਚਾਹੀਦਾ ਹੈ:

**ਆਪਣੇ ਆਪ ਨੂੰ ਧਾਰਮਿਕ ਜਾਂ ਪੰਥਕ ਅਖਵਾਉਣ ਵਾਲੇ ਆਗੂਆਂ, ਜਥੇਬੰਦੀਆਂ, ਧੜਿਆਂ, ਪਾਰਟੀਆਂ ਨੂੰ ਇਕ ਦੂਸਰੇ ਦੀ ਨਿੰਦਿਆ ਕਰਨ ਲੱਗਿਆਂ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਰੂ ਨੇ ਨਿੰਦਿਆ ਤੋਂ ਬਹੁਤ ਕਰੜਾਈ ਨਾਲ ਵਰਜਿਆ ਹੈ। ਗੁਰੂ ਨਾਨਕ ਨੇ ਪਰਾਈ ਨਿੰਦਿਆ ਕਰਨ ਨੂੰ ਪਰਾਈ ਮੱਲ ਖਾਣ ਬਰਾਬਰ ਦੱਸਿਆ ਹੈ। ਨਿੰਦਿਆ ਕਰਨ ਵਾਲੇ ਨੂੰ ਕਾਲੇ ਮੂੰਹ ਵਾਲਾ ਨਰਕ ਨਿਵਾਸੀ ਆਖਿਆ ਹੈ।**

***ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥*** *(15, ਮ.1)*

*Original with*
Jaswant Singh Zafar
*Digitized by;*
Panjab Digital Library

*ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ ॥* (505, ਮ.1)

*ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥* (1013, ਮ.1)

*ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥*
*ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥* (1244, ਮ.1)

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਵੀ ਨਿੰਦਿਆ ਕਰਨ ਵਾਲੇ ਨੂੰ ਜੂਠੇ ਮਨ ਵਾਲਾ, ਗੰਦਗੀ ਦਾ ਕੀੜਾ ਅਤੇ ਕਾਲੇ ਮੂੰਹ ਵਾਲਾ ਨਰਕ ਨਿਵਾਸੀ ਕਿਹਾ ਹੈ:

*ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥*
*ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥* (88, ਮ.3)

*ਪਰ ਨਿੰਦਾ ਬਹੁ ਕੂੜੁ ਕਮਾਵੈ ॥*
*ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥* (364, ਮ.3)

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥* (755, ਮ.3)

ਗੁਰੂ ਰਾਮਦਾਸ ਜੀ ਨੇ ਵੀ ਨਿੰਦਕ ਨੂੰ ਅਜਿਹਾ ਕਾਲੇ ਮੂੰਹ ਵਾਲਾ ਕਿਹਾ ਜਿਸ ਨੂੰ ਲੋਕ ਪ੍ਰਲੋਕ ਢੋਈ ਨਹੀਂ, ਉਹ ਮੱਲ ਖਾਣ ਵਾਲਾ ਘਟੀਆ ਜੀਵ ਹੈ:

*ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ*
*ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥* (306, ਮ.4)

*ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥* (307, ਮ.4)

*ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ ॥* (507, ਮ.4)

ਜਿਥੇ ਗੰਦਗੀ ਹੋਵੇ ਉਥੇ ਸੁਹਣੀਆਂ ਚੀਜ਼ਾਂ ਟਿਕਾਈਆਂ ਅਤੇ ਸਜਾਈਆਂ ਨਹੀਂ ਜਾ ਸਕਦੀਆਂ। ਇਸ ਲਈ ਗੁਰੂ ਅਰਜਨ ਜੀ ਸਮਝਾਉਂਦੇ ਹਨ ਕਿ ਸਾਡੇ ਹਿਰਦੇ ਵਿਚੋਂ ਚੰਗੇ ਵਿਚਾਰ ਤੇ ਭਾਵ ਤਾਂ ਹੀ ਪੈਦਾ ਹੋ ਸਕਦੇ ਜਾਂ ਟਿਕ ਸਕਦੇ ਹਨ ਜੇ ਪਹਿਲਾਂ ਨਿੰਦਿਆ ਭਾਵ ਸਾਫ਼ ਕਰੀਏ। ਚੰਗੀਆਂ ਗੱਲਾਂ ਤਾਂ ਹੀ ਸੁਣ ਅਤੇ ਗ੍ਰਹਿਣ ਕਰ ਸਕਦੇ ਹਾਂ ਜੇ ਪਹਿਲਾਂ ਪਰਾਈ ਨਿੰਦਿਆ ਸੁਣਨ ਦੀ ਰੁਚੀ ਖ਼ਤਮ ਕਰੀਏ। ਇਸ ਲਈ ਨਿੰਦਿਆ ਕਰਨਾ ਅਤੇ ਸੁਣਨਾ ਦੋਹਾਂ ਨੂੰ ਛੱਡਣਾ ਬਹੁਤ ਜ਼ਰੂਰੀ ਹੈ:

*ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥* (274, ਮ.5)

*ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥* (1147, ਮ.5)

*ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤਿਆਗਿ ਸਗਲ ਰੇਣੁਕਹ ॥* (1357, ਮ.5)

ਕਈ ਵਾਰ ਅਸੀਂ ਨਿੰਦਿਆ ਚੁਗਲੀ ਕਰਨ ਤੋਂ ਪਹਿਲਾਂ ਆਖਦੇ ਹਾਂ, "ਮੇਰੀ ਗੱਲ ਨੂੰ ਚੁਗਲੀ ਜਾਂ ਨਿੰਦਿਆ ਨਾ ਸਮਝਣਾ, ਇਹ ਸੱਚ ਹੈ।" ਨਿੰਦਿਆ ਅਤੇ ਚੁਗਲੀ ਹਮੇਸ਼ਾ ਸੱਚ ਹੀ ਹੁੰਦੀਆਂ ਹਨ। ਇਹ ਉਹ ਸੱਚ ਹੁੰਦੀਆਂ ਹਨ ਜਿਸ ਨੂੰ ਬੋਲਣ ਪਿੱਛੇ ਬੋਲਣ ਵਾਲੇ ਦਾ ਸੁਆਰਥ ਹੁੰਦਾ ਹੈ। ਸੁਆਰਥ ਕੁਝ ਪ੍ਰਾਪਤ ਕਰਨ ਦਾ ਹੀ ਨਹੀਂ ਸਗੋਂ ਆਪਣੇ ਆਪ ਨੂੰ ਦੂਸਰੇ ਨਾਲੋਂ ਵਧੇਰੇ ਸਿਆਣਾ, ਚੰਗਾ, ਮਿਹਨਤੀ, ਇਮਾਨਦਾਰ, ਪ੍ਰਭਾਵਸ਼ਾਲੀ, ਕਾਬਲ ਆਦਿ ਸਿੱਧ ਕਰਨ ਦਾ ਵੀ ਹੋ ਸਕਦਾ ਹੈ। ਇਸ ਲਈ ਇਹ ਜਾਣਦਿਆਂ ਹੋਇਆਂ ਵੀ

Original with;
Jaswant Singh Zafar
Digitized by;
Panjab Digital Library

ਕਿ ਨਿੰਦਾ ਬੁਰੀ ਚੀਜ਼ ਹੈ ਸਾਡਾ ਮਨ 'ਸੱਚ' ਦੇ ਲੇਬਲ ਹੇਠ 'ਨਿੰਦਾ' ਵਣਜ ਕਰਨ ਨੂੰ ਤਾਂਘਦਾ ਰਹਿੰਦਾ ਹੈ, ਜੈਸਾ ਕਿ ਗੁਰੂ ਤੇਗ ਬਹਾਦਰ ਦਾ ਬਚਨ ਹੈ:

***ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥*** *(1232, ਮ.9)*

**ਪੰਜਵੀਂ ਅਤੇ ਛੇਵੀਂ ਸਤਰ** ਵਿਚ ਪਰਮਾਨੰਦ ਜੀ ਦੂਸਰਿਆਂ ਨਾਲ ਠੱਗੀਆਂ ਮਾਰ ਕੇ ਜਾਂ ਲੁੱਟ ਖਸੁੱਟ ਕਰਕੇ ਆਪਣਾ ਪੇਟ ਜਾਂ ਘਰ ਭਰਨ ਵਾਲਿਆਂ ਨੂੰ ਨਕਾਰਦੇ ਹੋਏ ਆਖਦੇ ਹਨ ਕਿ ਅਜਿਹੇ ਅਪਰਾਧੀ ਲੋਕ ਆਪਣੀ ਮੂਰਖਤਾ ਜਾਂ ਅਗਿਆਨਤਾ ਕਾਰਨ ਪਰਲੋਕ ਵਿਚ ਵੀ ਆਪਣੀ ਬਦਨਾਮੀ ਦਾ ਪ੍ਰਬੰਧ ਕਰ ਲੈਂਦੇ ਹਨ:

***ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥***
***ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥*** *(1253)*

ਹੱਕ ਹਲਾਲ ਦਾ ਜੋ ਉਪਦੇਸ਼ ਪੁਰਾਨ ਦੇ ਹਵਾਲੇ ਨਾਲ ਪਰਮਾਨੰਦ ਜੀ ਦੇ ਰਹੇ ਹਨ ਉਹੀ ਉਪਦੇਸ਼ ਗੁਰੂ ਨਾਨਕ ਕੁਰਾਨ ਦੇ ਹਵਾਲੇ ਨਾਲ ਦੇ ਰਹੇ ਹਨ:

***ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥*** *(140, ਮ.1)*

ਜੇ ਪੁਰਾਨ ਅਤੇ ਕੁਰਾਨ ਦੇ ਹਵਾਲੇ ਵਾਲੇ ਦੋਨੋਂ ਸ਼ਬਦ ਗੁਰੂ ਅਰਜਨ ਸ੍ਰੀ ਆਦਿ ਗਰੰਥ ਸਾਹਿਬ ਵਿਚ ਦਰਜ ਕਰਦੇ ਹਨ ਤਾਂ ਜ਼ਾਹਿਰ ਹੈ ਕਿ ਉਹ ਇਸ ਬਾਣੀ ਨੂੰ ਪੜ੍ਹਨ ਸੁਣਨ ਵਾਲਿਆਂ ਲਈ ਹੱਕ ਹਲਾਲ ਦਾ ਉਪਦੇਸ਼ ਪ੍ਰਸਤੁਤ ਕਰਦੇ ਹਨ। ਇਸ ਪ੍ਰਸਤੁਤੀ ਦੇ ਨਾਲ-ਨਾਲ ਉਹ ਆਪਣੇ ਵਲੋਂ ਵੀ ਸਿੱਖਾਂ ਲਈ ਹੱਕ ਹਲਾਲ ਦਾ ਉਪਦੇਸ਼ ਸ਼ਾਮਲ ਕਰਦੇ ਹਨ:

***ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥*** *(1084, ਮ.5)*

ਦੂਸਰਿਆਂ ਦੇ ਹੱਕ ਨੂੰ ਚੁਸਤੀ ਨਾਲ ਠੱਗਣਾ ਜਾਂ ਸ਼ਕਤੀ ਨਾਲ ਲੁੱਟਣਾ ਜੇ ਪੁਰਾਨ ਵਾਲਿਆਂ ਲਈ ਗਊ ਦਾ ਮਾਸ ਖਾਣ ਬਰਾਬਰ ਪਾਪ ਕਰਮ ਹੈ, ਕੁਰਾਨ ਵਾਲਿਆਂ ਲਈ ਸੂਰ ਦਾ ਮਾਸ ਖਾਣ ਬਰਾਬਰ ਨਾਪਾਕ ਕਰਮ ਹੈ ਤਾਂ ਸਮਝਿਆ ਜਾਣਾ ਚਾਹੀਦਾ ਹੈ ਕਿ ਬਾਣੀ ਸੁਣਨ ਵਾਲਿਆਂ ਲਈ ਪਰਾਇਆ ਹੱਕ ਬੰਦੇ ਦਾ ਮਾਸ ਖਾਣ ਜਾਂ ਲਹੂ ਪੀਣ ਸਮਾਨ ਕੁਰਹਿਤ ਹੈ:

***ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*** *(141, ਮ.1)*

***ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥***
***ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥*** *(140, ਮ.1)*

**ਸੱਤਵੀਂ ਸਤਰ** ਵਿਚ ਪਰਮਾਨੰਦ ਜੀ ਦਾ ਕਥਨ ਹੈ ਕਿ ਜੇ ਮਨ 'ਚੋਂ ਹਿੰਸਾ ਨਹੀਂ ਮਿੱਟੀ ਅਤੇ ਹੋਰ ਜੀਵਾਂ ਲਈ ਦਇਆ ਦਾ ਭਾਵ ਪ੍ਰਗਟ ਨਹੀਂ ਹੋਇਆ ਤਾਂ ਪੁਰਾਨ ਸੁਣਨ ਦਾ ਕੋਈ ਲਾਭ ਨਹੀਂ:

***ਜੇ ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥*** *(1253)*

ਹਿੰਸਾ ਅਤੇ ਦਇਆ ਪਰਸਪਰ ਵਿਰੋਧੀ ਚੀਜ਼ਾਂ ਹਨ, ਇਹ ਇਕੱਠੀਆਂ ਨਹੀਂ ਰਹਿ ਸਕਦੀਆਂ। ਜੇ ਮਨ 'ਚ ਹਿੰਸਾ ਹੋਏਗੀ ਤਾਂ ਦਇਆ ਨਹੀਂ ਹੋ ਸਕਦੀ ਅਤੇ ਜੇ ਦਇਆ ਹੋਏਗੀ ਤਾਂ ਹਿੰਸਾ ਨਹੀਂ ਹੋ ਸਕਦੀ। ਭਾਰਤੀ ਮਿੱਥ ਹੈ ਕਿ ਧਰਤੀ ਬਲਦ ਦੇ ਸਿੰਗ 'ਤੇ ਟਿਕੀ ਹੋਈ ਹੈ। ਗੁਰੂ ਨਾਨਕ ਨੇ ਇਸ ਤੋਂ ਇਨਕਾਰ ਨਾ ਕਰਦੇ ਹੋਏ ਕਿਹਾ, ਕਿ ਟਿਕੀ ਤਾਂ ਬਲਦ ਦੇ ਸਿਰ 'ਤੇ ਹੀ ਹੈ ਪਰ ਉਹ ਬਲਦ ਧਰਮ ਦਾ ਹੈ, ਧਰਮ ਜੋ ਦਇਆ ਦਾ ਪੁੱਤਰ ਹੈ:

*Original with;*
Jaswant Singh Zafar
*Digitized by;*
Panjab Digital Library

**ਧੌਲੁ ਧਰਮੁ ਦਇਆ ਕਾ ਪੂਤੁ ॥** *(3, ਮ.1)*

ਇਥੇ ਧਰਮ 'ਦਇਆ ਕਾ ਪੂਤ' ਹੈ ਨਾ ਕਿ ਧਰਮ 'ਦਇਆ ਕੇ ਪੂਤ' ਹਨ, ਅਰਥਾਤ ਗੁਰੂ ਨਾਨਕ ਅਨੁਸਾਰ ਦੁਨੀਆਂ ਵਿਚ ਵੱਖ-ਵੱਖ ਧਰਮ ਨਹੀਂ ਹਨ, ਧਰਮ ਸਿਰਫ਼ ਇਕ ਹੈ ਜੋ ਦਇਆ 'ਚੋਂ ਪੈਦਾ ਹੁੰਦਾ ਹੈ। ਜਿਥੇ ਦਇਆ ਹੈ ਉਥੇ ਧਰਮ ਹੈ, ਜਿਥੇ ਹਿੰਸਾ ਹੈ ਉਥੇ ਧਰਮ ਨਹੀਂ ਹੈ। ਜਦੋਂ ਵੀ ਕਿਸੇ ਪੈਗੰਬਰ ਨੇ ਹਿੰਸਾ ਮਿਟਾਉਣ ਅਤੇ ਦਇਆ ਉਪਜਾਉਣ ਦੇ ਨਵੇਂ ਤਰੀਕੇ ਦੱਸੇ ਤਾਂ ਲੋਕਾਂ ਨੇ ਕਿਹਾ ਕਿ ਨਵੇਂ ਧਰਮ ਦੀ ਸ਼ੁਰੂਆਤ ਹੋ ਗਈ। ਪਰ ਅਜਿਹਾ ਦਾਅਵਾ ਕਦੀ ਕਿਸੇ ਪੈਗੰਬਰ ਨੇ ਨਹੀਂ ਕੀਤਾ। ਜਿਹਨਾਂ ਨੂੰ ਅਸੀਂ 'ਧਰਮ' ਕਹਿੰਦੇ ਹਾਂ ਉਹ ਤਾਂ ਹਿੰਸਾ ਮਿਟਾਉਣ ਅਤੇ ਦਇਆ ਉਤਪੰਨ ਕਰਨ ਦੀਆਂ ਅਲੱਗ-ਅਲੱਗ ਵਿਧੀਆਂ ਹਨ। ਗੁਰਮਤਿ ਦੀ ਵਿਧੀ ਹੈ ਕਿ ਇਕ ਸਰਬ ਵਿਆਪੀ ਪਰਮਾਤਮਾ ਨੂੰ ਮਨੋਂ ਮੰਨਣ ਨਾਲ, ਉਸਦੀ ਯਾਦ ਨੂੰ ਹਿਰਦੇ 'ਚ ਟਿਕਾਉਣ ਨਾਲ ਹਿੰਸਾ ਮਿਟਦੀ ਅਤੇ ਦਇਆ ਉਤਪੰਨ ਹੁੰਦੀ ਹੈ:

**ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥**
**ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥** *(21, ਮ.1)*

**ਅਸੀਂ ਨਿੰਦਿਆ ਚੁਗਲੀ ਕਰਨ ਤੋਂ ਪਹਿਲਾਂ ਆਖਦੇ ਹਾਂ, "ਮੇਰੀ ਗੱਲ ਨੂੰ ਚੁਗਲੀ ਜਾਂ ਨਿੰਦਿਆ ਨਾ ਸਮਝਣਾ, ਇਹ ਸੱਚ ਹੈ।" ਨਿੰਦਿਆ ਅਤੇ ਚੁਗਲੀ ਹਮੇਸ਼ਾ ਸੱਚ ਹੀ ਹੁੰਦੀਆਂ ਹਨ। ਇਹ ਉਹ ਸੱਚ ਹੁੰਦੀਆਂ ਹਨ ਜਿਸ ਨੂੰ ਬੋਲਣ ਪਿੱਛੇ ਬੋਲਣ ਵਾਲੇ ਦਾ ਸੁਆਰਥ ਹੁੰਦਾ ਹੈ। ਸੁਆਰਥ ਕੁਝ ਪ੍ਰਾਪਤ ਕਰਨ ਦਾ ਹੀ ਨਹੀਂ ਸਗੋਂ ਆਪਣੇ ਆਪ ਨੂੰ ਦੂਸਰੇ ਨਾਲੋਂ ਵਧੇਰੇ ਸਿਆਣਾ, ਚੰਗਾ, ਮਿਹਨਤੀ, ਇਮਾਨਦਾਰ, ਪ੍ਰਭਾਵਸ਼ਾਲੀ, ਕਾਬਲ ਆਦਿ ਸਿੱਧ ਕਰਨ ਦਾ ਵੀ ਹੋ ਸਕਦਾ ਹੈ।**

**ਏਕਾਦਸੀ ਇਕੁ ਰਿਦੈ ਵਸਾਵੈ ॥ਹਿੰਸਾ ਮਮਤਾ ਮੋਹੁ ਚੁਕਾਵੈ ॥** *(840, ਮ.1)*

**ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥**
**ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥** *(508, ਮ.5)*

ਨਾਲ ਦੀ ਨਾਲ ਗੁਰੂ ਸਾਹਿਬ ਇਹ ਵੀ ਦੱਸਦੇ ਹਨ ਕਿ ਉਹਨਾਂ ਤੋਂ ਪਹਿਲੇ ਲੋਕਾਂ ਦੁਆਰਾ ਦੱਸੀਆਂ ਰੀਤਾਂ (ਵਿਧੀਆਂ) ਦਾ ਉਦੇਸ਼ ਵੀ ਮਨੁੱਖੀ ਮਨ 'ਚੋਂ ਹਿੰਸਾ ਮਿਟਾਉਣਾ ਹੋਣਾ ਚਾਹੀਦਾ ਹੈ ਅਤੇ ਗੁਰੂ ਸਾਹਿਬ ਉਹਨਾਂ ਦੀ ਸਫਲਤਾ ਦੀ ਵੀ ਕਾਮਨਾ ਕਰਦੇ ਹਨ। ਮਿਸਾਲ ਦੇ ਤੌਰ 'ਤੇ ਤੀਰਥ ਯਾਤਰਾ, ਤੀਰਥ ਇਸ਼ਨਾਨ ਅਤੇ ਬਰਤ ਆਦਿ ਗੁਰਮਤਿ ਦੀਆਂ ਵਿਧੀਆਂ ਨਹੀਂ ਮੰਨੀਆਂ ਜਾਂਦੀਆਂ, ਪਰ ਗੁਰੂ ਸਾਹਿਬ ਚਾਹੁੰਦੇ ਹਨ ਕਿ ਇਹ ਵਿਧੀਆਂ ਵੀ ਦਇਆ ਉਤਪੰਨ ਕਰਨ ਦੇ ਮਨੋਰਥ ਵਿਚ ਕਾਮਯਾਬ ਹੋਣ:

**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥** *(136, ਮ.5)*

**ਮਨਿ ਸੰਤੋਖੁ ਸਰਬ ਜੀਅ ਦਇਆ ॥**
**ਇਨ ਬਿਧਿ ਬਰਤੁ ਸੰਪੂਰਨ ਭਇਆ ॥** *(299, ਮ.5)*

ਜੇ ਵੱਖ-ਵੱਖ ਸਮਿਆਂ ਅਤੇ ਸਥਾਨਾਂ 'ਤੇ ਈਜਾਦ ਹੋਈਆਂ ਅਤੇ ਵੱਖ-ਵੱਖ ਪੈਗੰਬਰਾਂ ਦੁਆਰਾ ਸੁਝਾਈਆਂ ਗਈਆਂ ਸਾਰੀਆਂ ਵਿਧੀਆਂ ਮਨੁੱਖਾਂ ਅੰਦਰੋਂ ਹਿੰਸਾ ਮਿਟਾਉਣ ਅਤੇ ਦਇਆ ਉਪਜਾਉਣ ਵਿਚ ਸਫਲ ਹੋ ਜਾਣ ਤਾਂ ਹੀ ਧਰਮ ਕੀ ਜੈ ਜੈਕਾਰ ਹੈ ਅਤੇ ਸਰਬੱਤ ਦਾ ਭਲਾ ਹੈ। ਪਰ ਇਸ ਦੀ ਸ਼ੁਰੂਆਤ ਓਨਾ ਚਿਰ ਸੰਭਵ ਨਹੀਂ ਜਦ ਤੱਕ ਅਸੀਂ ਆਪਣੇ ਗੁਰੂਆਂ, ਰਹਿਬਰਾਂ ਦੀ ਗੱਲ ਸੁਣਦੇ, ਵਿਚਾਰਦੇ ਅਤੇ ਅਪਣਾਉਂਦੇ ਨਹੀਂ। ਇਸੇ ਵਿਚਾਰ ਨਾਲ ਪਰਮਾਨੰਦ ਜੀ ਸ਼ਬਦ ਨੂੰ ਸੰਪੂਰਨ ਕਰਦੇ ਹਨ:

**ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥** *(1253)*

Original with;
Jaswant Singh Zafar
Digitized by;
Panjab Digital Library

ਇਸ ਸਬੰਧੀ ਥੋੜ੍ਹੀ ਜਿਹੀ ਆਪਣੀ ਸਥਿਤੀ ਵਿਚਾਰ ਲਈ ਜਾਵੇ। ਪਰਮਾਨੰਦ ਜੀ, ਗੁਰੂ ਨਾਨਕ ਅਤੇ ਹੋਰ ਬਾਣੀਕਾਰ ਜਾਂ ਕਹਿ ਲਈਏ ਕਿ ਗੁਰੂ ਗਰੰਥ ਸਾਹਿਬ ਤਾਂ ਇਹ ਕਹਿ ਰਹੇ ਹਨ ਕਿ ਬਾਣੀ ਸੁਣਨ ਤੋਂ ਗੱਲ ਅੱਗੇ ਤੁਰਨੀ ਚਾਹੀਦੀ ਹੈ। ਪਰ ਸਾਡੀ ਗੱਲ ਪਿੱਛੇ ਨੂੰ ਤੁਰ ਰਹੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਬਾਣੀ ਨੂੰ ਸਿਰਫ਼ ਸੁਣਨ ਨਾਲ ਲਾਭ ਨਹੀਂ ਹੋਣਾ, ਅਸੀਂ ਕਹਿ ਦਿੱਤਾ, "ਚੰਗਾ ਫਿਰ ਆਪਾਂ ਨਹੀਂ ਸੁਣਦੇ।" ਜਿੰਨੀ ਕੁਲ ਬਾਣੀ ਪੜ੍ਹੀ ਜਾਂਦੀ ਹੈ ਉਸ ਦਾ 99% ਤੋਂ ਵੱਧ ਸੁਣਿਆਂ ਹੀ ਨਹੀਂ ਜਾਂਦਾ। ਕਈ ਅਸਥਾਨਾਂ 'ਤੇ 10-10, 20-20, 50-50 ਕਈ ਵਾਰ 101 ਅਖੰਡ ਪਾਠ ਇਕੋ ਸਮੇਂ ਚੱਲਦੇ ਹਨ, ਇਹ ਸੁਣੇ ਨਹੀਂ ਜਾਂਦੇ। ਘਰਾਂ ਵਿਚ ਅਖੰਡ ਪਾਠ ਸਮੇਂ ਘਰ ਵਾਲੇ ਆਪਣੀਆਂ ਗੱਲਾਂ ਕਰੀ ਜਾਂਦੇ ਹਨ, ਗੁਰੂ ਸਾਹਿਬ ਆਪਣਾ ਗਿਆਨ ਕੰਧਾਂ ਨੂੰ ਸੁਣਾ ਕੇ ਤੁਰ ਜਾਂਦੇ ਹਨ। ਗੁਰਦੁਆਰਿਆਂ 'ਚ ਅਖੰਡ ਪਾਠ ਕਰਾਉਣ ਦੀ ਹੋਰ ਮੌਜ ਹੈ, ਪੈਸੇ ਜਮ੍ਹਾਂ ਕਰਾਓ, ਪਹਿਲੇ ਦਿਨ ਪਾਠ ਸ਼ੁਰੂ ਹੋਣ ਵੇਲੇ ਜਾਓ, ਆਖਰੀ ਦਿਨ ਅਰਦਾਸ ਮੌਕੇ ਜਾਓ, ਸਰੋਪੇ ਦੀ ਬਖ਼ਸ਼ਿਸ਼ ਲੈ ਕੇ ਘਰ ਆ ਜਾਓ। ਵੱਡੇ ਅਸਥਾਨਾਂ 'ਤੇ ਤਾਂ ਹੱਦ ਹੀ ਹੋਈ ਪਈ ਹੈ। ਦੇਸ਼ ਵਿਦੇਸ਼ 'ਚੋਂ ਸ਼ਰਧਾਲੂ ਅਖੰਡ ਪਾਠ ਦੀ ਫੀਸ ਭੇਜਦੇ ਹਨ। ਪ੍ਰਬੰਧਕ ਉਹਨਾਂ ਨੂੰ ਅਖੰਡ ਪਾਠ ਸ਼ੁਰੂ ਹੋਣ ਅਤੇ ਭੋਗ ਦੀ ਮਿਤੀ ਦੱਸ ਦਿੰਦੇ ਹਨ, ਭੋਗ ਉਪਰੰਤ ਵਾਕ (ਹੁਕਮਨਾਮੇ) ਦੀ ਕਾਪੀ ਡਾਕ ਰਾਂਹੀ ਭੇਜ ਦਿੱਤੀ ਜਾਂਦੀ ਹੈ, ਕਹਾਣੀ ਖ਼ਤਮ। ਸਿੱਖੀ ਤਾਂ ਕੁਝ ਸਿੱਖਣ ਜਾਂ ਗਿਆਨ ਹਾਸਲ ਕਰਨ ਦਾ ਨਾਂ ਹੈ ਜੋ ਜੀਵਨ ਲਈ ਉਤਮ ਹੈ। ਸੌ ਵਿਦਿਆਰਥੀਆਂ ਦੀ ਕਲਾਸ 'ਚ ਜੇ ਇਕ ਵਿਦਿਆਰਥੀ ਵੀ ਇਧਰ ਉਧਰ ਦੇਖੇ, ਅਧਿਆਪਕ ਨੂੰ ਧਿਆਨ ਨਾਲ ਨਾ ਸੁਣੇ ਤਾਂ ਅਧਿਆਪਕ ਨੂੰ ਉਹ ਭੈੜਾ ਲਗਦਾ ਹੈ। ਪਰ ਜੇ ਸੌ ਵਿਦਿਆਰਥੀਆਂ ਦੀ ਕਲਾਸ ਆਪਣੇ ਅਧਿਆਪਕ ਨੂੰ ਕਹੇ, "ਅਸੀਂ ਤਾਂ ਕੈਨਟੀਨ 'ਚ ਬੈਠਾਂਗੇ, ਫਿਲਮ ਦੇਖਣ ਜਾਵਾਂਗੇ ਜਾਂ ਹੋਰ ਜੋ ਸਾਨੂੰ ਜ਼ਰੂਰੀ ਜਾਂ ਚੰਗਾ ਲੱਗਦਾ ਹੈ ਉਹ ਕਰਾਂਗੇ, ਤੁਹਾਨੂੰ ਪੜ੍ਹਾਉਣ ਦੀ ਪੂਰੀ ਫੀਸ ਤਾਰੀ ਹੋਈ ਹੈ, ਤੁਸੀਂ 40 ਮਿੰਟ ਖਾਲੀ ਕਲਾਸ ਰੂਮ ਨੂੰ ਪੜ੍ਹਾਓ, ਸਾਡੇ 'ਚੋਂ ਇਕ ਜਣਾ ਵਾਰੀ ਵਾਰੀ ਤੁਹਾਨੂੰ ਚੈੱਕ ਕਰਦਾ ਰਹੇਗਾ।"

**ਗੁਰਬਾਣੀ ਪਾਠ ਹੋਣ ਦਾ ਮਤਲਬ ਹੈ ਕਿ ਗੁਰੂ ਸਾਹਿਬ ਬੋਲ ਰਹੇ ਹਨ। ਅਸੀਂ ਅਖੰਡ ਪਾਠ ਖੋਲ੍ਹ ਕੇ ਗੁਰੂ ਨੂੰ 48 ਘੰਟੇ ਨਾਨ-ਸਟਾਪ ਬੋਲਦੇ ਰਹਿਣ ਲਈ ਕਹਿ ਦਿੰਦੇ ਹਾਂ ਅਤੇ ਆਪ ਉਸ ਨੂੰ ਸੁਣੀਏ ਨਾ ਸੁਣੀਏ ਸਾਡੀ ਮਰਜੀ। ਸ਼ਾਇਦ ਇਹ ਦੁਨੀਆਂ ਦਾ ਸਭ ਤੋਂ ਵੱਡਾ ਨਿਰਾਦਰ ਅਤੇ ਮਜ਼ਾਕ ਹੈ ਜੋ ਅਸੀਂ ਸਿੱਖ ਅਖਵਾਉਣ ਵਾਲੇ ਲੋਕ ਆਪਣੇ ਗੁਰੂ ਨਾਲ ਕਰਦੇ ਹਾਂ।**

ਅਨੁਮਾਨ ਲਗਾਓ ਉਸ ਅਧਿਆਪਕ 'ਤੇ ਕੀ ਬੀਤੇਗੀ, ਉਹ ਅਧਿਆਪਕ ਉਹਨਾਂ ਵਿਦਿਆਰਥੀਆਂ ਨੂੰ ਕਿਹੋ ਜਿਹਾ ਪਿਆਰ ਕਰੇਗਾ, ਕਿਵੇਂ ਇਮਤਿਹਾਨਾਂ 'ਚੋਂ ਪਾਸ ਕਰਾਏਗਾ, ਉਹਨਾਂ ਦਾ ਕਿੰਨਾ ਕੁ ਸ਼ੁਭਚਿੰਤਕ ਹੋਵੇਗਾ, ਕਿਹੋ ਜਿਹੀਆਂ ਅਸੀਸਾਂ ਦੇਵੇਗਾ? ਉਹ ਅਧਿਆਪਕ ਉਹਨਾਂ ਵਿਦਿਆਰਥੀਆਂ ਦਾ ਕੀ ਲਗਦਾ ਹੈ? ਅਜਿਹੇ ਵਿਦਿਆਰਥੀ ਉਸ ਅਧਿਆਪਕ ਦੇ ਕੀ ਲਗਦੇ ਹਨ?

ਅਸੀਂ ਆਪਣੇ ਗੁਰੂ ਨਾਲ ਤਾਂ ਇਸ ਤੋਂ ਵੀ ਮਾੜੀ ਕਰਦੇ ਹਾਂ। ਗੁਰਬਾਣੀ ਪਾਠ ਹੋਣ ਦਾ ਮਤਲਬ ਹੈ ਕਿ ਗੁਰੂ ਸਾਹਿਬ ਬੋਲ ਰਹੇ ਹਨ। ਅਸੀਂ ਅਖੰਡ ਪਾਠ ਖੋਲ੍ਹ ਕੇ ਗੁਰੂ ਨੂੰ 48 ਘੰਟੇ ਨਾਨ-ਸਟਾਪ ਬੋਲਦੇ ਰਹਿਣ ਲਈ ਕਹਿ ਦਿੰਦੇ ਹਾਂ ਅਤੇ ਆਪ ਉਸ ਨੂੰ ਸੁਣੀਏ ਨਾ ਸੁਣੀਏ ਸਾਡੀ ਮਰਜੀ। ਸ਼ਾਇਦ ਇਹ ਦੁਨੀਆਂ ਦਾ ਸਭ ਤੋਂ ਵੱਡਾ ਨਿਰਾਦਰ ਅਤੇ ਮਜ਼ਾਕ ਹੈ ਜੋ ਅਸੀਂ ਸਿੱਖ ਅਖਵਾਉਣ ਵਾਲੇ ਲੋਕ ਆਪਣੇ ਗੁਰੂ ਨਾਲ ਕਰਦੇ ਹਾਂ। ਜੇ ਹੋਰ ਕੋਈ ਸਾਡੇ ਗੁਰੂ ਦਾ ਮਾੜਾ ਜਿਹਾ ਵੀ ਮਜ਼ਾਕ ਉਡਾਵੇ ਤਾਂ ਸਾਡੇ 'ਹਿਰਦੇ ਵਲੂੰਧਰੇ' ਜਾਂਦੇ ਹਨ, ਅਸੀਂ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਹਾਂ, ਪਰ ਦੇਖ ਲਓ ਆਪ ਕੀ ਕਰਦੇ ਹਾਂ? ਘਰ 'ਚ ਜਦ ਪਾਠ ਖੁੱਲ੍ਹਦਾ ਹੈ ਤਾਂ ਇਹ ਓਨਾ ਚਿਰ ਸ਼ੁਰੂ ਨਹੀਂ ਹੁੰਦਾ ਜਦ ਤੱਕ ਪਾਠ ਕਰਨ ਵਾਲਿਆਂ ਦੀ ਮਰਿਯਾਦਾ ਅਨੁਸਾਰ ਸਾਰੀਆਂ ਰਸਦਾਂ ਵਸਤਾਂ ਪੇਸ਼ ਨਹੀਂ ਹੋ ਜਾਂਦੀਆਂ। ਮਰਿਯਾਦਾ ਦੇ ਨਾਂ 'ਤੇ ਚਲਦੇ ਕਰਮ ਕਾਂਡਾਂ ਦੀ ਜਗ੍ਹਾ ਪਾਠੀ ਸਿੰਘਾਂ ਨੂੰ ਕਹਿਣਾ ਚਾਹੀਦਾ ਹੈ ਕਿ ਜਿੰਨਾ ਚਿਰ ਕਿਸੇ ਨੇ ਸੁਣਨਾ ਨਹੀਂ ਅਸੀਂ ਪਾਠ ਨਹੀਂ ਕਰਨਾ। ਵੱਡੇ ਅਸਥਾਨਾਂ ਦੇ ਪ੍ਰਬੰਧਕਾਂ ਨੂੰ ਵੀ ਕੀਤੇ ਕਰਾਏ ਅਤੇ ਅਣਸੁਣੇ ਪਾਠ ਵੇਚਣ ਦੀ ਰੀਤ ਬੰਦ ਕਰਨ ਬਾਰੇ ਸੋਚਣਾ

*Original with;*
Jaswant Singh Zafar
*Digitized by;*
Panjab Digital Library

ਚਾਹੀਦਾ ਹੈ। ਪਰ ਜਿਵੇਂ ਪੰਜਾਬ 'ਚ ਕਿਸੇ ਪੰਥਕ ਸਰਕਾਰ ਲਈ ਵੀ ਸ਼ਰਾਬ ਦਾ ਕਾਰੋਬਾਰ ਬੰਦ ਕਰਨਾ ਲਗਪਗ ਅਸੰਭਵ ਹੈ ਕਿਉਂਕਿ ਸਰਕਾਰ ਦੀ ਗੱਡੀ ਸ਼ਰਾਬ ਦੀ ਆਮਦਨ ਨਾਲ ਚੱਲਦੀ ਹੈ, ਉਸੇ ਤਰ੍ਹਾਂ ਠੇਕੇ 'ਤੇ ਕੀਤੇ ਜਾਂਦੇ ਅਖੰਡ ਪਾਠਾਂ ਦਾ ਕਾਰੋਬਾਰ ਬੰਦ ਕਰਨਾ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਕਾਂ ਲਈ ਵੀ ਸ਼ਾਇਦ ਮੁਸ਼ਕਲ ਹੋਵੇ ਕਿਉਂਕਿ ਇਹਨਾਂ ਵੱਡੀਆਂ ਕਮੇਟੀਆਂ ਦੀ ਗੱਡੀ ਵੀ ਮੁੱਖ ਤੌਰ 'ਤੇ ਅਖੰਡ ਪਾਠਾਂ ਦੀ ਆਮਦਨ ਨਾਲ ਹੀ ਚਲਦੀ ਹੈ। ਫਿਰ ਵੀ ਆਮਦਨ ਦੇ ਬਦਲਵੇਂ ਪ੍ਰਬੰਧਾਂ ਬਾਰੇ ਸੋਚਣਾ ਚਾਹੀਦਾ ਹੈ ਜੋ ਗੁਰਮਤਿ ਅਨੁਸਾਰੀ ਹੋਣ।

ਸਿੱਖ ਨੇ ਜੇ ਸਚਮੁਚ ਜਗਤ ਤੋਂ 'ਨਿਆਰਾ' ਹੋਣਾ ਹੈ ਤਾਂ ਇਸ ਨੂੰ ਆਪਣੇ ਗੁਰੂ ਦੀ ਗੱਲ ਨਾ ਕੇਵਲ ਸੁਣਨੀ ਸਗੋਂ ਵਿਚਾਰਨੀ, ਮੰਨਣੀ ਅਤੇ ਅਪਨਾਉਣੀ ਪਏਗੀ। ਪਰਮਾਨੰਦ ਜੀ ਦੇ ਇਸ ਸ਼ਬਦ ਅਨੁਸਾਰ ਉਸ ਨੂੰ ਸਾਰੇ ਜੀਵਾਂ 'ਚ ਵਸਦੇ ਪ੍ਰਮੇਸ਼ਰ ਦੀ ਯਾਦ ਅਤੇ ਵੈਰਾਗ ਦਾ ਧਾਰਨੀ ਬਣ ਕੇ ਆਪਣੇ ਅੰਦਰੋਂ ਕਾਮ, ਕਰੋਧ, ਲੋਭ, ਨਿੰਦਾ ਅਤੇ ਹਿੰਸਾ ਤਿਆਗਣੇ ਪੈਣਗੇ ਅਤੇ ਸਾਰੇ ਜੀਵਾਂ ਪ੍ਰਤੀ ਦਇਆ ਬਿਰਤੀ ਧਾਰਨ ਕਰਨੀ ਪਏਗੀ। ਹੋਰਾਂ ਦੀ ਲੁੱਟ-ਖਸੁੱਟ, ਠੱਗੀ-ਠੋਰੀ, ਸ਼ੋਸ਼ਨ, ਰਿਸ਼ਵਤ ਆਦਿ ਦੀ ਬਜਾਏ ਕਿਰਤ ਦੀ ਕਮਾਈ ਨਾਲ ਨਾ ਕੇਵਲ ਸੰਤੋਖ ਕਰਨਾ ਪਏਗਾ ਸਗੋਂ ਉਸ ਵਿਚੋਂ ਗਰੀਬ ਲੋੜਵੰਦ ਦੀ ਸਹਾਇਤਾ ਕਰਨੀ ਪਏਗੀ। ਜਿੰਨਾ ਚਿਰ ਅਸੀਂ ਕੇਵਲ ਆਪਣੇ ਭੇਖ ਕਰਕੇ 'ਨਿਆਰੇ' ਹੋਣ ਦਾ ਭਰਮ ਪਾਲਾਂਗੇ ਤਦ ਤੱਕ ਗੁਰੂ ਸਾਹਿਬ ਸਾਨੂੰ 'ਦਰ ਦਰ ਭਟਕਣ ਅਤੇ ਭੌਂਕਣ ਵਾਲੇ' ਕਹਿ ਕੇ ਫਿਟਕਾਰਨਗੇ। ਬਾਕੀ ਭੇਖ ਕਰਕੇ ਅਮਰੀਕਾ ਦੀ 9/11 ਦੀ ਘਟਨਾ ਤੋਂ ਬਾਅਦ ਸਿੱਖਾਂ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵਾਪਰੀਆਂ ਘਟਨਾਵਾਂ ਨਾਲ ਸਾਬਤ ਹੋ ਚੁੱਕਾ ਹੈ ਕਿ ਅਸੀਂ ਆਪਣੀ ਬਾਹਰੀ ਦਿੱਖ ਕਾਰਨ ਕਈ ਹੋਰਾਂ ਨਾਲ ਰਲਦੇ ਮਿਲਦੇ ਹਾਂ, ਵੱਖਰੇ ਜਾਂ ਨਿਆਰੇ ਨਹੀਂ ਹਾਂ। ਅਸਲ ਨਿਆਰਾਪਨ ਤਾਂ ਆਪਣੇ ਚੰਗੇ ਆਚਾਰ, ਵਿਹਾਰ ਅਤੇ ਕਿਰਦਾਰ ਨਾਲ ਸਥਾਪਤ ਅਤੇ ਸਿੱਧ ਕਰਨਾ ਪੈਣਾ ਹੈ।

*Original with;*
Jaswant Singh Zafar
*Digitized by;*
Panjab Digital Library

## ॥ ਸੂਰਦਾਸ: ਜਿਨ ਮੁਖਿ ਲੋਇਣ ਨਾਹਿ ॥



*Original with;*
Jaswant Singh Zafar
*Digitized by;*
Panjab Digital Library



ਜਨਮ ਤੋਂ ਨੇਤਰਹੀਨ ਭਗਤ ਸੂਰਦਾਸ ਜੀ ਦਾ ਜਨਮ ਮਥੁਰਾ-ਆਗਰਾ ਦੇ ਇਲਾਕੇ ਵਿਚ 1478 ਤੋਂ 1484 ਦੇ ਦਰਮਿਆਨ ਭਾਵ ਗੁਰੂ ਨਾਨਕ ਤੋਂ 10-15 ਸਾਲ ਬਾਅਦ ਹੋਇਆ। ਉਹਨਾਂ ਦੇ ਜੀਵਨ ਦਾ ਬਹੁਤਾ ਸਮਾਂ ਕ੍ਰਿਸ਼ਨ-ਭੂਮੀ ਬ੍ਰਜ ਵਿਖੇ ਬਤੀਤ ਹੋਇਆ। ਆਪ ਕ੍ਰਿਸ਼ਨ ਭਗਤੀ ਨਾਲ ਸਬੰਧਤ ਵੱਲਵ ਸੰਪ੍ਰਦਾਇ ਦੇ ਮੁਖੀ ਵੱਲਵਾਚਾਰੀਆ ਦੇ ਸਿੱਖ ਸਨ। ਇਸ ਸੰਪਰਦਾਇ ਨਾਲ ਸਬੰਧਤ ਪ੍ਰਸਿੱਧ ਅੱਠ ਸੰਤਾਂ ਵਿਚੋਂ ਉਹਨਾਂ ਨੂੰ ਸ੍ਰੇਸ਼ਟ ਮੰਨਿਆਂ ਜਾਂਦਾ ਹੈ। ਸੂਰ ਸਰਾਵਲੀ, ਸੂਰ ਸਾਗਰ ਅਤੇ ਸਹਿਤਯ ਲਹਿਰੀ ਉਹਨਾਂ ਦੁਆਰਾ ਰਚਿਤ ਕਾਵਿ ਗਰੰਥ ਹਨ। ਭਗਤੀ ਕਾਵਿ ਦੇ ਉੱਘੇ ਸੁਖ਼ਨਵਰ ਹੋਣ ਦੇ ਨਾਲ-ਨਾਲ ਆਪ ਉੱਚ ਕੋਟੀ ਦੇ ਸੰਗੀਤ ਅਚਾਰੀਆ ਅਤੇ ਗਾਇਕ ਸਨ। ਉਹਨਾਂ ਦੇ ਜੀਵਨ ਬਾਰੇ ਜ਼ਿਆਦਾ ਜਾਣਕਾਰੀ ਉਪਲਭਦ ਨਹੀਂ ਹੈ।

ਹੁਣ ਤੱਕ ਅਸੀਂ ਜਿਹੜੇ ਭਗਤ ਬਾਣੀਕਾਰਾਂ ਬਾਰੇ ਵਿਚਾਰ ਕੀਤੀ ਹੈ ਉਹ ਸਭ ਸੂਰਦਾਸ ਜੀ ਤੋਂ ਪਹਿਲਾਂ ਹੋਏ ਹਨ। ਇਸ ਕਰਕੇ ਉਹਨਾਂ ਦੀ ਬਾਣੀ ਵਿਚ ਸੂਰਦਾਸ ਜੀ ਦਾ ਕੋਈ ਜਿਕਰ ਨਹੀਂ ਹੈ। ਉਹਨਾਂ ਬਾਰੇ ਭੱਟਾਂ ਦੇ ਸਵੱਈਆਂ ਵਿਚ ਵੀ ਕੋਈ ਆਲੇਖ ਨਹੀਂ ਹੈ। ਗੁਰੂ ਗਰੰਥ ਸਾਹਿਬ ਦੇ ਪੰਨਾ 1253 ਉੱਤੇ ਸਾਰੰਗ ਰਾਗ ਵਿਚ ਭਗਤ ਸੂਰਦਾਸ ਜੀ ਦਾ ਕੇਵਕ ਇਕ ਸਤਰ ਦਾ ਸ਼ਬਦ ਹੀ ਮੌਜੂਦ ਹੈ:

**ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥**

ਸੂਰਦਾਸ ਜੀ ਮੁੱਖ ਤੌਰ 'ਤੇ ਭਾਵੇਂ ਸਰਗੁਣ ਧਾਰਾ ਦੇ ਸੰਤ ਸਨ ਪਰ ਉਪਰੋਕਤ ਸਤਰ ਨਿਰਗੁਣੀ ਵਿਚਾਰ ਦੇ ਢੰਗ ਦੀ ਹੈ। ਇਸ ਦੀ ਵਿਆਖਿਆ ਅਤੇ ਵਿਸਥਾਰ ਲਈ ਗੁਰੂ ਅਰਜਨ ਦੇਵ ਜੀ ਨੇ ਇਸ ਦੇ ਨਾਲ ਲੱਗਵਾਂ ਛੇ ਸਤਰਾਂ ਦਾ ਸ਼ਬਦ ਰਚਿਆ ਹੈ ਜਿਸ ਵਿਚ ਉਹਨਾਂ ਨੇ ਹਰਿ ਨੂੰ ਇਕ ਵਾਰ 'ਸਿਆਮ ਸੁੰਦਰ' ਕਹਿ ਕੇ ਸੂਰਦਾਸ ਜੀ ਦੀ ਸਮੁੱਚੀ ਰਚਨਾ ਦੀ ਤਾਸੀਰ ਦੀ ਸੂਚਨਾ ਵੀ ਦਿੱਤੀ ਹੈ:

**ਹਰਿ ਕੇ ਸੰਗ ਬਸੇ ਹਰਿ ਲੋਕ ॥**
**ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ**

*Original with;*
Jaswant Singh Zafar
*Digitized by;*
Panjab Digital Library

***ਅਨਦ ਸਹਜ ਧੁਨਿ ਝੋਕ ॥ਰਹਾਉ॥***
***ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥***
***ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥***
***ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥***
***ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥*** *(1253, ਮ.5)*

ਗੁਰੂ ਅਰਜਨ ਦੇਵ ਜੀ ਨੇ ਫ਼ਰੀਦ ਦੇ ਸਲੋਕਾਂ ਵਿਚ ਜੋ ਆਪਣੇ ਸਲੋਕ ਰਚੇ ਹਨ ਉਹਨਾਂ ਵਿਚ ਆਪਣੇ ਆਪ ਨੂੰ ਫ਼ਰੀਦ ਅਤੇ ਕਬੀਰ ਬਾਣੀ ਦੇ ਵਿਚ ਜੋ ਆਪਣੀ ਬਾਣੀ ਦਰਜ ਕੀਤੀ ਉਸ ਵਿਚ ਆਪਣੇ ਆਪ ਨੂੰ ਕਬੀਰ ਲਿਖਿਆ ਹੈ। ਬਿਲਕੁਲ ਉਸੇ ਤਰ੍ਹਾਂ ਇਸ ਸ਼ਬਦ ਦੀ ਅੰਤਲੀ ਸਤਰ ਵਿਚ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਸੂਰਦਾਸ ਕਿਹਾ ਹੈ। ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਆਪ ਤੋਂ ਪਹਿਲਾਂ ਹੋਏ ਭਗਤਾਂ ਦੀ ਬਾਣੀ ਦੇ ਨਾਲ ਵਿਆਖਿਆ ਜਾਂ ਵਾਧੇ ਲਈ ਆਪਣੇ ਵਲੋਂ ਰਚੇ ਸ਼ਬਦ ਦਰਜ ਕਰਦਿਆਂ ਆਪਣੇ ਆਪ ਨੂੰ ਉਹਨਾਂ ਭਗਤਾਂ ਦੀ ਜੋਤ ਕਿਹਾ, ਉਹਨਾਂ ਨੂੰ ਆਪਣੇ ਪੁਰਖੇ ਮੰਨਿਆਂ। ਮਾਤਰਾ ਅਨੁਸਾਰ ਗੁਰੂ ਗਰੰਥ ਸਾਹਿਬ ਵਿਚ ਸੂਰਦਾਸ ਜੀ ਦੀ ਬਾਣੀ ਸਭ ਤੋਂ ਘੱਟ ਹੈ ਪਰ ਗੁਰੂ ਸਾਹਿਬ ਦੇ ਮਨ ਵਿਚ ਉਹਨਾਂ ਪ੍ਰਤੀ ਆਦਰ ਬਹੁਤ ਵੱਡਾ ਹੈ। ਗੁਰੂ ਗਰੰਥ ਸਾਹਿਬ ਅੰਦਰ ਉਹਨਾਂ ਦੀ ਹਾਜ਼ਰੀ ਦਾ ਵੱਡਾ ਮਹੱਤਵ ਹੈ।

ਗੁਰੂ ਅੰਗਦ ਸਾਹਿਬ ਦੇਵ ਜੀ ਨੇ ਜਦ ਹੇਠ ਲਿਖਿਆ ਸਲੋਕ ਉਚਾਰਨ ਕੀਤਾ ਹੋਵੇਗਾ ਤਾਂ ਨਿਸਚਿਤ ਤੌਰ 'ਤੇ ਉਹਨਾਂ ਦੇ ਧਿਆਨ ਵਿਚ ਸੂਰਦਾਸ ਜੀ ਦੀ ਸ਼ਖ਼ਸੀਅਤ ਹੋਵੇਗੀ:

***ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥***
***ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥*** *(954, ਮ.2)*

ਕਿ ਅੰਨ੍ਹੇ ਉਹ ਨਹੀਂ ਹੁੰਦੇ ਜਿਹਨਾਂ ਦੀਆਂ ਅੱਖਾਂ ਨਹੀਂ ਹੁੰਦੀਆਂ ਸਗੋਂ ਅੰਨੇ ਤਾਂ ਈਸ਼ਵਰ ਤੋਂ ਬੇਮੁੱਖ ਹੋਇਆਂ ਨੂੰ ਕਹੀਦਾ ਹੈ। ਅਜਿਹੇ ਬੇਮੁਖਾਂ ਦੀ ਸੰਗਤ ਛੱਡਣ ਲਈ ਹੀ ਤਾਂ ਸੂਰਦਾਸ ਜੀ ਕਹਿੰਦੇ ਹਨ:

***ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥*** *(1253, ਸੂਰਦਾਸ ਜੀ)*



Original with
Jaswant Singh Zafar
Digitized by;
Panjab Digital Library



*Original with;*
Jaswant Singh Zafar
*Digitized by;*
Panjab Digital Library

## ਜਸਵੰਤ ਸਿੰਘ ਜ਼ਫ਼ਰ



ਜਸਵੰਤ ਸਿੰਘ ਜ਼ਫ਼ਰ ਬੁੱਧ ਵਿਵੇਕ ਨਾਲ ਵਰੋਸਾਇਆ ਹੋਇਆ ਕਵੀ ਅਤੇ ਚਿੰਤਕ ਹੈ। ਗੁਰਬਾਣੀ ਦੀ ਲੋਏ ਗੁਰਮਤਿ ਵਿਚਾਰਧਾਰਾ ਦੇ ਮਾਰਗ ਨੂੰ ਦੇਖਣ ਅਤੇ ਦਰਸਾਉਣ ਦੀ ਸੁਹਿਰਦ ਕੋਸ਼ਿਸ਼ ਉਸ ਦੀ ਕਵਿਤਾ ਅਤੇ ਵਾਰਤਕ ਦਾ ਵੱਡਾ ਸਰੋਕਾਰ ਹੈ। ਉਸ ਦੀ ਇਹ ਪੁਸਤਕ 'ਭਗਤੁ ਸਤਿਗੁਰੂ ਹਮਾਰਾ' ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਦੀ ਬਾਣੀ ਬਾਰੇ ਅਦੁੱਤੀ ਪੁਸਤਕ ਹੈ। ਖੋਜੀ ਉਪਜੈ ਬਾਦੀ ਬਿਨਸੈ ਦੇ ਮਹਾਵਾਕ ਤੋਂ ਪ੍ਰੇਰਿਤ, ਗਿਆਨ ਅਤੇ ਪ੍ਰੇਮ ਨਾਲ ਰੌਸ਼ਨ ਇਸ ਪੁਸਤਕ ਵਿਚ ਭਗਤਾਂ ਦੀ ਬਾਣੀ ਦੇ ਮਹੱਤਵ ਅਤੇ ਯੋਗਦਾਨ ਦੀ ਗੱਲ ਪਹਿਲੀ ਵਾਰ ਏਨੀ ਸ਼ਿੱਦਤ ਅਤੇ ਬਾਰੀਕਬੀਨੀ ਨਾਲ ਕੀਤੀ ਗਈ ਹੈ। ਇਹ ਪੁਸਤਕ ਮਨ ਵਿਚ ਨਵੀਆਂ ਸੋਚਾਂ, ਨਵੀਆਂ ਧਾਰਨਾਵਾਂ, ਸੱਜਰੀਆਂ ਭਾਵਨਾਵਾਂ ਅਤੇ ਭਵਿੱਖ ਲਈ ਨਵੇਂ ਉੱਦਮਾਂ ਦੀ ਪ੍ਰੇਰਣਾ ਜਗਾਉਂਦੀ ਹੈ।

*Original with;*
Jaswant Singh Zafar
*Digitized by;*
Panjab Digital Library

**ਸਿਧਾਰਥ**



ਸਿਧਾਰਥ ਭਾਰਤ ਦਾ ਨਾਮਵਰ ਕਲਾਕਾਰ ਹੈ। ਪੰਜਾਬ ਦਾ ਜੰਮਪਲ ਪਰ ਅਜਕਲ ਗ੍ਰੇਟਰ ਨਿਓਡਾ ਰਹਿੰਦਾ ਹੈ। ਸਿਧਾਰਥ ਦੀ ਕਲਾ ਪੰਜਾਬ ਦੀ ਸਾਂਸਕ੍ਰਿਤਕ ਸਿਮਰਤੀ ਵਿਚੋਂ ਉਦੇ ਹੁੰਦੀ ਹੈ। ਰੇਖਾਵਾਂ ਨਾਨਕ ਤੇ ਮਰਦਾਨੇ ਦੀਆਂ ਉਦਾਸੀਆਂ ਵਿਚੋਂ ਆਉਦੀਆਂ ਹਨ, ਰੰਗ ਪਿੰਡ ਦੇ ਛੱਪੜ ਦੀ ਮਿੱਟੀ ਵਿਚੋਂ।

*Original with;*
Jaswant Singh Zafar
*Digitized by;*
Panjab Digital Library

### ਪ੍ਰੀਤਇੰਦਰ ਸਿੰਘ ਬਾਜਵਾ



ਪ੍ਰੀਤਇੰਦਰ ਨਜ਼ਾਕਤ ਅਤੇ ਮੋਹ ਭਰਪੂਰ ਇਨਸਾਨ, ਇਕ ਸਮਝਦਾਰ ਕਿਸਾਨ, ਕਵੀ ਅਤੇ ਸਿਖਿਅਤ ਗ੍ਰਾਫ਼ਿਕ ਡਿਜ਼ਾਇਨਰ ਹੈ। ਉਸ ਦੀ ਡਿਜ਼ਾਇਨ-ਸ਼ੈਲੀ ਕਿਤਾਬ ਦੀ ਲਿਖਤ ਤੋਂ ਪਹਿਲਾਂ ਮੁਖ਼ਾਤਿਬ ਹੁੰਦੀ ਹੈ। ਮਾਲਵੇ ਦੇ ਸਦੂਰ ਸ਼ਹਿਰ ਮੁਕਤਸਰ ਦਾ ਰਹਿਣ ਵਾਲਾ, ਪੰਜਾਬੀ ਦੇ ਫ਼ੌਂਟਾਂ ਵੱਲ ਵੀ ਧਿਆਨਸ਼ੀਲ ਹੈ।

### ਸੰਦੀਪ ਸਿੰਘ



ਸੰਦੀਪ ਸਿੰਘ ਦਾ ਰੁਝਾਣ ਫ਼ੋਟੋਗ੍ਰਾਫ਼ੀ, ਲੇਖਣ ਅਤੇ ਪੜ੍ਹਣ-ਪੜ੍ਹਾਉਣ ਵੱਲ ਹੈ। ਉਸ ਦੀ ਫ਼ੋਟੋਗ੍ਰਾਫ਼ੀ ਦੀਆਂ ਬਹੁਤ ਸਾਰੀਆਂ ਪ੍ਰਦਰਸ਼ਣੀਆਂ ਲੱਗ ਚੁੱਕੀਆਂ ਹਨ। ਉਸ ਦੀ ਸੰਦੀਪ ਸਿੰਘ ਨਾਲ ਸਾਂਝੀ ਕਿਤਾਬ 'ਜ਼ਿੰਦਗੀ ਦੇ ਰੰਗ' ਬਹੁਤ ਹੀ ਪਸੰਦ ਕੀਤੀ ਗਈ ਹੈ। ਉਹ ਪੁਸਤਕਾਂ ਦੇ ਸੁਹਜ ਪ੍ਰਤੀ ਬਹੁਤ ਹੀ ਸੁਚੇਤ ਹੈ। ਇਸ ਕਿਤਾਬ ਦੀ ਛਪਾਈ ਪ੍ਰਕਿਰਿਆ ਵਿੱਚ ਉਸ ਦਾ ਵੱਡਮੁਲਾ ਯੋਗਦਾਨ ਹੈ।

### ਹਰਦੀਪ ਸਿੰਘ



ਹਰਦੀਪ ਸਿੰਘ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ ਕਲਾ ਨਾਲ ਜੁੜਿਆ ਹੈ। ਜਿਨ੍ਹਾਂ ਵਿੱਚ ਪੜਦਾਦਾ ਭਾਈ ਗਿਆਨ ਸਿੰਘ 'ਨੱਕਾਸ਼', ਦਾਦਾ ਜੀ ਐੱਸ ਸੋਹਨ ਸਿੰਘ ਅਤੇ ਪਿਤਾ ਸਤਪਾਲ 'ਦਾਨਿਸ਼' ਦਾ ਨਾਂ ਸੁਨਿਹਰੀ ਅੱਖਰਾਂ ਵਿੱਚ ਦਰਜ ਹੈ। ਹਰਦੀਪ ਸਿੰਘ ਨੇ ਅੱਖਰਕਾਰੀ (ਕੈਲੀਗ੍ਰਾਫ਼ੀ) ਨੂੰ ਇਕ ਵੱਖਰੇ ਤਰ੍ਹਾਂ ਦਾ ਯੋਗਦਾਨ ਦਿੱਤਾ ਹੈ। ਉਸ ਦੀ ਸੰਦੀਪ ਸਿੰਘ ਨਾਲ ਸਾਂਝੀ ਕਿਤਾਬ 'ਜ਼ਿੰਦਗੀ ਦੇ ਰੰਗ' ਇਸ ਦੀ ਮਿਸਾਲ ਹੈ। ਹੱਥਲੀ ਕਿਤਾਬ ਵਿੱਚ ਅੱਖਰਕਾਰੀ ਉਸ ਦੁਆਰਾ ਕੀਤੀ ਗਈ ਹੈ।

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

B-089572



ਇਸ ਪੁਸਤਕ ਦਾ ਉਦੇਸ਼ ਗੁਰਮਤਿ ਦੇ ਪ੍ਰਸੰਗ ਵਿਚ ਇਹਨਾਂ ਮੁਢਲੇ ਬਾਣੀਕਾਰਾਂ ਦੇ ਮਹੱਤਵ ਨੂੰ ਜਾਨਣਾ, ਵਿਚਾਰਨਾ ਅਤੇ ਉਭਾਰਨਾ ਹੈ। ਗੁਰੂ ਅਰਜਨ ਸਾਹਿਬ ਇਕ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੂੰ ਬਾਲਮੀਕ ਜੀ ਅਤੇ ਧਰੂ ਭਗਤ ਤੋਂ ਚਲੀ ਆ ਰਹੀ ਭਗਤੀ ਪਰੰਪਰਾ ਦੀ ਕਹਾਣੀ ਦੇ ਪ੍ਰਵਾਹ ਦੀ ਲਗਾਤਾਰਤਾ ਵਜੋਂ ਦੇਖਦੇ ਅਤੇ ਧਿਆਉਂਦੇ ਹਨ। ਸ਼ਬਦ ਵਿਚ ਇਸ ਪਰੰਪਰਾ ਦੇ ਇਹਨਾਂ ਸਮੂਹ ਸੰਤਾਂ ਭਗਤਾਂ ਨੂੰ ਨਮੋ ਕੀਤਾ ਗਿਆ ਹੈ। ਸ਼ਬਦ ਸ਼ੁਰੂ ਇਸ ਤਰ੍ਹਾਂ ਕੀਤਾ ਗਿਆ ਹੈ:

**ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥**
**ਬਾਲਮੀਕੈ ਹੋਆ ਸਾਧਸੰਗੁ॥ ਧ੍ਰੂ ਕਉ ਮਿਲਿਆ ਹਰਿ ਨਿਸੰਗ॥** (1192, ਮ.5)

ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ:

**ਕਬੀਰਿ ਧਿਆਇਓ ਏਕ ਰੰਗ॥ ਨਾਮਦੇਵ ਹਰਿ ਜੀਉ ਬਸਹਿ ਸੰਗਿ॥**
**ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥** (1192, ਮ.5)

A Group of
Chetna Parkashan
Ludhiana | Kotkapura | Canada | USA
ISBN 93-5112175-5
9 789351 121756
*Bhagat Satguru Hamara*
₹ 795/-

*Original with;*
Jaswant Singh Zafar
*Digitized by;*
Panjab Digital Lib